ਜਗਤ ਗੁਰੂ ਨਾਨਕ ਦੇਵ
ਪੰਜਾਬ ਸਟੇਟ ਓਪਨ ਯੂਨੀਵਰਸਿਟੀ
ਪਟਿਆਲਾ

# JAGAT GURU NANAK DEV
# PUNJAB STATE OPEN UNIVERSITY, PATIALA

(Established by Act No. 19 of 2019 of the Legislature of State of Punjab)

## The Motto of the University
## (SEWA)

SKILL ENHANCEMENT    EMPLOYABILITY    WISDOM    ACCESSIBILITY




# ਐਮ ਏ ਪੰਜਾਬੀ
# ਸਮੈਸਟਰ ਤੀਜਾ
# ਬਾਰਵਾਂ ਪਰਚਾ : ਪੰਜਾਬੀ ਨਾਵਲ
# ਕੋਰਸ ਕੋਡ : PBIM21312T

SELF-INSTRUCTIONAL STUDY MATERIAL FOR JGND PSOU, ALL COPYRIGHTS WITH JGND PSOU, PATIALA

ADDRESS: C/28, The Lower Mall, Patiala-147001
WEBSITE: www.psou.ac.in

**JAGAT GURU NANAK DEV**

# PUNJAB STATE OPEN UNIVERSITY PATIALA

**(Established by Act No.19 of 2019 of Legislature of the State of Punjab)**

**PROGRAM COORDINATOR:**

**DR. AMARJIT SINGH**

**ASSISTANT PROFESSOR IN PUNJABI**

**COURSE COORDINATOR AND EDITOR:**

**DR. DHARMINDER SINGH**

**ASSISTANT PROFESSOR IN PUNJABI**

**JAGAT GURU NANAK DEV**

**PUNJAB STATE OPEN UNIVERSITY PATIALA**

**(Established by Act No.19 of 2019 of Legislature of the State of Punjab)**

# PREFACE

Jagat Guru Nanak Dev Punjab State Open University, Patiala was established in December 2019 by Act 19 of the Legislature of State of Punjab. It is the first and only Open University of the State, entrusted with the responsibility of making higher education accessible to all, especially to those sections of society who do not have the means, time or opportunity to pursue regular education.

In keeping with the nature of an Open University, this University provides a flexible education system to suit every need. The time given to complete a programme is double the duration of a regular mode programme. Well-designed study material has been prepared in consultation with experts in their respective fields.

The University offers programmes which have been designed to provide relevant, skill-based and employability-enhancing education. The study material provided in this booklet is self-instructional, with self-assessment exercises, and recommendations for further readings. The syllabus has been divided in sections, and provided as units for simplification.

The University has a network of 10 Learner Support Centres/Study Centres, to enable students to make use of reading facilities, and for curriculum-based counselling and practicals. We, at the University, welcome you to be a part of this instituition of knowledge.

Prof.G.S Batra

Dean Academic Affairs

## ਐਮ. ਏ. ਪੰਜਾਬੀ

## (ਸਮੈਸਟਰ– ਤੀਸਰਾ)

# ਬਾਰਵਾਂ ਪਰਚਾ : ਪੰਜਾਬੀ ਨਾਵਲ

**ਕੋਰਸ ਕੋਡ : PBIM21312T**

**ਕੁੱਲ ਅੰਕ : 100**
**ਬਾਹਰੀ ਮੁਲਾਂਕਣ:70**
**ਅੰਦਰੂਨੀ ਮੁਲਾਂਕਣ:30**
**ਪਾਸ: 40%**
**ਕ੍ਰੈਡਿਟ:4**

ਉਦੇਸ਼:

ਇਸ ਕੋਰਸ ਦਾ ਮੁੱਖ ਉਦੇਸ਼ ਵਿਦਿਆਰਥੀਆਂ ਨੂੰ ਅਲੱਗ- ਅਲੱਗ ਦਿਸ਼ਾਵਾਂ ਰਾਹੀਂ ਪੰਜਾਬੀ-ਨਾਵਲ ਨਾਲ ਜਾਣੂ ਕਰਵਾਉਣਾ ਹੈ।ਇਸ ਦੇ ਨਾਲ ਹੀ ਪੰਜਾਬੀ ਨਾਵਲ ਪਾਠਕ੍ਰਮ ਰਾਹੀਂ ਵਿਦਿਆਰਥੀਆਂ ਨੂੰ ਪੰਜਾਬੀ ਨਾਵਲ ਸੰਬੰਧੀ ਵੱਧ ਤੋਂ ਵੱਧ ਜਾਣਕਾਰੀ ਦੇਣ ਦਾ ਵੀ ਉਦੇਸ਼ ਹੈ।

**INSTRUCTIONS FOR THE PAPER SETTER/EXAMINER:**

1. The syllabus prescribed should be strictly adhered to.
2. The question paper will consist of three sections: A, B, and C. Sections A and B will have four questions each from the respective sections of the syllabus and will carry 10 marks each. The candidates will attempt two questions from each section.
3. Section C will have fifteen short answer questions covering the entire syllabus. Each question will carry 3 marks. Candidates will attempt any 10 questions from this section.
4. The examiner shall give a clear instruction to the candidates to attempt questions only at one place and only once. Second or subsequent attempts, unless the earlier ones have been crossed out, shall not be evaluated.
5. The duration of each paper will be three hours.

**INSTRUCTIONS FOR THE CANDIDATES:**

Candidates are required to attempt any two questions each from the sections A, and B of the question paper, and any ten short answer questions from Section C. They have to attempt questions only at one place and only once. Second or subsequent attempts, unless the earlier ones have been crossed out, shall not be evaluated.

**ਭਾਗ ੳ**- ਪੰਜਾਬੀ ਨਾਵਲ : ਸਿਧਾਂਤਕ ਪਰਿਪੇਖ

**ੳ.1** ਪੰਜਾਬੀ ਨਾਵਲ : ਇਤਿਹਾਸ
**ੳ.2** ਪੰਜਾਬੀ ਨਾਵਲ : ਪ੍ਰਵਿਰਤੀਆਂ

**ਭਾਗ ਅ–** ਨਾਨਕ ਸਿੰਘ : ਚਿੱਟਾ ਲਹੂ

ਨਾਨਕ ਸਿੰਘ : ਚਿੱਟਾ ਲਹੂ -ਵਿਚਾਰਧਾਰਾਈ ਅਧਿਐਨ
ਨਾਨਕ ਸਿੰਘ : ਚਿੱਟਾ ਲਹੂ -ਅਧਿਐਨ ਦ੍ਰਿਸ਼ਟੀ

**ਅ.1** ਗੁਰਦਿਆਲ ਸਿੰਘ: ਅਣਹੋਏ

ਗੁਰਦਿਆਲ ਸਿੰਘ: ਅਣਹੋਏ -ਵਿਚਾਰਧਾਰਾਈ ਅਧਿਐਨ
ਗੁਰਦਿਆਲ ਸਿੰਘ: ਅਣਹੋਏ -ਅਧਿਐਨ ਦ੍ਰਿਸ਼ਟੀ

**ਅ.2** ਮਿੱਤਰ ਸੈਨ ਮੀਤ : ਕੌਰਵ ਸਭਾ

ਮਿੱਤਰ ਸੈਨ ਮੀਤ : ਕੌਰਵ ਸਭਾ -ਵਿਚਾਰਧਾਰਾਈ ਅਧਿਐਨ
ਮਿੱਤਰ ਸੈਨ ਮੀਤ : ਕੌਰਵ ਸਭਾ -ਅਧਿਐਨ ਦ੍ਰਿਸ਼ਟੀ

**ਭਾਗ–ੲ**

ਭਾਗ ੳ.1, ੳ.2 ਅਤੇ ਅ.1 ਵਾਲੇ ਭਾਗਾਂ ਵਿੱਚੋਂ ਸੰਖੇਪ ਉੱਤਰਾਂ ਵਾਲੇ ਪ੍ਰਸ਼ਨ।
ਅੰਕ ਵੰਡ ਅਤੇ ਪੇਪਰ ਸੈਟਰ ਲਈ ਅੰਕ ਵੰਡ ਅਤੇ ਪੇਪਰ ਸੈਟਰ ਲਈ ਵਿਸ਼ੇਸ਼ ਹਦਾਇਤਾਂ
1. ਭਾਗ ੳ.1 ਵਿੱਚੋਂ ਪੰਜਾਬੀ ਨਾਵਲ : ਸਿਧਾਂਤਕ ਪਰਿਪੇਖ ਨਾਲ ਸੰਬੰਧ ਦੇ ਵਿਸ਼ਾ ਖੇਤਰ ਵਿੱਚੋਂ ਪ੍ਰਸ਼ਨ ਪੁੱਛਿਆ ਜਾਵੇਗਾ।
2. ਭਾਗ ੳ.1 ਵਿੱਚੋਂ ਪੰਜਾਬੀ ਨਾਵਲ : ਇਤਿਹਾਸ ਦੀ ਵਿਆਖਿਆ।
3. ਭਾਗ ੳ.2 ਪੰਜਾਬੀ ਨਾਵਲ : ਪ੍ਰਵਿਰਤੀਆਂ ਸਬੰਧੀ ਪ੍ਰਸ਼ਨ ਪੁੱਛਿਆ ਜਾਵੇਗਾ।
4. ਭਾਗ ੳ.2 ਪੰਜਾਬੀ ਨਾਵਲ : ਪ੍ਰਵਿਰਤੀਆਂ ਦੇ ਰੂਪਾਂ ਸਬੰਧੀ ਪ੍ਰਸ਼ਨ ਪੁੱਛਿਆ ਜਾਵੇਗਾ।
5. ਪੰਜਾਬੀ ਨਾਵਲ : ਸਿਧਾਂਤਕ ਪਰਿਪੇਖ ਦੇ ਨਾਲ ਸਬੰਧਤ ਵਰਣਾਤਮਕ ਪ੍ਰਸ਼ਨ ਪੁੱਛੇ ਜਾਣਗੇ।
6. ਨਾਨਕ ਸਿੰਘ : ਚਿੱਟਾ ਲਹੂ, ਗੁਰਦਿਆਲ ਸਿੰਘ: ਅਣਹੋਏ ਅਤੇ ਮਿੱਤਰ ਸੈਨ ਮੀਤ : ਕੌਰਵ ਸਭਾ ਵਿਚੋਂ ਵਿਵਹਾਰਕ ਪ੍ਰਸ਼ਨ ਪੁੱਛੇ ਜਾਣਗੇ।
7. ਸੰਖੇਪ ਉੱਤਰਾਂ ਵਾਲੇ ਪ੍ਰਸ਼ਨ- ੳ.1, ੳ.2 ਅਤੇ ਅ.1 ਵਾਲੇ ਭਾਗਾਂ ਵਿਚੋਂ ਪੁੱਛੇ ਜਾਣਗੇ।ਵਿਦਿਆਰਥੀਆਂ ਨੇ ਸਾਰੇ ਪ੍ਰਸ਼ਨਾਂ ਦੇ ਸੰਖੇਪ ਵਿਚ ਉੱਤਰ ਦੇਣੇ ਹੋਣਗੇ।

ਅੰਦਰੂਨੀ ਮੁਲਾਂਕਣ 30 ਅੰਕ
ਵਿਦਿਆਰਥੀ ਪਾਠਕ੍ਰਮ ਨਾਲ ਸਬੰਧਿਤ ਤਿੰਨ ਅਸਾਈਮੈਂਟਸ ਤਿਆਰ ਕਰਨਗੇ।ਇਹ ਤਿੰਨੇ ਅਸਾਇਨਮੈਂਟਸ: ਨਾਨਕ ਸਿੰਘ : ਚਿੱਟਾ ਲਹੂ, ਗੁਰਦਿਆਲ ਸਿੰਘ: ਅਣਹੋਏ ਅਤੇ ਮਿੱਤਰ ਸੈਨ ਮੀਤ : ਕੌਰਵ ਸਭਾ ਵਾਲੇ ਭਾਗ ਨਾਲ, ਪਾਠ ਕ੍ਰਮ ਵਿਚ ਨਿਰਧਾਰਿਤ ਵਿਸ਼ਿਆਂ ਨਾਲ ਹੀ ਸਬੰਧਤ ਹੋਣਗੀਆਂ।ਅੰਦਰੂਨੀ ਮੁਲਾਂਕਣ ਦੇ ਪ੍ਰਾਪਤ ਅੰਕ ਇਹਨਾਂ ਤਿੰਨਾਂ ਅਸਾਈਮੈਂਟਸ ਦੀ ਤਿਆਰ ਕੀਤੀ ਗਈ ਫਾਇਲ ’ਤੇ ਅਧਾਰਿਤ ਹੋਣਗੇ।

**ਸਹਾਇਕ ਪਾਠ-ਸਮੱਗਰੀ**

**ਖੋਜ-ਪੁਸਤਕਾਂ**

| **ਲੇਖਕ** | **ਸਾਲ** | **ਸਿਰਲੇਖ** | **ਪਬਲਿਸ਼ਰ** |
|---|---|---|---|
| ਗੁਰਪਾਲ ਸਿੰਘ | 2000 | ਪੰਜਾਬੀ ਨਾਵਲ ਦਾ ਇਤਿਹਾਸ | ਪੰਜਾਬੀ ਅਕਾਦਮੀ, ਦਿੱਲੀ |
| ਜੋਗਿੰਦਰ ਸਿੰਘ ਰਾਹੀ | 1992 | ਮਸਲੇ ਗਲਪ ਦੇ | ਨਾਨਕ ਸਿੰਘ, ਪੁਸਤਕ ਮਾਲਾ, ਅੰਮ੍ਰਿਤਸਰ |
| ਟੀ.ਆਰ ਵਿਨੋਦ | 2014 | ਪੰਜਾਬੀ ਨਾਵਲ | ਰਵੀ ਸਾਹਿਤ ਪ੍ਰਕਾਸ਼ਨ |

**ਸੰਬੰਧਿਤ ਪੁਸਤਕਾਂ**

| **ਲੇਖਕ** | **ਸਾਲ** | **ਸਿਰਲੇਖ** | **ਪਬਲਿਸ਼ਰ** |
|---|---|---|---|
| ਨਾਨਕ ਸਿੰਘ | 1950 | ਚਿੱਟਾ-ਲਹੂ | ਨਾਨਕ ਸਿੰਘ, ਪੁਸਤਕ ਮਾਲਾ, ਅੰਮ੍ਰਿਤਸਰ |
| ਮਿੱਤਰ ਸੈਨ ਮੀਤ | 2005 | ਕੌਰਵ ਸਭਾ | ਚੇਤਨਾ ਪ੍ਰਕਾਸ਼ਨ, ਲੁਧਿਆਣਾ |

# ਐਮ. ਏ. ਪੰਜਾਬੀ

## (ਸਮੈਸਟਰ– ਤੀਸਰਾ)

## ਬਾਰਵਾਂ ਪਰਚਾ : ਪੰਜਾਬੀ ਨਾਵਲ

**ਕੋਰਸ ਕੋਡ : PBIM21312T**

ਭਾਗ ੳ– ਪੰਜਾਬੀ ਨਾਵਲ : ਸਿਧਾਂਤਕ ਪਰਿਪੇਖ

ੳ.1 ਪੰਜਾਬੀ ਨਾਵਲ : ਇਤਿਹਾਸ
ੳ.2 ਪੰਜਾਬੀ ਨਾਵਲ : ਪ੍ਰਵਿਰਤੀਆਂ

ਭਾਗ ਅ– ਨਾਨਕ ਸਿੰਘ : ਚਿੱਟਾ ਲਹੂ

ਨਾਨਕ ਸਿੰਘ : ਚਿੱਟਾ ਲਹੂ –ਵਿਚਾਰਧਾਰਾਈ ਅਧਿਐਨ
ਨਾਨਕ ਸਿੰਘ : ਚਿੱਟਾ ਲਹੂ –ਅਧਿਐਨ ਦ੍ਰਿਸ਼ਟੀ

ਅ.1 ਗੁਰਦਿਆਲ ਸਿੰਘ: ਅਣਹੋਏ

ਗੁਰਦਿਆਲ ਸਿੰਘ: ਅਣਹੋਏ –ਵਿਚਾਰਧਾਰਾਈ ਅਧਿਐਨ
ਗੁਰਦਿਆਲ ਸਿੰਘ: ਅਣਹੋਏ –ਅਧਿਐਨ ਦ੍ਰਿਸ਼ਟੀ

ਅ.2 ਮਿੱਤਰ ਸੈਨ ਮੀਤ : ਕੌਰਵ ਸਭਾ

ਮਿੱਤਰ ਸੈਨ ਮੀਤ : ਕੌਰਵ ਸਭਾ –ਵਿਚਾਰਧਾਰਾਈ ਅਧਿਐਨ
ਮਿੱਤਰ ਸੈਨ ਮੀਤ : ਕੌਰਵ ਸਭਾ –ਅਧਿਐਨ ਦ੍ਰਿਸ਼ਟੀ

## ਪੰਜਾਬੀ ਨਾਵਲ ਦਾ ਇਤਿਹਾਸ/ ਵਿਕਾਸ ਰੇਖਾ/ ਪੰਜਾਬੀ ਨਾਵਲ ਦੇ ਝੁਕਾਅ

ਕਿਸੇ ਵੀ ਸਮਾਜਿਕ ਜਾਂ ਸੱਭਿਆਚਾਰਕ ਖਿੱਤੇ ਦੇ ਸਾਹਿਤ ਦੇ ਅਧਿਐਨ ਦੀ ਜਦੋਂ ਗੱਲ ਤੁਰਦੀ ਹੈ ਤਾਂ ਸਭ ਤੋਂ ਪਹਿਲਾਂ ਉਸ ਖਿੱਤੇ ਦੇ ਲੋਕ-ਸਾਹਿਤ ਵੱਲ ਧਿਆਨ ਜਾਂਦਾ ਹੈ। ਅਸਲ ਵਿਚ ਕਿਸੇ ਵਿਸ਼ੇਸ਼ ਖਿੱਤੇ ਦਾ ਲੋਕ-ਸਾਹਿਤ ਉੱਥੋਂ ਦੀ ਸਮਾਜਿਕ, ਸੱਭਿਆਚਾਰਕ ਅਤੇ ਸਾਂਸਕ੍ਰਿਤਕ ਪਰੰਪਰਾ ਦੀ ਪ੍ਰਤਿਨਿੱਧਤਾ ਕਰ ਰਿਹਾ ਹੁੰਦਾ ਹੈ । ਇਹੀ ਨਹੀਂ ਕਿਸੇ ਵੀ ਸੱਭਿਆਚਾਰ ਜਾਂ ਖਿੱਤੇ ਦੀਆਂ ਸਾਹਿਤਕ ਰਚਨਾਵਾਂ ਵਿਚ ਉਸ ਦੀ ਅੰਦਰਲੀ-ਬਾਹਰਲੀ ਸਮੁੱਚਤਾ ਦੇ ਨਾਲ ਨਾਲ ਉਸ ਖਿੱਤੇ ਦਾ ਇਤਿਹਾਸ ਅਤੇ ਭੂਗੋਲਿਕ ਸਥਿਤੀ ਵੀ ਉਸੇ ਸ਼ਿੱਦਤ ਨਾਲ਼ ਪੇਸ਼ ਹੋ ਰਹੀ ਹੁੰਦੀ ਹੈ । ਦੁਨੀਆਂ ਦੇ ਬਹੁਤ ਸਾਰੇ ਦੇਸ਼ਾਂ ਦੇ ਸਾਹਿਤ ਦੇ ਇਤਿਹਾਸ ਨੂੰ ਵੇਖਿਆਂ ਪਤਾ ਚਲਦਾ ਹੈ ਕਿ ਉਨ੍ਹਾਂ ਦੇ ਪਿਛੋਕੜ ਵਿੱਚ ਉਸ ਵਿਸ਼ੇਸ਼ ਸੱਭਿਆਚਾਰਕ ਖਿੱਤੇ ਦੀ ਲੋਕ ਸਾਹਿਤ ਦੀ ਪਰੰਪਰਾ ਜਾਂ ਇਹ ਕਹਿ ਲਓ ਕਿ ਮੌਖਿਕ ਸਾਹਿਤ ਪਰੰਪਰਾ ਦਾ ਵਿਸ਼ੇਸ਼ ਦਖ਼ਲ ਰਹਿੰਦਾ ਹੈ। ਪੰਜਾਬੀ ਸਾਹਿਤ ਵਿੱਚ ਵੀ ਲੋਕ ਬਿਰਤਾਂਤ ਦੀ ਪਰੰਪਰਾ ਪ੍ਰਾਚੀਨ ਕਾਲ ਤੋਂ ਹੀ ਕਾਰਜਸ਼ੀਲ ਰਹੀ ਹੈ।

ਨਾਵਲ ਇਕ ਬਿਰਤਾਂਤਕ ਰਚਨਾ ਹੁੰਦੀ ਹੈ। ਬਿਰਤਾਂਤ ਦਾ ਮੂਲ ਸਰੋਤ ਜਾਂ ਤੱਤ ਕਹਾਣੀ ਹੈ । ਕਹਾਣੀ ਸਾਹਿਤ ਦੀ ਹਰੇਕ ਵੰਨਗੀ ਜਾਂ ਰੂਪਾਕਾਰ ਵਿੱਚ ਕਿਸੇ ਨਾ ਕਿਸੇ ਰੂਪ ਵਿਚ ਵਿਦਮਾਨ ਰਹਿੰਦੀ ਹੈ। ਡਾ. ਹਰਿਭਜਨ ਸਿੰਘ ਅਨੁਸਾਰ, "ਚਿੱਤਰਕਲਾ, ਨ੍ਰਿਤ ਕਲਾ, ਨਾਟ ਕਲਾ ਅਤੇ ਕਾਵਿ ਕਲਾ ਦਾ ਪ੍ਰਥਮ ਆਧਾਰ ਕਹਾਣੀ ਹੀ ਹੈ। ਹਰ ਕਾਵਿ-ਕਿਰਤ ਦਾ ਆਰੰਭ ਕਿਸੇ ਜ਼ਾਤੀ ਅਨੁਭਵ ਤੋਂ ਹੀ ਹੁੰਦਾ ਹੈ, ਬਾਅਦ ਵਿਚ ਕਵੀ ਜ਼ਾਤੀ ਨੂੰ ਜਮਾਤੀ, ਸਰਬਕਾਲੀ ਜਾਂ ਸਰਬ ਸਥਾਨੀ ਬਣਾ ਦੇਂਦਾ ਹੈ। ਇਹ ਜ਼ਾਤੀ ਅਨੁਭਵ ਕਹਾਣੀ ਹੀ ਹੈ। ਅਸਲ ਵਿੱਚ ਹਰ ਮਨੁੱਖ ਦਾ ਹਰ ਅਨੁਭਵ ਖੰਡ ਇੱਕ ਕਹਾਣੀ ਦੇ ਰੂਪ ਵਿੱਚ ਪੇਸ਼ ਹੁੰਦਾ ਹੈ। ਇਕ ਤਰ੍ਹਾਂ ਨਾਲ ਹਰ ਸਾਹਿਤਕ ਕਿਰਤ ਦਾ ਪ੍ਰੇਰਨਾ ਬਿੰਦੂ ਇਕ ਅਨੁਭਵ ਜਾਂ ਕਹਾਣੀ ਹੈ, ਇਹ ਰਚਨਾ ਤੋਂ ਪਹਿਲਾਂ ਦਾ ਤੱਤ ਹੈ। ਇਹ ਵੀ ਕਿਹਾ ਜਾਂਦਾ ਹੈ ਕੀ ਰਚਨਾ ਵੇਲੇ ਸਾਹਿਤਕਾਰ ਕਿਸੇ ਕਹਾਣੀ ਨੂੰ ਜਾਂ ਪ੍ਰਗਟਾ ਰਿਹਾ ਹੁੰਦਾ ਹੈ ਜਾਂ ਲੁਕਾ ਰਿਹਾ ਹੁੰਦਾ ਹੈ। ਇਸ ਪ੍ਰਗਟਾਵੇ ਜਾਂ ਲੁਕਾਵੇ ਤੋਂ ਬਚ ਨਿਕਲਣ ਦਾ ਕੋਈ ਰਸਤਾ ਨਹੀਂ ਹੈ। ਕਹਾਣੀ ਹਰ ਸਾਹਿਤਕ ਰੂਪ ਦੀ ਰਚਨਾ ਪ੍ਰਕਿਰਿਆ ਦਾ ਅਨਿੱਖੜ ਅੰਗ ਹੈ।" ਇਉਂ ਮਨੁੱਖੀ ਅਨੁਭਵ ਕੋਈ ਨਾ ਕੋਈ ਰੂਪ ਧਾਰ ਕੇ ਪ੍ਰਗਟ ਹੁੰਦਾ ਹੈ। ਗਲਪ ਦਾ ਹਰ ਰੂਪ ਆਪਣੇ ਵਿੱਚ ਕੋਈ ਨਾ ਕੋਈ ਬਿਰਤਾਂਤਕ ਤੱਤ ਜਾਂ ਕਹਾਣੀ ਨੂੰ ਸਮਾਈ ਰਖਦਾ ਹੈ। ਅਸਲ ਵਿੱਚ ਬਿਰਤਾਂਤ ਮਨੁੱਖ ਦੁਆਰਾ ਆਪਣੇ ਅਨੁਭਵ ਨੂੰ ਵਿਅਕਤ ਕਰਨ ਦੀ ਪ੍ਰਗਟਾ ਵਿਧੀ ਹੈ ਜਿਹੜੀ ਹਰ ਇਕ ਸੱਭਿਆਚਾਰਕ ਖਿੱਤੇ ਦੇ ਮਨੁੱਖ ਵੱਲੋਂ ਸਦੀਆਂ ਤੋਂ ਵਰਤੀ ਜਾ ਰਹੀ ਹੈ। ਇੱਥੋਂ ਤੱਕ ਕਿ ਮਨੁੱਖ ਦੀ ਹੋਂਦ ਨਾਲ ਵੀ ਇਕ ਬਿਰਤਾਂਤਕ ਘਟਨਾ ਜੁੜੀ ਹੋਈ ਹੈ, ਜਿਹੜੀ ਆਦਮ ਅਤੇ ਈਵ ਦੀ ਕਹਾਣੀ ਰਾਹੀਂ ਪ੍ਰਗਟ ਹੁੰਦੀ ਹੈ। ਡਾ. ਧਨਵੰਤ ਕੌਰ ਦਾ ਬਿਰਤਾਂਤ ਸਬੰਧੀ ਕਥਨ ਹੈ ਕਿ, "ਬਿਰਤਾਂਤ ਮਨੁੱਖ ਦੀ ਬਿਰਤੀ ਹੈ। ਮਨੁੱਖ ਬਿਰਤਾਂਤ ਵਿਚ ਸੋਚਦਾ ਅਤੇ ਬਿਰਤਾਂਤ ਰਾਹੀਂ ਇਸ ਦਾ ਪ੍ਰਗਟਾਉ ਕਰਦਾ

ਹੈ। ਬਿਰਤਾਂਤ ਦਾ ਮਾਧਿਅਮ ਜ਼ਰੂਰੀ ਨਹੀਂ ਭਾਸ਼ਾ ਹੀ ਹੋਵੇ। ਗ਼ੈਰ ਭਾਸ਼ਕ ਪੇਸ਼ਕਾਰੀ ਵੀ ਇਸ ਦੀ ਪ੍ਰਗਟਾਊ ਵਿਧੀ ਹੋ ਸਕਦੀ ਹੈ। ਭਾਵੇਂ ਇਸ ਦਾ ਅਧਿਐਨ ਅਤੇ ਵਿਸ਼ਲੇਸ਼ਣ ਸਿਰਫ਼ ਭਾਸ਼ਾ ਰਾਹੀਂ ਸੰਭਵ ਹੈ।"

ਜਿਵੇਂ ਅਸੀਂ ਪਹਿਲਾਂ ਕਹਿ ਚੁੱਕੇ ਹਾਂ ਕਿ ਲੋਕ ਸਾਹਿਤ ਜਾਂ ਲੋਕ ਕਹਾਣੀ ਬਿਰਤਾਂਤ ਦੇ ਮੁੱਢਲੇ ਰੂਪ ਹਨ। ਪੰਜਾਬੀ ਸਾਹਿਤ ਵਿੱਚ ਵੀ ਲੋਕ ਬਿਰਤਾਂਤ/ ਲੋਕ ਕਹਾਣੀ ਦੀ ਇੱਕ ਲੰਬੀ ਪਰੰਪਰਾ ਹੈ। ਡਾ. ਬਲਦੇਵ ਸਿੰਘ ਧਾਲੀਵਾਲ ਨੇ ਇਸ ਨੂੰ ਤਿੰਨ ਹਿੱਸਿਆਂ 'ਚ ਵੰਡ ਕੇ ਪਰਿਭਾਸ਼ਤ ਕੀਤਾ ਹੈ । ਉਸਦੇ ਅਨੁਸਾਰ, "ਲੋਕ ਕਥਾਵਾਂ ਦਾ ਵਰਗੀਕਰਨ ਕਰੀਏ ਤਾਂ ਇਸ ਦੇ ਤਿੰਨ ਰੂਪ ਮਿਲਦੇ ਹਨ - ਮਿੱਥ ਕਥਾਵਾਂ, ਦੰਤ ਕਥਾਵਾਂ, ਅਤੇ ਲੋਕਿਕ ਕਾਥਾਵਾਂ। ਪ੍ਰਾਚੀਨ ਕਾਲ ਜਾਂ ਕਬਾਇਲੀ ਯੁੱਗ ਵਿੱਚ ਮਿੱਥ ਕਥਾਵਾਂ ਦੀ ਸਿਰਜਣਾ ਦਾ ਦੌਰ ਸੀ ਤਾਂ ਮੱਧਕਾਲ ਵਿਚ ਦੰਤ ਕਥਾਵਾਂ ਅਤੇ ਲੋਕਿਕ ਕਥਾਵਾਂ ਵਧੇਰੇ ਮਹੱਤਵ ਗ੍ਰਹਿਣ ਕਰ ਜਾਂਦੀਆਂ ਹਨ ਭਾਵੇਂ ਕਿ ਮਿੱਥ ਕਥਾਵਾਂ ਵੀ ਪਰਿਵਰਤਤ ਰੂਪ ਨਾਲ ਲੋਕਧਾਰਾ ਅਤੇ ਵਿਸ਼ਿਸ਼ਟ ਸਾਹਿਤ ਦਾ ਅੰਗ ਬਣਦੀਆਂ ਰਹਿੰਦੀਆਂ ਹਨ। ਇਹ ਸਮੁੱਚਾ ਕਥਾ ਸਾਹਿਤ ਪੰਜਾਬੀ ਗਲਪ/ਨਾਵਲ ਦਾ ਗੌਰਵਮਈ ਵਿਰਸਾ ਬਣਦਾ ਹੈ।

ਪੰਜਾਬੀ ਨਾਵਲ:—ਪੰਜਾਬੀ ਨਾਵਲ ਆਧੁਨਿਕ ਕਾਲ ਦੀ ਉਪਜ ਹੈ ਅਤੇ ਇਹ ਵੀ ਪੱਛਮੀ ਪ੍ਰਭਾਵ ਦਾ ਪ੍ਰਤਿਫਲ ਹੈ। ਨਾਵਲ ਇਕ ਲੰਮੀ ਕਹਾਣੀ ਹੈ ਅਤੇ ਅਜਿਹੀਆਂ ਕਹਾਣੀਆਂ ਸਾਡੇ ਸਾਹਿਤ ਵਿਚ ਵੀ ਮਿਲਦੀਆਂ ਹਨ। ਰਾਮਾਇਣ ਅਤੇ ਮਹਾਂਭਾਰਤ ਜਿਹੇ ਮਹਾਂ ਕਾਵਿ ਦੀਆਂ ਸੰਚੀਆਂ ਵਿਚ ਜੀਵਨ ਦੀਆਂ ਕਹਾਣੀਆਂ ਪੂਰੇ ਵਿਸਥਾਰ ਨਾਲ ਬਿਆਨੀਆਂ ਗਈਆਂ ਹਨ, ਪਰ ਉਹ ਗਦ ਨਹੀਂ, ਸਗੋਂ ਪਦ ਵਿਚ ਹਨ ਅਤੇ ਅਜਿਹਾ ਹੋਣ ਕਰਕੇ ਅਸੀਂ ਉਨ੍ਹਾਂ ਨੂੰ ਮਹਾਂ ਕਾਵਿ ਹੀ ਮੰਨਦੇ ਹਾਂ। ਇਸੇ ਤਰ੍ਹਾਂ ਨਾਲ ਹੋਰ ਵੀ ਕਿੱਸੇ ਅਤੇ ਕਥਾਵਾਂ ਆਦਿ ਸਾਡੇ ਕਾਵਿ-ਸਾਹਿਤ ਵਿਚ ਢੇਰ ਪੁਰਾਣੇ ਸਮੇਂ ਤੋਂ ਮਿਲਦੇ ਹਨ, ਪਰ ਤਕਨੀਕੀ ਸ਼ਬਦਾਂ ਵਿਚ ਅਸੀਂ ਉਨ੍ਹਾਂ ਨੂੰ ਇਕ ਪ੍ਰਮਾਣਿਕ ਨਾਵਲ ਦਾ ਦਰਜਾ ਨਹੀਂ ਦੇ ਸਕਦੇ। ਨਾਵਲ ਮਹਾਂ-ਕਾਵਿ ਦਾ ਉੱਤਰ-ਅਧਿਕਾਰੀ ਹੈ ਅਤੇ ਆਧੁਨਿਕ ਸਾਹਿਤ ਦਾ ਪ੍ਰਮੁੱਖ ਪ੍ਰਤੀਨਿਧ ਸਾਹਿਤਕ ਰੂਪ ਵੀ ਹੈ।

ਪੱਛਮੀ ਸਾਹਿਤ ਵਿਚ ਨਾਵਲ ਪਿਛਲੀਆਂ ਕੁਝ ਸਦੀਆਂ ਤੋਂ ਹੀ ਪ੍ਰਚਲਿਤ ਹੋਇਆ ਹੈ ਅਤੇ ਉਪਰ ਦੱਸੇ ਅਨੁਸਾਰ ਪੰਜਾਬੀ ਨਾਵਲ ਦਾ ਜਨਮ ਪੱਛਮੀ ਸਾਹਿਤ ਦੇ ਪ੍ਰਭਾਵ ਹੇਠ ਹੀ ਸਿਰਜਿਆ ਜਾਣਾ ਸ਼ੁਰੂ ਹੁੰਦਾ ਹੈ। ਇਹ ਪ੍ਰਭਾਵ ਪੰਜਾਬੀ ਨਾਵਲ ਉੱਤੇ ਸਿੱਧਾ ਨਹੀਂ ਪੈਂਦਾ ਸਗੋਂ ਬੰਗਾਲੀ, ਉਰਦੂ ਅਤੇ ਹਿੰਦੀ ਰਾਹੀਂ ਪਿਆ ਹੈ। ਇਸ ਦੌਰ ਵਿਚ ਪੰਜਾਬੀ ਨਾਵਲ ਕਈ ਪੜਾਵਾਂ ਵਿਚੋਂ ਦੀ ਲੰਘਿਆ ਹੈ, ਜਿਨ੍ਹਾਂ ਵਿਚੋਂ ਕ੍ਰਮਵਾਰ ਇਤਿਹਾਸਕ, ਸਮਾਜ ਸੁਧਾਰਵਾਦੀ, ਧਾਰਮਿਕ-ਸੁਧਾਰਵਾਦ, ਰੁਮਾਂਟਿਕ, ਪ੍ਰਗਤੀਵਾਦੀ, ਯਥਾਰਥਵਾਦੀ, ਅਸਤਿਤਵਵਾਦੀ, ਮਹਾਂਨਗਰੀ ਚੇਤਨਾ ਆਦਿ ਕੁਝ ਵਰਣਨਯੋਗ ਝੁਕਾਅ ਜਾਂ ਪ੍ਰਵਿਰਤੀਆਂ ਹਨ।

ਨਾਵਲ ਰਚਨਾ ਕਰਨ ਲਈ ਲੇਖਕ ਕੋਲ ਜੀਵਨ ਦੀ ਵਿਸ਼ਾਲ ਸੂਝ, ਲੰਮਾ ਤਜਰਬਾ ਅਤੇ ਸੱਜਰਾ ਅਨੁਭਵ ਹੋਣਾ ਚਾਹੀਦਾ ਹੈ। ਕਿਸੇ ਵੀ ਸਮਾਜ- ਸਭਿਆਚਾਰ ਵਿਚ ਨਾਵਲ ਰਚਨਾ ਉਦੋਂ ਹੀ ਆਰੰਭ ਹੁੰਦੀ ਹੈ ਜਦੋਂ ਸਮਾਜ

ਵਿਚ ਵਿਸ਼ਾਲ ਪ੍ਰਧਰ 'ਤੇ ਚੇਤੰਨਤਾ ਅਤੇ ਵਿਗਿਆਨਕ ਦ੍ਰਿਸ਼ਟੀਕੋਣ ਆ ਜਾਵੇ। ਇਹ ਚੇਤੰਨਤਾ ਸਮਾਜ ਵਿਚ ਪੂੰਜੀਵਾਦੀ ਆਰਥਿਕ ਪ੍ਰਬੰਧ ਦੇ ਆ ਜਾਣ ਨਾਲ ਆਰੰਭ ਹੁੰਦੀ ਹੈ, ਇਸ ਲਈ ਨਾਵਲੀ ਰਚਨਾਵਾਂ ਦੇ ਪੈਦਾ ਹੋਣ ਨੂੰ ਅਸੀਂ ਪੂੰਜੀਵਾਦੀ ਸਮਾਜਕ ਆਰਥਿਕ ਪ੍ਰਬੰਧ ਦੀ ਉਪਜ ਨਾਲ ਜੋੜ ਕੇ ਵੇਖਦੇ ਹਾਂ।

**ਮੁੱਢਲਾ ਪੰਜਾਬੀ ਨਾਵਲ:**

ਮੁੱਢਲੇ ਪੰਜਾਬੀ ਨਾਵਲ ਦੀ ਹੋਂਦ ਅਨੁਵਾਦਿਤ ਨਾਵਲ ਰਾਹੀਂ ਸਥਾਪਿਤ ਹੁੰਦੀ ਹੈ। ਇਸ ਨਾਵਲ ਦਾ ਮੂੰਹ ਮੁਹਾਦਰਾਂ  ਜੀਵਨ ਸਬੰਧੀ ਸਾਖੀਆਂ ਵਰਗਾ ਬਿਰਤਾਂਤਕ ਰੂਪ ਹੈ। ਇਸ ਅਵਸਥਾ ਨੂੰ ਨਾਵਲਾਂ ਦਾ ਮੁੱਢਲਾ ਇਤਿਹਾਸਕ ਪੜਾਅ ਕਹਿ ਸਕਦੇ ਹਾਂ। ਇਹ ਸਾਖੀਆਂ ਜਾਂ ਜੀਵਨ-ਕਥਾਵਾਂ ਨਿਰੋਲ ਇਤਿਹਾਸਕ ਹੋਣ ਤੋਂ ਉਪਰੋਕਤ ਤੋਂ ਇਲਾਵਾ ਹੋਰ ਵੀ ਗੁਣ ਆਪਣੇ ਵਿਚ ਰੱਖਦੀਆਂ ਹਨ, ਜੋ ਉਨ੍ਹਾਂ ਨੂੰ ਹੋਰ ਸੁਆਦਲੇ ਬਣਾਉਂਦੇ ਹਨ ਅਤੇ ਪਾਠਕਾਂ ਨੂੰ ਨਾਵਲ ਪੜ੍ਹਨ ਲਈ ਪ੍ਰੇਰਦੇ ਸਨ। ਕਿਸੇ ਮਹਾਂ- ਪੁਰਖ ਦਾ ਨਿਰੋਲ ਜੀਵਨ ਬਿਰਤਾਂਤ, ਨਾਵਲ ਨਹੀਂ ਬਣ ਸਕਦਾ। ਅੰਗਰੇਜ਼ਾਂ ਦੇ ਪੰਜਾਬ ਵਿੱਚ ਪ੍ਰਵੇਸ਼ ਨਾਲ ਮੱਧਕਾਲੀਨ ਚੇਤਨਾ ਦੀ ਥਾਂ ਆਧੁਨਿਕ ਚੇਤਨਾ ਆਉਣੀ ਸ਼ੁਰੂ ਹੁੰਦੀ ਹੈ। ਅਗਰੇਜ਼ਾ ਦੁਆਰਾ ਛਾਪੇਖਾਨੇ ਅਤੇ ਪ੍ਰੈੱਸ ਦੀ ਸ਼ੁਰੂਆਤ ਨਾਲ ਅਖਬਾਰ ਅਤੇ ਰਸਾਲਿਆਂ ਦੀ ਆਮਦ ਸ਼ੁਰੂ ਹੁੰਦੀ ਹੈ ਅਤੇ ਪੰਜਾਬੀ ਦੇ ਲੇਖਕ ਅਤੇ ਸਾਹਿਤਕਾਰ ਅੰਗਰੇਜ਼ੀ ਸਾਹਿਤ ਤੋਂ ਪਰਿਚਿਤ ਹੋਣ ਲੱਗਦੇ ਹਨ।  ਇਸੇ ਹੀ ਗਤੀਸ਼ੀਲਤਾ ਵਿੱਚੋਂ ਪੰਜਾਬੀ ਜਨਮਾਨਸ ਵਿੱਚ ਵਿਗਿਆਨਕ ਚੇਤਨਾ ਪੈਦਾ ਹੋਣੀ ਸ਼ੁਰੂ ਹੁੰਦੀ ਹੈ ਅਤੇ ਪੰਜਾਬੀ ਨਾਵਲ ਵੀ ਆਪਣਾ ਮੂੰਹ-ਮੁਹਾਂਦਰਾ ਸੰਵਾਰਨਾ ਸ਼ੁਰੂ ਕਰਦਾ ਹੈ। ਪੰਜਾਬ ਦੀ ਨਵੀਂ ਆਰਥਿਕ ਬਣਤਰ ਕਾਰਨ ਪੰਜਾਬ ਦੇ ਜਗੀਰਦਾਰੀ ਆਰਥਿਕ ਪ੍ਰਬੰਧ ਦੀ ਸਥਿਰਤਾ ਖੰਡਿਤ ਹੁੰਦੀ ਹੈ।  ਇਹਨਾਂ ਸਥਿਤੀਆਂ ਵਿੱਚੋਂ ਨਵੇਂ ਮੱਧਵਰਗ ਦਾ ਜਨਮ ਹੋਣਾ ਸ਼ੁਰੂ ਹੁੰਦਾ ਹੈ।  ਇਸ ਵਰਗ ਦਾ  ਬੁਨਿਆਦੀ ਧੁਰਾ ਪੜ੍ਹੇ ਲਿਖੇ ਨੌਕਰੀ ਪੇਸ਼ਾ ਲੋਕ ਸਨ। ਜਗੀਰਦਾਰੀ ਪ੍ਰਬੰਧ ਵਿਚ ਮੱਧਕਾਲੀ ਚੇਤਨਾ ਭਾਰੂ ਸੀ ਜਿਸ ਦੇ ਪ੍ਰਭਾਵ ਤਹਿਤ ਵਿਸ਼ੇਸ਼ ਵਿਅਕਤੀਆਂ ਉਪਰ ਧਿਆਨ ਕੇਂਦਰਿਤ ਕੀਤਾ ਜਾਂਦਾ ਸੀ। ਆਧੁਨਿਕ ਚੇਤਨਾ ਦੇ ਆਉਣ ਨਾਲ ਸਾਧਾਰਨ ਬੰਦੇ ਦੀ ਸਾਧਾਰਨਤਾ ਨੂੰ ਪ੍ਰਮੁੱਖਤਾ ਦਿੱਤੀ ਜਾਣੀ ਸ਼ੁਰੂ ਹੁੰਦੀ ਹੈ। ਇਸ ਦੇ ਨਾਲ ਹੀ ਜਗੀਰਦਾਰੀ ਪ੍ਰਬੰਧ ਵਿੱਚ ਰਿਸ਼ਤੇ ਬੜੇ ਰਵਾਇਤੀ ਅਤੇ ਸਿੱਧ ਪੱਧਰੇ ਸਨ । ਪੂੰਜੀਵਾਦੀ ਪ੍ਰਬੰਧ ਦੇ ਅੰਤਰਗਤ  ਰਿਸ਼ਤਿਆਂ ਵਿਚ ਜਟਿਲਤਾ ਆਉਣੀ ਸ਼ੁਰੂ ਹੁੰਦੀ ਹੈ। ਇਸ ਜਟਿਲਤਾ ਨੇ ਸਾਧਾਰਨ ਮਨੁੱਖ ਦੀ ਜ਼ਿੰਦਗੀ ਨੂੰ ਵੀ ਜਟਿਲ ਬਣਾ ਦਿੱਤਾ ਅਤੇ ਉਸ ਦੇ ਰਿਸ਼ਤਿਆਂ ਵਿੱਚ ਵੀ ਜਟਿਲਤਾਵਾਂ  ਆ ਗਈਆਂ । ਨਤੀਜੇ ਵਜੋਂ ਮਨੁੱਖੀ ਰਿਸ਼ਤਿਆਂ ਵਿੱਚ ਤਣਾਓ ਦਾ ਉੱਭਰਨਾ ਅਨਿਵਾਰੀ ਹੋ ਗਿਆ । ਮਨੁੱਖੀ ਜ਼ਿੰਦਗੀ ਅਤੇ ਰਿਸ਼ਤਿਆਂ ਵਿੱਚ ਆਏ ਇਸ ਤਣਾਓ ਨੇ ਪੰਜਾਬੀ ਨਾਵਲ ਦੇ ਪੈਦਾ ਹੋਣ ਲਈ ਜ਼ਮੀਨ ਪੱਧਰੀ ਕਰ ਦਿੱਤੀ । ਮੁੱਢਲੇ ਪੰਜਾਬੀ ਨਾਵਲ ਦੀ ਰੂਪ ਰਚਨਾ ਨੂੰ ਦੇਖਿਆ ਜਾਵੇ ਜਾਂ ਇਸ ਦੇ ਵਿਸ਼ਿਆਂ ਨੂੰ ਪਰਖਿਆ ਜਾਵੇ ਤਾਂ ਨਜ਼ਰ ਪੈਂਦਾ ਹੈ ਕਿ ਇਹ ਧਾਰਮਿਕ ਸੁਧਾਰਵਾਦੀ ਅਤੇ ਸਮਾਜ ਸੁਧਾਰਵਾਦੀ ਕਿਸਮ ਦਾ ਹੀ ਹੈ ਪਰ ਇਸ ਵਿਚ ਸਧਾਰਨ ਮਨੁੱਖ ਦੀ ਜ਼ਿੰਦਗੀ ਦੀਆਂ ਛੋਟੀਆਂ ਛੋਟੀਆਂ ਸਮੱਸਿਆਵਾਂ ਅਤੇ ਉਸ ਦੇ ਛੋਟੇ-ਛੋਟੇ ਅਨੁਭਵਾਂ ਨੂੰ ਪੇਸ਼ ਕੀਤਾ ਗਿਆ ਹੈ । ਪੰਜਾਬੀ  ਸਾਹਿਤ ਕੋਲ ਕਿੱਸੇ, ਜੰਗਨਾਮੇ, ਵਾਰਾਂ ਅਤੇ ਜਨਮਸਾਖੀਆਂ ਦੀ ਪਰੰਪਰਾ ਪਹਿਲਾਂ ਤੋਂ ਹੀ ਮੌਜੂਦ ਸੀ। ਇਸ ਪਰੰਪਰਾ ਵਿੱਚੋਂ ਹੀ

ਆਧੁਨਿਕ ਪੰਜਾਬੀ ਨਾਵਲਕਾਰ ਆਪਣੇ ਬਿਰਤਾਂਤਕ ਕਥਾਨਕਾਂ ਦੀ ਚੋਣ ਕਰਦੇ ਹਨ। ਮੁੱਢਲੇ ਪੰਜਾਬੀ ਨਾਵਲ ਦੇ ਰਚਨਾ ਵਿਧਾਨ ਨੂੰ ਦੇਖਿਆ ਜਾਵੇ ਤਾਂ ਸਪੱਸ਼ਟ ਹੋ ਜਾਂਦਾ ਕਿ ਇਹ ਕਿੱਸੇ ਅਤੇ ਜਨਮਸਾਖੀਆਂ ਦੀ ਨਾਇਕ ਮੁੱਖ ਅਤੇ ਦਿੱਭਤਾ ਵਾਲੀ ਆਭਾ ਨੂੰ ਅਗਲਾ ਵਿਸਥਾਰ ਦਿੰਦੇ ਪ੍ਰਤੀਤ ਹੁੰਦੇ ਹਨ। ਮਹੱਤਵਪੂਰਨ ਗੱਲ ਇਹ ਹੈ ਕਿ ਰੂਪ ਦੀ ਤਲਾਸ਼ ਭਾਵੇਂ ਸੰਭਵ ਹੈ ਪਰ ਰੂਪ ਦੇ ਅੰਤਰਗਤ ਜੋ ਗਲਪ ਜੁਗਤ ਹੈ ਉਸ ਨੂੰ ਲੇਖਕ ਨੇ ਪਰੰਪਰਾ ਚੋਂ ਹੀ ਪ੍ਰਾਪਤ ਕਰਨੀ ਹੁੰਦੀ ਹੈ। ਇਹੀ ਕਾਰਨ ਹੈ ਕਿ ਪੰਜਾਬੀ ਨਾਵਲ ਰੂਪ ਪੱਖੋਂ ਤਾਂ ਪੱਛਮੀ ਚਿੰਤਨ ਦੇ ਨੇੜੇ ਹੈ ਪਰ ਗਲਪ ਜੁਗਤ ਪੱਖੋਂ ਆਪਣੇ ਮੱਧਕਾਲੀ ਚਿੰਤਨ ਦੀਆਂ ਕਥਾ ਰੂੜੀਆਂ ਨੂੰ ਹੀ ਦੁਹਰਾਉਂਦਾ ਹੈ। ਇਹ ਦਵੈਤ ਉਦੋਂ ਪੈਦਾ ਹੁੰਦੀ ਹੈ, ਜਦੋਂ ਕਿਸੇ ਰੂਪ ਨੂੰ ਝਟ-ਪਟ ਅਪਣਾ ਲਿਆ ਜਾਂਦਾ ਹੈ, ਪਰ ਵਸਤੂ ਯਥਾਰਥ ਅਤੇ ਭਾਵਬੋਧ ਉਸ ਰੂਪ ਦੀਆਂ ਸੰਭਾਵਨਾਵਾਂ ਦੇ ਹਾਣ ਦਾ ਨਹੀਂ ਹੁੰਦਾ। ਪੰਜਾਬੀ ਨਾਵਲ ਦੀ ਰੂਪ ਰਚਨਾ ਦੇ ਸੰਦਰਭ ਵਿੱਚ ਇਹ ਦਵੈਤ ਲੰਬੇ ਅਰਸੇ ਤੱਕ ਬਣੀ ਰਹੀ ਹੈ।ਅਸਲ ਵਿੱਚ ਕਿਸੇ ਵੀ ਸਮਾਜਿਕ-ਸਭਿਆਚਾਰਕ ਸਮੂਹ ਦੀ ਚੇਤਨਾ ਇਕਦਮ ਕਿਸੇ ਨਵੇਂ ਭਾਵ ਬੋਧ ਨਾਲ ਨਹੀਂ ਜੁੜ ਸਕਦੀ, ਬਲਕਿ ਚੇਤਨਾ ਅੰਦਰ ਗਤੀਸ਼ੀਲਤਾ ਸਹਿਜੇ ਸਹਿਜੇ ਮੁਮਕਿਨ ਹੁੰਦੀ ਹੈ। ਪੰਜਾਬੀ ਨਾਵਲ ਦੇ ਗਲਪ-ਬਿੰਬ ਦੀ ਗਤੀਸ਼ੀਲਤਾ ਮੱਧਕਾਲੀ ਗਲਪ-ਜੁਗਤਾਂ ਦੇ ਰੂਪਾਂਤਰਣ ਕਰਨ ਵਿਚ ਹੈ। ਇਉਂ ਜੇਕਰ ਮੁੱਢਲੇ ਪੰਜਾਬੀ ਨਾਵਲ ਦਾ ਡੂੰਘੀ ਤਰ੍ਹਾਂ ਅਧਿਐਨ ਕਰੀਏ ਤਾਂ ਇਹ ਗੱਲ ਸਪਸ਼ਟ ਹੋ ਜਾਂਦੀ ਹੈ ਕਿ ਇਸ ਨਾਵਲ ਵਿੱਚ ਕਿੱਸਾ ਅਤੇ ਜਨਮਸਾਖੀ ਦੀਆਂ ਗਲਪ ਜੁਗਤਾਂ ਅਤੇ ਕਥਾਨਕ ਰੂੜ੍ਹੀਆਂ ਨੂੰ ਹੀ ਰੂਪਾਂਤਰਿਤ ਰੂਪ ਵਿੱਚ ਪੇਸ਼ ਕੀਤਾ ਗਿਆ ਹੈ। ਭਾਈ ਵੀਰ ਸਿੰਘ ਅਤੇ ਉਸ ਦੇ ਸਮਕਾਲੀ ਨਾਵਲਕਾਰਾਂ ਦੀਆਂ ਗਲਪੀ ਰਚਨਾਵਾਂ ਇਸੇ ਤਰ੍ਹਾਂ ਦੀ ਕਥਾ ਚੇਤਨਾ ਨਾਲ ਸਰਾਬੋਰ ਹਨ। "ਇਨ੍ਹਾਂ ਗਲਪੀ ਰਚਨਾਵਾਂ ਵਿੱਚੋਂ ਉਭਰਨ ਵਾਲਾ ਗਲਪੀ ਬਿੰਬ ਆਦਰਸ਼ਕ ਅਤੇ ਵਿਅਕਤੀ ਪੂਜਕ ਵਾਲਾ ਹੈ। ਅਸਲ ਵਿੱਚ ਨਾਵਲ ਰੂਪ ਲਈ ਜਿਸ ਯਥਾਰਥਬੋਧ ਦੀ ਲੋੜ ਸੀ, ਉਹ ਪੰਜਾਬੀ ਨਾਵਲਕਾਰਾਂ ਦੇ ਚਿੰਤਨ ਵਿਚ ਸ਼ਾਮਿਲ ਨਹੀਂ ਸੀ, ਦੂਜਾ ਨਾਵਲ ਰੂਪ ਲਈ ਜਿਹੜੀ ਜਟਿਲ ਵਾਸਤਵਿਕਤਾ ਜਾਂ ਗੰਭੀਰ ਮਾਨਵੀ ਤਣਾਓ ਚਾਹੀਦਾ ਸੀ, ਉਹ ਅਜੇ ਇਤਿਹਾਸਕ ਪੱਖੋਂ ਸੰਭਵ ਨਹੀਂ ਸੀ ਹੋਇਆ। ਅਜਿਹੀ ਸਥਿਤੀ ਵਿਚ ਰੂਪ ਤਾਂ ਨਵਾਂ ਹੋ ਸਕਦਾ ਹੈ ਪਰ ਰਚਨਾ ਸਮੱਗਰੀ ਉਹੀ ਪ੍ਰੰਪਰਾਗਤ ਹੋਵੇਗੀ। ਸੋ ਜੇਕਰ ਪੰਜਾਬੀ ਨਾਵਲ ਵਿਚ ਮੱਧਕਾਲੀ ਗਲਪ ਸੰਗਠਨ/ਗਲਪ ਜੁਗਤਾਂ ਦਾ ਦੁਹਰਾਓ ਹੋਇਆ ਹੈ ਤਾਂ ਇਸ ਵਿੱਚ ਹੈਰਾਨੀ ਵਾਲੀ ਕੋਈ ਗੱਲ ਨਹੀਂ, ਵਸਤੂ ਵਿਵੇਕ ਨੇ ਹੀ ਕਿਸੇ ਸਾਹਿਤ ਰੂਪ ਵਿੱਚ ਪ੍ਰਮਾਣਿਕਤਾ ਲਿਆਉਣੀ ਹੁੰਦੀ ਹੈ। ਪੰਜਾਬੀ ਨਾਵਲ ਵਿਚ ਵਸਤੂ ਵਿਵੇਕ ਦੀ ਗੈਰਹਾਜ਼ਰੀ ਨੇ ਵੀ ਨਾਵਲ ਰੂਪ ਨੂੰ ਪ੍ਰਤੀਮਾਨਕ ਗਲਪ ਨਾਲ ਜੋੜਿਆ ਹੈ।" ਇਉਂ ਪੰਜਾਬੀ ਗਲਪ ਦੇ ਦੋਨੋਂ ਹੀ ਬਿਰਤਾਂਤਕ ਰੂਪਾਕਾਰ ਭਾਵ ਨਾਵਲ ਅਤੇ ਕਹਾਣੀ ਆਪਣੀ ਕਥਾ ਸਮੱਗਰੀ ਪਰੰਪਰਕ ਪੰਜਾਬੀ ਸਾਹਿਤਕ ਵਿਰਸੇ ਤੋਂ ਪ੍ਰਾਪਤ ਕਰਦੇ ਹਨ ਰੂਪ ਦੀ ਦਿਸ਼ਟੀ ਤੋਂ ਇਹ ਪੱਛਮੀ ਗਲਪ ਤੋਂ ਸੇਧਿਤ ਹੁੰਦਾ ਹੈ।

ਪੰਜਾਬੀ ਨਾਵਲ ਦਾ ਪਹਿਲਾ ਦੌਰ

ਈਸਾਈ ਮਿਸ਼ਨਰੀਆਂ ਦੁਆਰਾ ਲਿਖਵਾਏ ਗਏ ਨਾਵਲ :- ਮੁੱਢਲਾ ਪੰਜਾਬੀ ਨਾਵਲ ਅਨੁਵਾਦ ਦੀ ਪ੍ਰਵਿਰਤੀ ਦੇ ਤਹਿਤ ਹੋਂਦ ਵਿਚ ਆਇਆ ਹੈ।

ਪੰਜਾਬੀ ਵਿੱਚ ਛਪਿਆ ਪਹਿਲਾ ਨਾਵਲ 'ਮਸੀਹੀ ਮੁਸਾਫ਼ਰ ਦੀ ਯਾਤਰਾ' ਸੀ ਜਿਹੜਾ ਜਾਨ ਬਨੀਅਨ ਦੇ ਸੰਸਾਰ ਪ੍ਰਸਿੱਧ ਨਾਵਲ 'The Pilgrims Progress" ਦਾ ਪੰਜਾਬੀ ਅਨੁਵਾਦ ਹੈ। ਇਹ ਅਨੁਵਾਦ 1959 ਈ: ਵਿੱਚ ਹੋਇਆ। ਇਸਾਈ ਮਿਸ਼ਨਰੀਆਂ ਦੁਆਰਾ ਉਲਥਾਏ ਗਏ ਇਸ ਨਾਵਲ ਵਿੱਚ ਈਸਾਈ ਧਰਮ ਨੂੰ ਸਲਾਹਿਆ ਗਿਆ ਹੈ ਅਤੇ ਇਸਲਾਮ ਅਤੇ ਹਿੰਦੂ ਧਰਮ ਨੂੰ ਨਿੰਦਦਿਆਂ ਗੁਰਬਾਣੀ ਦੇ ਮੁਹਾਵਰੇ ਰਾਹੀਂ ਈਸਾਈਅਤ ਦਾ ਪ੍ਰਚਾਰ ਕਰਨ ਦਾ ਕਾਰਜ ਕੀਤਾ ਗਿਆ ਹੈ। ਈਸਾਈ ਮਿਸ਼ਨਰੀਆਂ ਦੁਆਰਾ ਅਨੁਵਾਦ ਕੀਤਾ ਗਿਆ ਦੂਜਾ ਨਾਵਲ, ਜਯੋਤਿਰੁਦਯ' (ਜੋਤ ਦਾ ਉਦੈ ਹੋਣਾ) ਹੈ। ਇਹ ਨਾਵਲ ਪੰਜਾਬੀ ਵਿੱਚ 1882 ਈ. ਵਿੱਚ ਪ੍ਰਕਾਸ਼ਿਤ ਹੋਇਆ। ਇਸ ਨਾਵਲ ਰਾਹੀਂ ਬੰਗਾਲੀ ਅਤੇ ਭਾਰਤੀ ਜੀਵਨ ਦੇ ਪਛੜੇਪਨ ਨੂੰ ਪੇਸ਼ ਕੀਤਾ ਗਿਆ ਹੈ। ਇਸ ਨਾਵਲ ਰਾਹੀਂ ਸੱਭਿਅਕ ਸਮਾਜ ਦੀ ਸਥਾਪਨਾ ਦਾ ਸੰਦੇਸ਼ ਦਿੱਤਾ ਗਿਆ ਹੈ। ਇਹ ਦੋਵੇਂ ਨਾਵਲ ਈਸਾਈ ਮਿਸ਼ਨਰੀਆਂ ਦੁਆਰਾ ਲੁਧਿਆਣਾ ਮਿਸ਼ਨ ਪ੍ਰੈਸ ਰਾਹੀਂ ਛਾਪੇ ਗਏ ਹਨ।

ਇਹਨਾਂ ਨਾਵਲਾਂ ਰਾਹੀਂ ਭਾਰਤੀ ਜੀਵਨ ਵਿਧੀ, ਰੀਤੀ ਰਿਵਾਜਾਂ ਸੰਸਕਾਰਾਂ, ਧਾਰਮਿਕ ਰਹੁ-ਰਿਤਾਂ ਅਤੇ ਰਸਮਾਂ ਨੂੰ ਨਕਾਰਿਆ ਗਿਆ ਹੈ ਅਤੇ ਈਸਾਈ ਧਰਮ, ਅੰਗਰੇਜ਼ੀ ਭਾਸ਼ਾ ਪੱਛਮੀ ਜੀਵਨ-ਵਿਧੀ, ਸਮਾਜਿਕ-ਪ੍ਰਬੰਧ, ਸੰਸਥਾਵਾਂ ਅਤੇ ਗਿਰਜੇਘਰ ਤੱਕ ਸਭ ਦੀ ਉਸਤਤ ਕਰਦੇ ਹਨ। ਇਥੋਂ ਤੱਕ ਕਿ ਮਸੀਹੀ ਮੁਸਾਫ਼ਰ ਦੀ ਯਾਤਰਾ ਨਾਵਲ ਵਿੱਚ ਯਸੂ ਮਸੀਹ ਦਾ ਜਨਮ ਇੰਗਲੈਂਡ ਵਿੱਚ ਹੋਇਆ ਦਰਸਾਇਆ ਗਿਆ ਹੈ। ਅਸਲ ਵਿੱਚ ਇਹਨਾਂ ਨਾਵਲਾਂ ਦਾ ਮੁੱਖ ਏਜੰਡਾ ਇਸਾਈਅਤ ਦਾ ਪ੍ਰਚਾਰ ਪਾਸਾਰ ਅਤੇ ਅੰਗਰੇਜ਼ੀ ਸਾਮਰਾਜ ਦੀ ਨਿਆਂਸ਼ੀਲਤਾ ਸਿਰਜਣ ਦਾ ਬਣ ਜਾਂਦਾ ਹੈ। ਇਸ ਕਰਕੇ ਇਹ ਨਾਵਲ ਮੌਲਿਕ ਸਾਹਿਤਿਕ ਅਭਿਵਿਅਕਤੀ ਨੂੰ ਪੇਸ਼ ਕਰਨ ਤੋਂ ਅਸਮਰਥ ਰਹਿ ਜਾਂਦੇ ਹਨ। ਪਰ ਇਹਨਾਂ ਸਥਿਤੀਆਂ ਨੇ ਸਿਰਜਣਾਤਮਕ ਮਹੌਲ ਨੂੰ ਪੈਦਾ ਕਰਨ ਲਈ ਹਾਲਾਤ ਪੈਦਾ ਕੀਤੇ। ਪੰਜਾਬੀ ਨਾਵਲ ਦੀ ਸਿਰਜਣਕਾਰੀ ਇਹਨਾਂ ਨਾਵਲਾਂ ਦੇ ਪ੍ਰਤਿਰੋਧ ਵਜੋਂ ਹੁੰਦੀ ਹੈ। ਇਹ ਦੋਹਾਂ ਨਾਵਲਾ ਦਾ ਪੰਜਾਬੀ ਨਾਵਲ ਦੇ ਉਪਜਣ ਅਤੇ ਵਿਗਸਣ ਵਿਚ ਵਿਸ਼ੇਸ਼ ਭੂਮਿਕਾ ਅਦਾ ਕਰਦੇ ਹਨ।

ਇਸ ਤੋਂ ਪਿੱਛੋਂ ਪੰਜਾਬੀ ਵਿੱਚ ਮੌਲਿਕ ਨਾਵਲ ਸਿਰਜਣਾ ਦਾ ਆਰੰਭ ਹੁੰਦਾ ਹੈ। ਮੌਲਿਕ ਪੰਜਾਬੀ ਨਾਵਲਾਂ ਵਿਚ ਪੰਜਾਬੀ ਸਮਾਜ ਨੂੰ ਵੱਖਰੀ ਦ੍ਰਿਸ਼ਟੀ ਤੋਂ ਪੇਸ਼ ਕੀਤਾ ਗਿਆ ਹੈ। ਇਹਨਾਂ ਨਾਵਲਾਂ ਵਿਚ ਬਿਰਤਾਂਤ ਦੀ ਉਸਾਰੀ ਭਾਵੇ ਧਾਰਮਿਕ ਪ੍ਰਸੰਗ ਵਿੱਚ ਕੀਤੀ ਗਈ ਹੋਵੇ ਜਾਂ ਸਮਾਜਿਕ ਪ੍ਰਸੰਗ ਵਿੱਚ, ਨਾਵਲੀ ਪਾਠ ਦੀ ਸਿਰਜਣਾ ਦਾ ਆਧਾਰ ਸਿੱਖ ਧਰਮ ਦੀਆਂ ਨਰੋਈਆਂ ਕਦਰਾਂ ਕੀਮਤਾਂ ਪ੍ਰੇਰਨਾ ਸਰੋਤ ਬਣਦੀਆਂ ਹਨ। ਮੁੱਢਲੇ ਪੰਜਾਬੀ ਨਾਵਲ ਦੇ ਨਾਇਕ ਦੇ ਵਿਵਹਾਰ ਦੀ ਨਿਆਸ਼ੀਲਤਾ ਸਦਾਚਾਰਕ ਕਦਰਾਂ ਕੀਮਤਾਂ ਰਾਹੀਂ ਬਣਦੀ ਹੈ। ਇਸੇ ਕਰਕੇ ਇਹਨਾਂ ਨਾਵਲਾਂ ਵਿੱਚ ਸਿੱਖ ਧਰਮ ਨੂੰ ਨਿਰੋਲ ਅਧਿਆਤਮਕ ਪ੍ਰਸੰਗ ਵਿਚ ਪੇਸ਼ ਕਰਨ ਦੀ ਥਾਂ ਸਿੱਖੀ ਦੇ ਸਦਾਚਾਰਕ ਸੰਕਲਪਾਂ ਨੂੰ ਸੂਰਬੀਰਤਾ ਦੇ ਇਤਿਹਾਸਕ ਪਰਿਪੇਖ ਵਿੱਚ ਪੇਸ਼ ਕੀਤਾ ਗਿਆ ਹੈ। ਪੰਜਾਬੀ ਦੇ ਮੌਲਿਕ ਨਾਵਲ ਦੇ ਮੁੱਢ ਅਤੇ ਵਿਕਾਸ ਪ੍ਰਕਿਰਿਆ ਨੂੰ ਇਸ ਤਰ੍ਹਾਂ ਪੇਸ਼ ਕੀਤਾ ਜਾ ਸਕਦਾ ਹੈ।

ਪੰਜਾਬੀ ਦਾ ਪਹਿਲਾ ਮੌਲਿਕ ਨਾਵਲਕਾਰ ਭਾਈ ਵੀਰ ਸਿੰਘ ਹੈ। ਅਸਲ ਵਿੱਚ ਉਸਨੇ ਸਿੰਘ ਸਭਾ ਲਹਿਰ ਦੇ ਪ੍ਰਭਾਵ ਤਹਿਤ ਨਾਵਲ ਰਚਨਾ ਸ਼ੁਰੂ ਕੀਤੀ। ਉਸਦੇ ਨਾਵਲ ਇਸਾਈ ਮਿਸ਼ਨਰੀਆਂ ਵੱਲੋਂ ਲਿਖਵਾਏ ਗਏ ਨਾਵਲ ਦੇ ਪ੍ਰਤਿਰੋਧ ਵਜੋਂ ਸਿਰਜੇ ਜਾਂਦੇ ਹਨ। ਉਸਦੀ ਨਾਵਲ ਸਿਰਜਣਾ ਦਾ ਮੂਲ ਮਨੋਰਥ ਇਸ ਗੱਲ ਵਿਚ ਹੈ ਕਿ ਉਹ ਈਸਾਈ ਧਰਮ ਤੇ ਪੱਛਮੀ ਸਭਿਆਚਾਰ ਦੇ ਮੁਕਾਬਲੇ ਸਿੱਖ ਧਰਮ ਤੇ ਪੰਜਾਬੀ ਸਭਿਆਚਾਰ ਦੀ ਵਡਿਆਈ ਸਥਾਪਤ ਕਰਨ ਦਾ ਯਤਨ ਕਰਦਾ ਹੈ। ਇਹੋ ਕਾਰਨ ਹੈ ਕਿ ਭਾਈ ਵੀਰ ਸਿੰਘ ਅਠਾਰਵੀਂ ਸਦੀ ਦੇ ਗੌਰਵਮਈ ਅਤੇ ਸੰਘਰਸ਼ਸ਼ੀਲ ਸਿੱਖ ਇਤਿਹਾਸ ਨੂੰ ਆਪਣੇ ਨਾਵਲਾਂ ਵਿਚ ਪੁਨਰ-ਸੁਰਜੀਤ ਕਰਦਾ ਹੈ। ਭਾਈ ਵੀਰ ਸਿੰਘ ਆਪਣੇ ਪਹਿਲੇ ਮੌਲਿਕ ਨਾਵਲ 'ਸੁੰਦਰੀ' ਵਿਚ ਸੁੰਦਰੀ ਨੂੰ ਇਕ ਆਦਰਸ਼ਕ ਸਿੱਖ ਔਰਤ ਦੇ ਰੂਪ ਵਿਚ ਪੇਸ਼ ਕਰਦਾ ਹੈ ਜੋ ਮੁਗਲਾਂ ਦੇ ਕਬਜੇ ਵਿਚ ਰਹਿਣ ਦੇ ਬਾਵਜੂਦ ਆਪਣਾ ਸਿਦਕ ਨਹੀਂ ਹਾਰਦੀ ਅਤੇ ਚੜ੍ਹਦੀ ਕਲਾ ਵਿੱਚ ਰਹਿੰਦੀ ਹੈ। ਇਸੇ ਤਰ੍ਹਾਂ ਇਸ ਵਿਚ ਇਕ ਸਿੱਖ ਜਥੇ ਦੀ ਸ਼ਕਤੀ ਅਤੇ ਸਿਰੜ ਨੂੰ ਪੇਸ਼ ਕੀਤਾ ਗਿਆ ਹੈ ਜੋ ਸੁੰਦਰੀ ਨੂੰ ਮੁਗਲਾਂ ਦੀ ਕੈਦ ਵਿਚੋਂ ਮੁਕਤ ਕਰਵਾਉਂਦਾ ਹੈ। 'ਸਤਵੰਤ ਕੌਰ' ਨਾਵਲ ਵਿਚ ਸਿੱਖ ਆਸ਼ਿਆਂ ਦੇ ਅਨੁਕੂਲ ਬਿਹਤਰ ਜ਼ਿੰਦਗੀ ਜਿਉਣ ਦੇ ਅਕੀਦੇ ਦੀ ਗੱਲ ਕੀਤੀ ਗਈ ਹੈ। ਇਸ ਨਾਵਲ ਵਿਚ ਸਿੱਖ ਫਲਸਫੇ ਅਤੇ ਵਿਚਾਰਧਾਰਾ ਦੀ ਵਿਆਖਿਆ ਕਰਨ ਦਾ ਯਤਨ ਕੀਤਾ ਗਿਆ ਹੈ। ਨਾਵਲ 'ਬਿਜੈ ਸਿੰਘ' ਵਿਚ ਵੀ ਇਕ ਆਦਰਸ਼ਕ ਸਿੱਖ ਦੇ ਗੁਣਾਂ ਨੂੰ ਪੇਸ਼ ਕੀਤਾ ਗਿਆ ਹੈ। 'ਬਾਬਾ ਨੌਧ ਸਿੰਘ' ਵਿਚ ਲੇਖਕ ਨੇ ਪੰਜਾਬੀ ਸਭਿਆਚਾਰ ਦੇ ਜੀਵਨ ਮੁੱਲਾਂ ਅਤੇ ਕਦਰਾਂ ਕੀਮਤਾਂ ਨੂੰ ਪੱਛਮੀਂ ਜੀਵਨ ਮੁੱਲਾਂ ਦੇ ਮੁਕਾਬਲੇ ਵਡਿਆਇਆ ਹੈ। "ਸਮੁੱਚੇ ਰੂਪ ਵਿਚ ਭਾਈ ਵੀਰ ਸਿੰਘ ਨੇ ਆਪਣੇ ਨਾਵਲਾਂ ਵਿਚ ਪੱਛਮੀ ਪਹਿਰਾਵੇ ਦੇ ਮੁਕਾਬਲੇ ਤੇ ਦੇਸੀ ਪਹਿਰਾਵਾ, ਪੱਛਮੀ ਜੀਵਨ ਢੰਗ ਦੀ ਥਾਂ ਪੂਰਬੀ ਜੀਵਨ ਢੰਗ, ਪੱਛਮੀ ਵਿੱਦਿਆ ਤੇ ਡਾਕਟਰੀ ਦੀ ਥਾਂ ਦੇਸੀ ਚਕਿਤਸਾ, ਅੰਗਰੇਜ਼ੀ ਭਾਸ਼ਾ ਦੀ ਥਾਂ ਪੰਜਾਬੀ ਭਾਸ਼ਾ, ਈਸਾ ਤੇ ਅੰਜੀਲ ਦੀ ਥਾਂ ਗੁਰੂ ਤੇ ਗੁਰੂ ਦੀ ਮਿਹਰ ਉਤੇ ਬਲ ਦਿੱਤਾ ਹੈ।"

ਭਾਈ ਵੀਰ ਸਿੰਘ ਪੰਜਾਬੀ ਦਾ ਪਹਿਲਾ ਮੌਲਿਕ ਨਾਵਲਕਾਰ ਹੈ। ਇਸ ਲਈ ਵਿਧਾਗਤ ਦ੍ਰਿਸ਼ਟੀ ਤੋਂ ਇਹਨਾਂ ਨਾਵਲਾਂ ਵਿਚ ਮੁੱਢਲੇ ਨਾਵਲ ਵਾਲੀਆਂ ਉਣਤਾਈਆਂ ਰਹਿ ਜਾਣੀਆਂ ਕੁਦਰਤੀ ਹੈ। ਭਾਈ ਵੀਰ ਸਿੰਘ ਆਪਣੇ ਪਾਤਰਾਂ ਨੂੰ ਚਿਤਰਨ ਤੇ ਬਿਰਤਾਂਤਕ ਸੰਗਠਨ ਦੀ ਬਣਤਰ ਸਮੇਂ ਮੱਧਕਾਲੀਨ ਬਿਰਤਾਤਕ ਕਾਵਿ ਰੂਪਾਂ ਦੀਆਂ ਕਥਾ ਰੂੜ੍ਹੀਆਂ ਅਤੇ ਮੋਟਿਫ਼ਾਂ ਦੀ ਹੀ ਵਰਤੋਂ ਕਰਦਾ ਹੈ। ਸਿੰਘ ਸਭਾ ਦੇ ਪ੍ਰਭਾਵ ਅਤੇ ਸਿੱਖੀ ਆਸੂਲਾਂ ਨਾਲ ਜੁੜੇ ਹੋਣ ਕਾਰਨ ਉਹ ਆਪਣੇ ਨਾਵਲਾਂ ਵਿੱਚ ਸਿੱਖ ਪਾਤਰਾਂ ਦੀ ਚੋਣ ਕਰਦਾ ਹੈ ਅਤੇ ਉਹਨਾਂ ਨੂੰ ਆਦਰਸ਼ਕ ਰੂਪ ਵਿੱਚ ਪੇਸ਼ ਕਰਦਾ ਹੈ। ਉਸਦੇ ਮੁੱਢਲੇ ਨਾਵਲਾਂ ਵਿਚ ਸਿੱਖ ਪਾਤਰਾਂ ਨੂੰ ਸ਼ਕਤੀਸ਼ਾਲੀ ਨਾਇਕ , ਮੁਸਲਮਾਨ ਪਾਤਰਾਂ ਨੂੰ ਜ਼ਾਲਮ ਰੂਪ ਵਿਚ ਤੇ ਹਿੰਦੂ ਪਾਤਰਾਂ ਨੂੰ ਕਮਜੋਰ ਰੂਪ ਵਿਚ ਪੇਸ਼ ਕੀਤਾ ਗਿਆ ਹੈ। ਇਸ ਪ੍ਰਕਾਰ ਹੀ ਘਟਨਾਵਾਂ ਵਿਚ ਮੌਕਾ-ਮੇਲ ਦੀ ਵਿਧੀ ਹੈ, ਜਿਸ ਕਾਰਣ ਕਥਾਨਕ ਰੁਮਾਂਸ ਕਥਾ ਦੀ ਵਿਧੀ ਉਤੇ ਉਸਾਰਿਆ ਹੈ ਤੇ ਸ਼ੈਲੀ ਸਾਖੀਆਂ ਵਾਂਗ ਉਪਦੇਸ਼ਾਤਮਕ ਹੈ। ਭਾਈ ਵੀਰ ਸਿੰਘ ਨਾਲ ਪੰਜਾਬੀ ਸਾਹਿਤ ਵਿਚ ਪਹਿਲੀ ਵਾਰ ਨਾਵਲ ਰਚਨਾ ਹੁੰਦੀ ਜੋ ਆਉਣ ਵਾਲੇ ਪੰਜਾਬੀ ਨਾਵਲ ਲਈ ਰਾਹ ਪੱਧਰਾ ਕਰਦੀ ਹੈ। ਭਾਵੇਂ ਇਹ ਨਾਵਲ ਵਿਸ਼ੇਸ਼ ਮਨੋਰਥ ਅਧੀਨ ਅਤੇ ਧਾਰਮਿਕ

ਦ੍ਰਿਸ਼ਟੀ ਤੋਂ ਲਿਖੇ ਗਏ ਧਾਰਮਿਕ ਸੁਧਾਰਵਾਦ ਦੇ ਨਾਵਲ ਹਨ ਪਰ ਇਹ ਨਾਵਲ ਪੰਜਾਬ ਦੇ ਵਿਸ਼ੇਸ਼ ਇਤਿਹਾਸਕ ਕਾਲ ਦੀਆਂ ਅਨੇਕ ਧਾਰਮਿਕ, ਰਾਜਨੀਤਕ ਅਤੇ ਸਭਿਆਚਾਰਕ ਗੁੰਝਲਾਂ ਨੂੰ ਪੇਸ਼ ਕਰਦੇ ਹਨ। ਇਹਨਾਂ ਨਾਵਲਾਂ ਜਰੀਏ ਭਾਈ ਵੀਰ ਸਿੰਘ ਪਹਿਲੀ ਵਾਰ ਚੇਤਨ ਤੌਰ 'ਤੇ ਪੱਛਮੀ ਗੁਲਾਮੀ ਦਾ ਵਿਰੋਧ ਪੇਸ਼ ਕਰਦਾ ਹੈ ਅਤੇ ਸਿੱਖ ਧਰਮ ਦੀਆਂ ਨਰੋਈਆਂ ਕਦਰਾਂ ਕੀਮਤਾਂ ਨੂੰ ਸਥਾਪਿਤ ਕਰਦਾ ਹੈ।

**ਭਾਈ ਮੋਹਨ ਸਿੰਘ ਵੈਦ**

ਮੁੱਢਲੇ ਦੌਰ ਦਾ ਦੂਜਾ ਮਹੱਤਵਪੂਰਣ ਨਾਵਲਕਾਰ ਭਾਈ ਮੋਹਨ ਸਿੰਘ ਵੈਦ ਹੈ। ਉਹਨਾਂ ਨੇ ਬਹੁਤ ਸਾਰੀਆਂ ਭਾਸ਼ਾਵਾਂ ਤੋਂ ਇਲਾਵਾ ਪੰਜਾਬੀ ਵਿਚ ਸੁਸ਼ੀਲ ਨੂੰਹ, 'ਸੁਭਾਗ ਕੌਰ, ਸੁਖੀ ਪਰਿਵਾਰ', 'ਸੁਖਦੇਵ ਕੌਰ, ਸੁੱਘੜ ਨੂੰਹ ਤੇ ਲੜਾਕੀ ਸੱਸ, "ਪਛਤਾਵਾ, 'ਇਕ ਸਿੱਖ ਘਰਾਣਾ, ਕਮਾਈ ਦੀ ਬਰਕਤ', 'ਕਪਟੀ ਮਿੱਤਰ, ਸੁਸ਼ੀਲ ਵਿਧਵਾ, ਦੰਪਤੀ ਪਿਆਰ' ਆਦਿ ਨਾਵਲ ਰਚਨਾਵਾਂ ਪੰਜਾਬੀ ਸਾਹਿਤ ਦੀ ਝੋਲੀ ਪਾਈਆਂ ਹਨ। ਭਾਈ ਮੋਹਨ ਸਿੰਘ ਵੈਦ ਨੇ ਭਾਵੇਂ ਭਾਈ ਵੀਰ ਸਿੰਘ ਦਾ ਡੂੰਘਾ ਪ੍ਰਭਾਵ ਕਬੂਲ ਕੀਤਾ ਹੈ, ਪਰ ਵੈਦ ਦੇ ਨਾਵਲ ਸਿੱਖ ਧਰਮ ਦੀਆਂ ਸਮੱਸਿਆਵਾਂ ਦੀ ਥਾਂ ਸਿੱਖ ਸਮਾਜ ਉੱਤੇ ਕੇਂਦਰਿਤ ਹਨ। ਭਾਈ ਵੀਰ ਸਿੰਘ ਜਿਥੇ ਸਿੱਖ ਧਰਮ ਦੇ ਸੁਧਾਰ ਦੀ ਬਾਤ ਪਾਉਂਦਾ ਹੈ, ਉਥੇ ਵੈਦ ਸਿੱਖ ਸਮਾਜ ਵਿਚ ਫੈਲੀਆਂ ਕੁਰਤੀਆਂ ਨੂੰ ਸੁਧਾਰਨ ਦਾ ਇੱਛੁਕ ਹੈ। ਭਾਈ ਮੋਹਨ ਸਿੰਘ ਵੈਦ ਰਾਹੀਂ ਪੰਜਾਬੀ ਨਾਵਲ ਧਰਮ ਖੇਤਰ ਤੋਂ ਬਾਹਰ ਨਿਕਲ ਕੇ  ਸਮਾਜਕ ਸਮੱਸਿਆਵਾਂ ਦੇ ਖੇਤਰ ਵਿਚ ਦਾਖਲ ਹੁੰਦਾ ਹੈ।

ਭਾਵੇਂ ਮੋਹਨ ਸਿੰਘ ਵੈਦ ਅਤੇ ਚਰਨ ਸਿੰਘ ਸ਼ਹੀਦ ਦੇ ਨਾਵਲਾਂ ਵਿੱਚ ਸਿੱਖੀ ਦੀ ਸਥਾਪਨਾ ਦਾ ਸੰਕਲਪ ਸਮਕਾਲੀਨ ਸਮਾਜਿਕ ਯਥਾਰਥ ਦੇ ਸੁਧਾਰਵਾਦੀ ਨਜ਼ਰੀਏ ਤੋਂ ਪੇਸ਼ ਹੁੰਦਾ ਹੈ, ਫਿਰ ਵੀ ਇਸ ਵਿੱਚ ਸਿੱਖ ਮਰਯਾਦਾ ਨੂੰ ਆਦਰਸ਼ਵਾਦੀ ਦ੍ਰਿਸ਼ਟੀਕੋਣ ਤੋਂ ਪੇਸ਼ ਕੀਤਾ ਗਿਆ ਹੈ। ਇਸ ਲਈ ਇਹਨਾਂ ਨਾਵਲਾਂ ਵਿਚ ਸਮਕਾਲੀਨ ਸਮੱਸਿਆਵਾਂ ਦਾ ਹੱਲ, ਗੁਰਸਿੱਖ ਬੰਦੇ ਦੀ ਜੀਵਨ-ਵਿਧੀ ਵਿਚ ਨਿਹਿਤ ਪ੍ਰਤੀਤ ਹੁੰਦਾ ਹੈ। ਜਿੱਥੇ ਭਾਈ ਵੀਰ ਸਿੰਘ ਸਿੱਖ ਧਰਮ ਜਾਂ ਜੀਵਨ ਵਿਧੀ ਦੇ ਕੇਂਦਰੀ ਸੂਤਰ ਸਿੱਖ ਅਤੀਤ ਵਿੱਚੋਂ ਲੱਭਣ ਉਪਰ ਜੋਰ ਦਿੰਦਾ ਹੈ, ਭਾਈ ਮੋਹਨ ਸਿੰਘ ਵੈਦ ਤੇ ਬਾਕੀ ਗਲਪਕਾਰ ਸਿੱਖੀ ਦੇ ਗੌਰਵ ਨੂੰ ਸਮਕਾਲੀਨ ਸਮੱਸਿਆਵਾਂ ਦੇ ਹੱਲ ਦੇ ਰੂਪ ਵਿਚ ਪੇਸ਼ ਕਰਦੇ ਹਨ। ਇਸ ਮਨੋਰਥ ਦੀ ਪੂਰਤੀ ਹਿਤ ਹੀ ਵੱਖਰੇ ਵੱਖਰੇ ਵਸਤੂ ਵੇਰਵਿਆਂ ਨੂੰ ਪੇਸ਼ ਕਰਨ ਦੇ ਬਾਵਜੂਦ , ਇਹ ਨਾਵਲ ਭਾਈ ਵੀਰ ਸਿੰਘ ਦੇ ਨਾਵਲਾਂ ਤੋਂ ਵੱਖਰੀ ਬਿਰਤਾਂਤਕ ਪਹਿਚਾਣ ਸਿਰਜਣ ਤੋਂ ਅਸਮਰਥ ਰਹਿੰਦੇ ਹਨ ਅਤੇ ਯਥਾਰਥ ਨੂੰ ਗਹਿਰਾਈ ਤੋਂ ਫੜਨ ਅਤੇ ਅਮੂਰਤ ਪਰਾਰੂਪਾਂ ਦੇ ਸਮੁੱਚ ਨੂੰ ਬਿਰਤਾਂਤਕ ਪ੍ਰਸੰਗ ਪ੍ਰਦਾਨ ਕਰਨ ਤੋਂ ਅਵੇਸਲੇ ਰਹਿ ਜਾਂਦੇ ਹਨ। ਮੋਹਨ ਸਿੰਘ ਵੈਦ ਦੁਆਰਾ ਰਚਿਤ 'ਸ੍ਰੇਸ਼ਟ ਕੁਲਾਂ ਦੀ ਚਾਲ', 'ਸੁਭਾਗ ਕੌਰ ਅਤੇ  ਸੁਖਦੇਵ ਕੌਰ ਵਿੱਚ ਉਸਦੀ ਦੀ ਇਸ ਬਿਰਤਾਂਤ ਚੇਤਨਾ ਨੂੰ ਵੇਖਿਆ ਜਾ ਸਕਦਾ ਹੈ।

**ਚਰਨ ਸਿੰਘ ਸ਼ਹੀਦ**

ਇਸ ਦੌਰ ਦੇ ਹੀ ਇਕ ਹੋਰ ਮਹੱਤਵਪੂਰਣ ਨਾਵਲਕਾਰ ਚਰਨ ਸਿੰਘ ਸ਼ਹੀਦ ਹਨ ਜਿਹਨਾਂ ਨੇ 'ਦਲੇਰ ਕੌਰ, 'ਰਣਜੀਤ ਕੌਰ', 'ਗ੍ਰਿਸਤ ਦੀ ਬੇੜੀ, 'ਦੋ ਵਹੁਟੀਆਂ' ਆਦਿ ਨਾਵਲਾਂ ਦੀ ਸਿਰਜਣਾ ਕੀਤੀ ਹੈ। ਚਰਨ ਸਿੰਘ ਸ਼ਹੀਦ ਦੀ ਨਾਵਲ ਸਿਰਜਣਾ ਭਾਈ ਵੀਰ ਸਿੰਘ ਤੇ ਮੋਹਨ ਸਿੰਘ ਵੈਦ ਦੇ ਨਾਵਲਾਂ ਨਾਲ ਮਿਲਦੀ ਜੁਲਦੀ ਹੈ। ਇਹਨਾਂ ਦੀ ਦ੍ਰਿਸ਼ਟੀ ਵੀ ਧਾਰਮਿਕ-ਸਮਾਜਕ ਸੁਧਾਰਵਾਦ ਵਾਲੀ ਹੀ ਹੈ।

ਅਮਰ ਸਿੰਘ ਛਾਪੇਵਾਲਾ (ਮਾਲਕ ਮਾਡਲ ਪ੍ਰੈਸ ਲਹੌਰ ) ਇਸ ਦੌਰ ਦਾ ਇਕ ਹੋਰ ਨਾਵਲਕਾਰ ਹੈ। ਉਸ ਦਾ ਪਹਿਲਾ ਨਾਵਲ 'ਘਰ ਦਾ ਨਿਰਬਾਹ' ਸਮਾਜਿਕ ਸੁਧਾਰ ਬਾਰੇ ਲਿਖਿਆ ਤੇ ਦੂਜਾ ਨਾਵਲ 'ਸੁਚੱਜੀ ਧੀ' ਘਰੋਗੀ ਜੀਵਨ ਦੇ ਯਥਾਰਥਕ ਸਰੋਕਾਰਾਂ ਬਾਰੇ ਹੈ। ਆਪ ਜੀ ਨੇ ਕੁਝ ਅੰਗਰੇਜ਼ੀ ਨਾਵਲਾਂ ਦਾ ਪੰਜਾਬੀ ਵਿੱਚ ਅਨੁਵਾਦ ਵੀ ਕੀਤਾ ਹੈ। ਅਕਾਲੀ ਨੇਤਾ ਮਾਸਟਰ ਤਾਰਾ ਵਸਿੰਘ ਵੀ ਪ੍ਰੇਮ ਨਗਰ ਤੇ ਬਾਬਾ ਤੇਗਾ ਸਿੰਘ ਦੇ ਨਾਵਲਾਂ ਦਾ ਰਚੇੈਤਾ ਹੈ। "ਪ੍ਰੇਮ ਲਗਨ ਵਿਚ ਅਕਾਲੀ ਲਹਿਰ ਦੇ ਪਿਛੋਕੜ ਵਿਚ ਪੇਡੂ ਪੰਜਾਬ ਦੇ ਸਮਾਜਕ ਜੀਵਨ ਨੂੰ ਪੇਸ਼ ਕੀਤਾ ਗਿਆ ਹੈ। ਉਸ ਦੇ ਦੂਜੇ ਨਾਵਲ 'ਬਾਬਾ ਤੇਗਾ ਸਿੰਘ' ਵਿਚ ਅੰਗਰੇਜਾਂ ਦੀ ਹਾਰ ਉਪਰੰਤ ਪੰਜਾਬ ਦੀ ਹਾਲਤ ਸਿਰਜੀ ਗਈ ਹੈ ਪਰ ਇਸ ਨਾਵਲ ਦੀ ਕਥਾ ਵਿਚ ਰੁਮਾਂਟਿਕ ਤੇ ਜਸੂਸੀ ਤੱਤਾਂ ਦੀ ਪ੍ਰਧਾਨਤਾ ਹੈ। ਇਸੇ ਦੌਰ ਵਿੱਚ ਛਪਿਆ ਹਰਬਖਸ ਸਿੰਘ ਦਾ ਨਾਵਲ 'ਸ਼ਕੁੰਤਲਾ' ਹੈ ਜਿਸ ਵਿਚ ਆਜ਼ਾਦੀ ਦੇ ਸੰਘਰਸ਼ ਨੂੰ ਬਿਆਨ ਕੀਤਾ ਗਿਆ ਹੈ। ਇਸੇ ਸਮੇਂ ਵਿਚ ਨਾਟਕਕਾਰ ਈਸ਼ਵਰ ਚੰਦਰ ਨੰਦਾ ਦਾ "ਮੁਰਾਦਾਂ ਤੇ ਤੇਜ ਕੌਰ', ਜੋਸ਼ੂਆ ਫ਼ਜ਼ਲਦੀਨ ਦਾ ਨਾਵਲ "ਪ੍ਰਭਾ, ਗੁਰਬਖ਼ਸ਼ ਸਿੰਘ ਪ੍ਰੀਤਲੜੀ ਦਾ 'ਅਣ-ਵਿਆਹੀ ਮਾਂ' ਅਤੇ ਹੋਰ ਕਈ ਨਾਵਲਕਾਰਾਂ ਨੇ ਨਾਵਲੀ ਰਚਨਾਵਾਂ ਦੀ ਸਿਰਜਣਾ ਕੀਤੀ ਹੈ। ਇਸ ਦੌਰ ਦੇ ਨਾਵਲ ਦੀ ਮੁੱਖ ਵਿਸ਼ੇਸ਼ਤਾ ਇਹ ਹੈ ਕਿ ਇਸ ਸਮੇਂ ਪੰਜਾਬੀ ਨਾਵਲ ਧਾਰਮਿਕ ਸੁਧਾਰਵਾਦ ਦੇ ਖੇਤਰ ਤੋਂ ਸਮਾਜਿਕ ਸੁਧਾਰਵਾਦ ਦੇ ਖੇਤਰ ਵਿਚ ਪ੍ਰਵੇਸ਼ ਕਰਦਾ ਹੈ, ਪਰ ਰੂਪ ਅਤੇ ਦ੍ਰਿਸ਼ਟੀ ਪੱਖੋਂ ਇਹ ਨਾਵਲ ਅਜੇ ਮੁੱਢਲੇ ਰੂਪ ਵਿਚ ਹੀ ਸੀ।

**ਦੂਜੇ ਦੌਰ ਦਾ ਪੰਜਾਬੀ ਨਾਵਲ**

1935 ਤੋਂ 1965 ਤਕ ਦੇ ਨਾਵਲ ਨੂੰ ਅਸੀਂ ਦੂਜੇ ਦੌਰ ਵਿੱਚ ਸ਼ਾਮਿਲ ਕਰ ਸਕਦੇ ਹਾਂ। ਇਸ ਦੌਰ ਦੇ ਪੰਜਾਬੀ ਨਾਵਲ ਦੀ ਮੁੱਖ ਸੁਰ ਪ੍ਰਗਤੀਵਾਦੀ ਵਿਚਾਰਧਾਰਾ ਵਾਲੀ ਹੈ। ਪ੍ਰਗਤੀਵਾਦੀ ਸਾਹਿਤ ਧਾਰਾ ਅਧੀਨ ਸਾਹਿਤ ਰਚਨਾਵਾਂ ਵਿੱਚ ਮਨੁੱਖ ਦੀ ਜ਼ਿੰਦਗੀ ਵਿੱਚ ਬੁਨਿਆਦੀ ਤਰੱਕੀ ਅਤੇ ਬਿਹਤਰ ਜੀਵਨ ਹਾਲਤਾਂ ਪੈਦਾ ਕਰਨ ਵੱਲ ਤਵੱਜੋ ਦਿੱਤੀ ਜਾਣ ਲੱਗੀ। ਇਸੇ ਤਰ੍ਹਾਂ ਅੰਤਰਰਾਸ਼ਟਰੀ ਪੱਧਰ ਉਪਰ ਸਾਮਰਾਜਵਾਦ, ਫਾਸ਼ੀਵਾਦ ਤੇ ਨਾਜੀਵਾਦ ਦਾ ਵਿਰੋਧ,

ਬਰਤਾਨਵੀ ਸਾਮਰਾਜ ਦਾ ਵਿਰੋਧ, ਸਾਮੰਤਵਾਦ ਦਾ ਵਿਰੋਧ, ਕੌਮੀ ਸਰਮਾਏਦਾਰੀ ਦਾ ਵਿਰੋਧ, ਜਾਤ-ਪਾਤ, ਛੂਤ-ਛਾਤ ਤੇ ਇਸਤਰੀ ਜਾਤੀ ਦੇ ਦਮਨ ਦਾ ਵਿਰੋਧ, ਬ੍ਰਾਹਮਣਵਾਦ ਤੇ ਸਮਾਜਿਕ ਪਰੰਪਰਾਵਾਦ ਦਾ ਵਿਰੋਧ, ਕਿਸਾਨ-ਮਜ਼ਦੂਰ ਸ਼੍ਰੇਣੀ ਦਾ ਸਮਰਥਨ ਅਤੇ ਉਸ ਦੇ ਕਲਿਆਣ ਦਾ ਲਕਸ਼ ਇਸ ਨਾਵਲ ਵਿੱਚ ਪੇਸ਼ ਹੋਣ ਵਾਲੇ ਮੁੱਖ ਮਸਲੇ ਹਨ। ਇਸ ਦੌਰ ਦੇ ਸਮੁੱਚੇ ਪੰਜਾਬੀ ਸਾਹਿਤ ਅਤੇ ਪੰਜਾਬੀ ਨਾਵਲ ਵਿਚ ਇਹਨਾਂ ਸਮੱਸਿਆਵਾਂ ਦੀ ਪ੍ਰਮੁਖਤਾ ਨਿਰਵਿਵਾਦ ਰੂਪ ਵਿੱਚ ਪਛਾਣੀ ਜਾ ਸਕਦੀ ਹੈ। ਦੂਜੇ ਦੌਰ ਦੇ ਨਾਵਲਕਾਰਾਂ ਵਿੱਚ ਸਭ ਤੋਂ ਪਹਿਲਾਂ ਨਾਨਕ ਸਿੰਘ ਨੂੰ ਰੱਖਿਆ ਜਾ ਸਕਦਾ ਹੈ।

**ਨਾਨਕ ਸਿੰਘ**

ਨਾਨਕ ਸਿੰਘ ਨਾਲ ਪੰਜਾਬੀ ਨਾਵਲ ਯਥਾਰਥਕ ਖੇਤਰ ਵਿਚ ਪ੍ਰਵੇਸ਼ ਕਰਦਾ ਹੈ ਅਤੇ ਉਸਦੀ ਪਹੁੰਚ ਆਮ ਸਧਾਰਣ ਪਾਠਕਾਂ ਤੱਕ ਹੁੰਦੀ ਹੈ। ਉਸਨੇ ਪਹਿਲੀ ਵਾਰ ਪੜ੍ਹੀ ਲਿਖੀ ਮੱਧਵਰਗੀ ਸ਼੍ਰੇਣੀ ਦੇ ਪਾਤਰਾਂ ਰਾਹੀਂ ਸਮਾਜਿਕ ਸਰੋਕਾਰਾਂ ਨੂੰ ਪੰਜਾਬੀ ਨਾਵਲ ਵਿੱਚ ਚਰਚਾ ਛੇੜੀ । ਨਾਨਕ ਸਿੰਘ ਦੇ ਗਰੀਬ ਦੀ ਦੁਨੀਆਂ', 'ਪਿਆਰ ਦੀ ਦੁਨੀਆਂ, 'ਇਕ ਮਿਆਨ ਦੋ ਤਲਵਾਰਾਂ", "ਆਦਮ ਖੋਰ', 'ਪੁਜਾਰੀ' ਆਦਿ ਕਈ ਨਾਵਲਾਂ ਵਿਚ ਇਹ ਸੁਰ ਵੇਖੀ ਜਾ ਸਕਦੀ ਹੈ। ਨਾਨਕ ਸਿੰਘ ਭਾਵੇਂ ਪ੍ਰਗਤੀਵਾਦੀ ਲਹਿਰ ਤੋਂ ਪਹਿਲਾਂ ਹੀ ਨਾਵਲਕਾਰੀ ਕਰਨ ਵਿਚ ਰੁੱਝਿਆ ਹੋਇਆ ਸੀ ਪਰ ਉਸ ਦੇ ਨਾਵਲਾਂ ਦੇ ਕੇਂਦਰ ਵਿੱਚ ਮਨੁੱਖ ਦੀ ਜ਼ਿੰਦਗੀ ਦੇ ਆਦਰਸ਼ਕ ਪੱਖ ਭਾਰੂ ਸਨ। ਫਿਰ ਵੀ ਨਾਨਕ ਸਿੰਘ ਨੂੰ ਪੰਜਾਬੀ ਨਾਵਲ ਦਾ ਸਭ ਤੋਂ ਉੱਘਾ ਤੇ ਮੌਲਿਕ ਲੇਖਕ ਮੰਨਿਆ ਜਾਂਦਾ ਹੈ। ਉਸ ਨੇ 1947 ਤਕ ਲਗਭਗ ਡੇਢ ਦਰਜਨ ਨਾਵਲ ਪੰਜਾਬੀ ਸਾਹਿਤ ਨੂੰ ਦਿੱਤੇ ਹਨ। ਉਸ ਦੇ ਬਹੁਤੇ ਨਾਵਲ ਮੱਧ ਸ਼੍ਰੇਣੀ ਦੀਆਂ ਸਮੱਸਿਆਵਾਂ ਨਾਲ ਸੰਬੰਧ ਰੱਖਦੇ ਹਨ ਅਤੇ ਉਨ੍ਹਾਂ ਦੇ ਜੀਵਨ ਦੀ ਵਿਆਖਿਆ ਕਰਦੇ ਹਨ। ਨਾਨਕ ਸਿੰਘ ਨੂੰ ਹੇਠਲੀ ਸ਼ਹਿਰੀ ਮੱਧ-ਸ਼੍ਰੇਣੀ ਦਾ ਪ੍ਰਤੀਨਿਧ ਨਾਵਲਕਾਰ ਕਹਿ ਲਿਆ ਜਾਵੇ ਤਾਂ ਅਤਿਕਥਨੀ ਨਹੀਂ ਹੋਵੇਗੀ। ਉਹ ਇਸ ਸ਼੍ਰੇਣੀ ਦੇ ਪਾਤਰਾਂ ਰਾਹੀਂ ਸਮਾਜ ਦੇ ਗੁੱਝੇ ਕੋਹਜਾਂ ਨੂੰ ਨੰਗੇ ਕਰਦਾ ਹੈ। ਉਹ ਨਾ ਸਗੋਂ ਸ਼ਹਿਰੀ ਮੱਧ ਸ਼੍ਰੇਣੀ ਦੇ ਪਾਤਰਾਂ ਦੀ ਚੋਣ ਕਰਦਾ ਹੈ ਇਹਨਾ ਦੇ ਵਿਵਹਾਰ ਰਹੀਂ ਸਾਡੇ ਸਮਾਜ ਵਿਚ ਪਰਚਲਤ ਹੋ ਰਹੀਆਂ ਨਵੀਆਂ ਪੂੰਜੀਵਾਦੀ ਕਦਰਾਂ ਕੀਮਤਾਂ ਨੂੰ ਰੇਖਾਂਕਿਤ ਵੀ ਕਰਦਾ ਹੈ। ਉਸ ਦੇ ਇਕ ਦੋ ਨਾਵਲਾਂ ਤੋਂ ਛੁੱਟ ਬਹੁਤ ਘੱਟ ਨਾਵਲ ਪੇਂਡੂ ਜੀਵਨ ਨਾਲ ਸੰਬੰਧ ਰੱਖਦੇ ਹਨ, ਜਿਨ੍ਹਾਂ ਵਿਚੋਂ 'ਚਿੱਟਾ ਲਹੂ' ਇਕ ਅਪਵਾਦ ਕਿਹਾ ਜਾ ਸਕਦਾ ਹੈ। ਲੇਖਕ ਨੂੰ ਕਿਉਂਕਿ ਪੇਂਡੂ ਜੀਵਨ ਦਾ ਪੂਰਾ ਅਨੁਭਵ ਨਹੀਂ ਹੈ ਇਸ ਲਈ ਇਸ ਵਿੱਚ ਪੇਂਡੂ ਜੀਵਨ ਵਿਸਤ੍ਰਿਤ ਅਤੇ ਵਾਸਤਵਿਕ ਰੂਪ ਵਿਚ ਨਹੀਂ ਉਘੜ ਸਕਿਆ ਹੈ।ਨਾਨਕ ਸਿੰਘ ਨੇ ਪੰਜਾਬੀ ਨਾਵਲ ਨੂੰ ਨਾ ਸਿਰਫ ਵਿਸ਼ਿਆਂ ਪੱਖੋਂ ਅਮੀਰੀ ਬਖ਼ਸ਼ੀ ਹੈ ਸਗੋਂ ਵਿਧਾਗਤ ਤੌਰ ਤੇ ਵੀ ਪੰਜਾਬੀ ਨਾਵਲ ਨੂੰ ਅਗਲੇਰੀ ਦਿਸ਼ਾ ਦਿੱਤੀ ਹੈ। ਉਸਨੇ ਪੰਜਾਬੀ ਸਾਹਿਤ ਦੀ ਝੋਲੀ ਵਿੱਚ ਚਿੱਟਾ ਲਹੂ, ਮਤਰੇਈ ਮਾਂ, ਕਾਗਤਾਂ ਦੀ ਬੇੜੀ, ਦੂਰ

ਕਿਨਾਰਾ, ਜੀਵਨ ਸੰਗਰਾਮ, ਲਵ ਮੈਰਿਜ, ਗੰਗਾਜਲੀ ਵਿਚ ਸ਼ਰਾਬ, ਫ਼ੌਲਾਦੀ ਫੁੱਲ, ਪਵਿੱਤਰ ਪਾਪੀ, ਅੱਧ ਖਿੜਿਆ ਫੁੱਲ, ਗ਼ਰੀਬ ਦੀ ਦੁਨੀਆ, ਪਿਆਰ ਦੀ ਦੁਨੀਆ ਆਦਿ ਨਾਵਲ ਪਾਏ ਹਨ।

**ਸੁਰਿੰਦਰ ਸਿੰਘ ਨਰੂਲਾ**

ਇਸ ਦੌਰ ਦਾ ਦੂਜਾ ਮਹੱਤਵਪੂਰਨ ਅਤੇ ਜ਼ਿਕਰਯੋਗ ਨਾਵਲਕਾਰ ਪ੍ਰੋਫੈਸਰ ਸੁਰਿੰਦਰ ਸਿੰਘ ਨਰੂਲਾ ਹੈ। ਸੁਰਿੰਦਰ ਸਿੰਘ ਨਰੂਲਾ ਨੇ 'ਪਿਉ ਪੁਤਰ', 'ਰੰਗ-ਮਹਿਲ', 'ਜਗਰਾਤਾ', 'ਦੀਨ ਤੇ ਦੁਨੀਆਂ', 'ਨੀਲੀਬਾਰ', 'ਲੋਕ-ਦੁਸ਼ਮਣ', 'ਜੱਗ ਬੀਤੀ", 'ਦਿਲ ਦਰਿਆ' ਤੇ "ਸਿੱਲ ਅਲੂਣੀ' ਆਦਿ ਨਾਵਲਾਂ ਦੀ ਸਿਰਜਣਾ ਕੀਤੀ ਹੈ। ਸੁਰਿੰਦਰ ਸਿੰਘ ਨਰੂਲਾ ਦੇ ਪਹਿਲੇ ਨਾਵਲ 'ਪਿਉ ਪੁੱਤਰ' ਰਾਹੀਂ ਇਹ ਸਥਾਪਤ ਹੋ ਗਿਆ ਸੀ ਕਿ ਉਹ ਪੰਜਾਬੀ ਦਾ ਪਹਿਲਾ ਯਥਾਰਥਵਾਦੀ ਨਾਵਲਕਾਰ ਹੈ। ਉਹ ਪੱਛਮੀ ਤੇ ਅੰਗਰੇਜ਼ੀ ਗਲਪ ਸਾਹਿਤ ਦਾ ਗਿਆਤਾ ਸੀ। ਪੰਜਾਬੀ ਨਾਵਲ ਵਿਚ ਯਥਾਰਥਵਾਦੀ ਨਾਵਲਾਂ ਦੀ ਸਿਰਜਣਾ ਕਾਰਣ ਨਰੂਲੇ ਦੀ ਨਾਵਲ ਰਚਨਾ ਨੂੰ ਸਧਾਰਣ ਪਾਠਕਾਂ ਵਿੱਚ ਅਤੇ ਗੰਭੀਰ ਸਾਹਿਤਕ ਹਲਕਿਆਂ ਵਿਚ ਵੀ ਮਾਨਤਾ ਪ੍ਰਾਪਤ ਹੋਈ ਹੈ। ਸੁਰਿੰਦਰ ਸਿੰਘ ਨਰੂਲਾ ਦਾ ਪਹਿਲਾ ਨਾਵਲ "ਪਿਉ ਪੁੱਤਰ' ਯਥਾਰਥਵਾਦੀ ਦ੍ਰਿਸ਼ਟੀ ਤੋਂ ਸਿਰਜਿਆ ਗਿਆ ਹੈ। ਇਸ ਨਾਵਲ ਵਿਚ ਲੇਖਕ ਨੇ ਅੰਮ੍ਰਿਤਸਰ ਸ਼ਹਿਰ ਦੇ ਵੀਹਵੀਂ ਸਦੀ ਦੇ ਪਹਿਲੇ ਵੀਹ ਸਾਲਾਂ ਦੇ ਸਮਾਜਿਕ, ਰਾਜਨੀਤਕ ਤੇ ਸਭਿਆਚਾਰਕ ਇਤਿਹਾਸ ਨੂੰ ਪੇਸ਼ ਕੀਤਾ ਹੈ। ਪੰਜਾਬੀ ਨਾਵਲ ਸਾਹਿਤ ਵਿਚ ਪਹਿਲੀ ਵਾਰ ਕੋਈ ਸਮਾਂ ਜਾਂ ਸ਼ਹਿਰ ਕਿਸੇ ਪਾਤਰ ਦੀ ਥਾਂ ਕੇਂਦਰੀ ਮਹੱਤਵ ਪ੍ਰਾਪਤ ਕਰਦਾ ਪ੍ਰਤੀਤ ਹੁੰਦਾ ਹੈ। ਇਸ ਪ੍ਰਕਾਰ ਹੀ ਲੇਖਕ ਦਾ ਇਕ ਹੋਰ ਨਾਵਲ 'ਦੀਨ ਤੇ ਦੁਨੀਆਂ' ਹੈ ਇਸ ਨਾਵਲ ਵਿਚ ਪੰਜਾਬ ਦਾ ਇਤਿਹਾਸ, ਦੇਸ਼ ਦੀ ਵੰਡ ਤੇ ਭਾਰਤ/ਪੰਜਾਬ ਵਿਚ ਦੇਸ਼ੀ ਸਰਮਾਏਦਾਰੀ ਦੇ ਉਦੈ ਹੋਣ ਦੇ ਯਥਾਰਥ ਨੂੰ ਪ੍ਰਸਤੁਤ ਕੀਤਾ ਗਿਆ ਹੈ। ਉਸ ਨੇ ਰਾਜਸੱਤਾ ਤੇ ਸਰਮਾਏਦਾਰਾਂ ਦੀ ਭਾਈਵਾਲੀ ਨੂੰ ਯਥਾਰਥਕ ਤੇ ਵਿਗਿਆਨਕ ਰੂਪ ਵਿਚ ਪੇਸ਼ ਕੀਤਾ ਹੈ। ਨਰੂਲੇ ਦੇ ਨਾਵਲਾਂ ਵਿਚ 1947 ਤੋਂ 1980 ਤੱਕ ਦੇ ਪੰਜਾਬ ਦੇ ਇਤਿਹਾਸ ਨੂੰ ਯਥਾਰਥ ਰੂਪ ਵਿਚ ਪੇਸ਼ ਕੀਤਾ ਗਿਆ ਹੈ। ਪੰਜਾਬੀ ਨਾਵਲ ਸਾਹਿਤ ਦੇ ਇਤਿਹਾਸ ਵਿਚ ਯਥਾਰਥਵਾਦੀ ਗਲਪ ਦ੍ਰਿਸ਼ਟੀ ਪੱਖੋਂ ਨਰੂਲੇ ਦੇ ਪ੍ਰਵੇਸ਼ ਨਾਲ ਪੰਜਾਬੀ ਨਾਵਲ ਵਿਚ ਸਿਫਤੀ ਤਬਦੀਲੀ ਵਾਪਰਦੀ ਹੈ।

**ਸੰਤ ਸਿੰਘ ਸੇਖੋਂ**

ਸੰਤ ਸਿੰਘ ਸੇਖੋਂ ਦਾ ਨਾਵਲ ਦੇ ਖੇਤਰ ਵਿੱਚ ਬਹੁਤ ਥੋੜ੍ਹਾ ਯੋਗਦਾਨ ਹੈ ਪਰ ਉਸਨੇ ਪੰਜਾਬੀ ਨਾਵਲ ਸਾਹਿਤ ਨੂੰ ਯਥਾਰਥਵਾਦੀ ਦ੍ਰਿਸ਼ਟੀ ਤੋਂ ਪ੍ਰੌਢ ਕਰਨ ਵਿੱਚ ਮਹੱਤਵਪੂਰਣ ਯੋਗਦਾਨ ਪਾਇਆ ਹੈ। ਸੰਤ ਸਿੰਘ ਦੇ ਨਾਵਲ 'ਲਹੂ ਮਿੱਟੀ' ਵਿਚ ਮਨੁੱਖ ਤੇ ਪਰਸਥਿਤੀਆਂ ਦੇ ਤਨਾਉ ਰਾਹੀਂ ਪੰਜਾਬ ਦੇ 1947 ਤੋਂ ਪਹਿਲਾਂ ਦੇ ਕਿਸਾਨੀ

ਸਮਾਜ ਦੇ ਇਤਿਹਾਸਕ ਯਥਾਰਥ ਨੂੰ ਪੇਸ਼ ਕੀਤਾ ਗਿਆ ਹੈ। ਇਸ ਨਾਵਲ ਵਿਚ ਕਿਸਾਨੀ ਪਰਿਵਾਰ ਆਪਣੀ ਹੋਂਦ ਲਈ ਸੰਘਰਸ਼ ਕਰਦਾ ਨਜ਼ਰ ਆਉਂਦਾ ਹੈ। ਪਾਤਰ ਆਪੋ-ਆਪਣੀ ਸਥਿਤੀ ਵਿਚ ਸੰਘਰਸ਼ ਕਰਦੇ ਹੋਏ ਯੁਗ-ਵਿਸ਼ੇਸ਼ ਦੇ ਪ੍ਰਤੀਨਿਧ ਪਾਤਰ ਹਨ। ਉਸ ਨੇ ਇਸ ਨਾਵਲ ਰਾਹੀਂ ਛੋਟੀ ਕਿਸਾਨੀ ਜੀਵਨ ਦੇ ਅੰਤਰ-ਵਿਰੋਧਾਂ ਨੂੰ ਪੇਸ਼ ਕੀਤਾ ਹੈ। ਸੇਖੋਂ ਇਸ ਨਾਵਲ ਵਿਚ ਆਜ਼ਾਦੀ ਤੋਂ ਪਹਿਲਾਂ ਦੇ ਦੌਰ ਵਿੱਚ ਅੰਗਰੇਜ਼ਾਂ ਦੀ ਗੁਲਾਮੀ ਭੋਗ ਰਹੇ ਕਿਸਾਨੀ ਸਮਾਜ ਦੀ ਆਰਥਕ ਮੰਦਹਾਲੀ ਤੇ ਖੜੋਤ ਨੂੰ ਮਾਰਕਸਵਾਦੀ ਦ੍ਰਿਸ਼ਟੀ ਤੋਂ ਪੇਸ਼ ਕੀਤਾ ਹੈ।

ਸੰਤ ਸਿੰਘ ਸੇਖੋਂ ਪੰਜਾਬੀ ਦਾ ਬਹੁਵਿਧਾਵੀ ਸਾਹਿਤਕਾਰ ਤੇ ਆਲੋਚਕ ਹੈ। ਇਹੋ ਕਾਰਣ ਹੈ ਕਿ ਉਸ ਦੇ ਇਸ ਨਾਵਲ ਵਿਚ ਪੇਸ਼ ਹੋਈ ਸ਼ਿਲਪਕਾਰੀ ਅਤੇ ਗਲਪੀ ਸਿਧਾਂਤਕ ਸਮਝ ਪੰਜਾਬੀ ਨਾਵਲ ਸਿਰਜਣਾ ਉਤੇ ਪ੍ਰਭਾਵ ਪਾਉਂਦੀ ਹੈ। ਉਹ ਗਲਪ ਬਿੰਬ ਉਸਾਰਨ ਦੀ ਥਾਂ ਤੇ ਨਾਵਲੀ ਸਥਿਤੀ ਤੇ ਪਾਤਰਾਂ ਦੇ ਤਨਾਉ ਦੀ ਵਿਆਖਿਆ ਉਪਰ ਜੋਰ ਦਿੰਦਾ ਹੈ। ਇਸ ਨਾਵਲ ਵਿਚ ਬਹੁਤੀਆਂ ਘਟਨਾਵਾਂ ਲੇਖਕ ਵਲੋਂ ਸਿਰਜੀਆਂ ਨਹੀਂ ਗਈਆਂ ਸਗੋਂ ਅਸਿੱਧੇ ਢੰਗ ਨਾਲ ਸੁਣਾਈਆਂ ਗਈਆਂ ਹਨ।

**ਜਸਵੰਤ ਸਿੰਘ ਕੰਵਲ**

ਜਸਵੰਤ ਸਿੰਘ ਕੰਵਲ ਪੰਜਾਬੀ ਸਾਹਿਤ ਦਾ ਹਰਮਨ ਪਿਆਰਾ, ਸਭ ਤੋਂ ਵੱਧ ਪੜਿਆ ਜਾਣ ਵਾਲਾ ਪ੍ਰਗਤੀਵਾਦੀ-ਰੋਮਾਂਸਵਾਦੀ ਨਾਵਲਕਾਰ ਹੈ। ਉਸ ਨੂੰ ਹੱਕੀ ਤੌਰ ਤੇ ਨਾਨਕ ਸਿੰਘ ਦਾ ਉਤਰਾ-ਧਿਕਾਰੀ ਕਿਹਾ ਜਾ ਸਕਦਾ ਹੈ। ਜਸਵੰਤ ਸਿੰਘ ਕੰਵਲ ਰਚਿਤ 'ਸਚ ਨੂੰ ਫਾਂਸੀ' ਵਿਚ ਲੇਖਕ ਨੇ ਪੰਜਾਬ ਦੇ ਪੇਂਡੂ ਸਮਾਜ ਦੀਆਂ ਸਮਾਜਿਕ, ਆਰਥਿਕ, ਸਭਿਚਾਰਕ ਸਥਿਤੀਆਂ ਦੇ ਤਣਾਓ ਨੂੰ ਪੇਸ਼ ਕੀਤਾ ਹੈ। ਇਸ ਤੋਂ ਇਲਾਵਾ ਉਸਨੇ ਪਾਲੀ, ਪੂਰਨਮਾਸ਼ੀ, ਰਾਤ ਬਾਕੀ ਹੈ, ਸਿਵਲ ਲਾਇਨਜ, ਹਾਣੀ, ਰੂਪਧਾਰਾ, ਰੋਹੀ ਦਾ ਫੁੱਲ, ਮਿੱਤਰ ਪਿਆਰੇ ਨੂੰ, ਬਰਫ ਦੀ ਅੱਗ ਆਦਿ ਨਾਵਲ ਪੰਜਾਬੀ ਸਾਹਿਤ ਨੂੰ ਦਿੱਤੇ ਹਨ। ਉਸ ਉਪਰ ਮਾਰਕਸਵਾਦ ਦਾ ਪ੍ਰਭਾਵ ਲੰਮਾ ਸਮਾ ਰਿਹਾ ਹੈ। ਇਸ ਕਰਨ ਉਸਨੇ ਆਪਣੇ ਨਾਵਲਾਂ ਰਾਹੀਂ ਵਾਹ ਲਗਦੀ ਇਸ ਵਿਚਾਰਧਾਰਾ ਦਾ ਪ੍ਰਚਾਰ ਪਾਸਾਰ ਕਰਨ ਵਿੱਚ ਯੋਗਦਾਨ ਪਾਇਆ ਹੈ। ਉਸਨੇ ਪੰਜਾਬੀ ਪੜੀ ਲਿਖੀ ਮੱਧ ਸ਼੍ਰੇਣੀ ਦੇ ਜੀਵਨ ਯਥਾਰਥ ਦੀਆਂ ਸਮੱਸਿਆਵਾਂ ਨੂੰ ਆਦਰਸ਼ਵਾਦੀ ਤੇ ਰੁਮਾਂਸਵਾਦੀ ਢੰਗ ਨਾਲ ਪ੍ਰਸਤੁਤ ਕਰਨ ਦਾ ਯਤਨ ਕੀਤਾ ਹੈ।

ਇਸ ਦੌਰ ਦਾ ਇਕ ਮਹੁਤਵਪੂਰਨ ਨਾਵਲਕਾਰ ਕਰਨਲ ਨਰਿੰਦਰ ਪਾਲ ਸਿੰਘ ਹੈ। ਉਸਦੇ ਮੁੱਢਲੇ ਨਾਵਲ ਸਮਾਜਿਕ ਜੀਵਨ ਦੀਆਂ ਸਮੱਸਿਆਵਾਂ ਨਾਲ ਸਬੰਧਿਤ ਹਨ। ਇਸ ਤੋਂ ਇਲਵਾ ਉਸਨੇ ਪਹਿਲੀ ਵਾਰ ਸਮੁੰਦਰੀ ਫੌਜੀ ਜੀਵਨ ਨਾਲ ਜੁੜੇ ਨਾਵਲ ਮਲਾਹ ਤੇ ਸੈਨਾਪਤੀ ਲਿਖੇ। 'ਬਾਮੁਲਾਹਜਾ ਹੁਸ਼ਿਆਰ' ਅਤੇ 'ਟਾਪੂ' ਤੋਂ ਇਲਾਵਾ ਸਿੱਖ ਇਤਿਹਾਸ, ਫਲਸਫੇ ਅਤੇ ਸਿੱਖੀ ਸਿਧਾਂਤਾਂ ਨਾਲ ਸਬੰਧਿਤ ਨਾਵਲ 'ਖੱਨਿਓ ਤਿੱਖੀ, ਵਾਲੋਂ ਨਿੱਕੀ, ਏਤਿ ਮਾਰਗ ਜਾਣਾ

ਅਤੇ 'ਇਕ ਸਰਕਾਰ ਬਾਝੋਂ' ਨਰਿੰਦਰਪਾਲ ਸਿੰਘ ਦੀਆਂ ਦੀਆਂ ਰਚਨਾਵਾਂ ਹਨ। 'ਸੈਨਾਪਤੀ' ਵਿਚ ਮੱਧਕਾਲ ਦੇ ਅਧੋਗਤੀ ਵਿੱਚ ਜਾ ਰਹੇ ਰਾਜਪੂਤ ਸਮਾਜ ਦਾ ਵਰਣਨ ਕੀਤਾ ਗਿਆ ਹੈ।

ਇਸ ਕਾਲ ਵਿਚ ਦੋ ਹੋਰ ਵਰਣਨਯੋਗ ਨਾਵਲਕਾਰ ਮਹਿੰਦਰ ਸਿੰਘ ਕੰਵਰ ਕਰਤਾ 'ਜਵਾਰ ਭਾਟਾ' ਤੇ 'ਪੱਤਝੜ' ਤੇ ਪ੍ਰੀਤਮ ਸਿੰਘ ਭਾਟੀਆ ਕਰਤਾ 'ਤਕਸ਼ਿਲਾ' ਪ੍ਰਕਾਸ਼ਤ ਹੋਏ ਹਨ ਪਰ ਇਹ ਦੋਵੇਂ 1947 ਤੋਂ ਪਿਛੋਂ ਕੋਈ ਨਾਵਲ ਰਚਨਾ ਨਾ ਕਰ ਸਕੇ। ਕੰਵਰ ਦੇ ਪਹਿਲੇ ਨਾਵਲ ਉੱਤੇ ਨਾਨਕ ਸਿੰਘ ਦਾ ਪ੍ਰਭਾਵ ਹੈ, ਪਰ ਦੂਜੇ ਨਾਵਲ ਵਿਚ ਉਸਨੇ ਯਥਾਰਥਵਾਦੀ ਦ੍ਰਿਸ਼ਟੀਕੋਣ ਨੂੰ ਅਪਨਾਉਣ ਦਾ ਯਤਨ ਕੀਤਾ ਹੈ। ਪ੍ਰੀਤਮ ਸਿੰਘ ਭਾਟੀਆਂ ਦੇ ਨਾਵਲ ਇਤਿਹਾਸਕ ਨਾਵਲ-ਭੰਡਾਰ ਵਿਚ ਇਕ ਨਵੇਂ ਕਾਲ ਦਾ ਵਾਧਾ ਕਰਦੇ ਹਨ ਅਤੇ ਇਤਿਹਾਸਕ ਯਥਾਰਥ ਨੂੰ ਪੇਸ਼ ਕਰਨ ਵਿਚ ਸਫਲ ਕਹੇ ਜਾ ਸਕਦੇ ਹਨ।

ਇਸ ਦੌਰ ਵਿਚ ਹੀ ਵਿਦੇਸ਼ੀ ਨਾਵਲਾਂ ਦੇ ਕੁਝ ਸਫਲ ਅਨੁਵਾਦ ਕੀਤੇ ਗਏ। ਨਰਿੰਦਰ ਸਿੰਘ ਸੋਚ ਦਾ 'ਮਜ਼ਦੂਰ', ਪ੍ਰੋ. ਕਰਤਾਰ ਸਿੰਘ ਦਾ 'ਦੁਖੀਏ', ਡਾ. ਪਰਮਿੰਦਰ ਸਿੰਘ ਦਾ 'ਟੱਪਰੀਵਾਸ ਕੁੜੀ ਅਤੇ ਪ੍ਰੋ. ਪੂਰਨ ਸਿੰਘ ਦਾ 'ਮੋਇਆਂ ਦੀ ਜਾਗ' ਵਿਸ਼ੇਸ ਤੌਰ 'ਤੇ ਵਰਣਨਯੋਗ ਹਨ। ਇਹ ਪੁਸਤਕਾਂ ਕ੍ਰਮਵਾਰ ਮੈਕਸਿਮ ਗੋਰਕੀ, ਵਿਕਟਰ ਹਿਊਗੋ ਤੇ ਟਾਲਸਟਾਏ ਦੀਆਂ ਰਚਨਾਵਾਂ ਦੇ ਸੁਤੰਤਰ ਅਨੁਵਾਦ ਹਨ।

**ਗੁਰਚਰਨ ਸਿੰਘ**

ਗੁਰਚਰਨ ਸਿੰਘ ਆਪਣੇ ਪ੍ਰਸਿੱਧ ਨਾਵਲ 'ਵਗਦੀ ਸੀ ਰਾਵੀ ਨਾਲ ਇਸ ਦੌਰ ਦੇ ਵਿਚ ਇਕ ਪ੍ਰਤਿਭਾਸ਼ਾਲੀ ਨਾਵਲਕਾਰ ਦੇ ਰੂਪ ਵਿਚ ਪੇਸ਼ ਹੁੰਦਾ ਹੈ। ਇਹ ਨਾਵਲ ਮਨੋਵਿਗਿਆਨਕ ਯਥਾਰਥਵਾਦੀ ਸ਼ੈਲੀ ਦਾ ਪਹਿਲਾ ਮਹੱਤਵਪੂਰਨ ਨਾਵਲ ਹੈ ਜਿਸ ਵਿਚ ਬਾਰਾਂ ਦੇ ਵਿਚ ਵਸਣ ਵਾਲੇ ਪਰਿਵਾਰਾਂ ਦੀ ਮਾਨਸਿਕ ਟੁੱਟ-ਭੱਜ ਅਤੇ ਆਦਰਸ਼ਾਂ ਦੇ ਖੰਡਨ ਨੂੰ ਪੇਸ਼ ਕੀਤਾ ਗਿਆ ਹੈ। ਨਾਵਲਕਾਰ ਨੇ ਅੰਗਰੇਜ਼ੀ ਰਾਜ ਪ੍ਰਬੰਧ ਦੇ ਨਵੇਂ ਵਿਕਾਸ ਮਾਡਲ ਦੀ ਆਲੋਚਨਾ ਕਰਦਿਆਂ ਸਾਬਤ ਕੀਤਾ ਹੈ ਕਿ ਨਵੀਂ ਵਿੱਦਿਆ, ਨਵੇਂ ਜਿੱਤੇ ਅਤੇ ਨਵੇਂ ਆਬਾਦ ਕੀਤੇ ਜਾ ਰਹੇ ਖਿਤੇ ਸਾਡੇ ਲਈ ਮਾਨਸਿਕ ਖਲਾਅ ਪੈਦਾ ਕਰਦੇ ਹਨ। ਇਸੇ ਕਰਕੇ ਆਪਣੇ ਇਕ ਨਾਵਲ ਨਾਲ ਹੀ ਗੁਰਚਰਨ ਸਿੰਘ ਆਪਣੀ ਪਛਾਣ ਬਣਾਉਣ ਵਿਚ ਕਾਮਯਾਬ ਹੋ ਜਾਂਦਾ ਹੈ।

**ਗੁਰਬਖ਼ਸ਼ ਸਿੰਘ**

ਗੁਰਬਖਸ਼ ਸਿੰਘ ਮੁੱਖ ਰੂਪ ਵਿਚ ਵਾਰਤਕਕਾਰ ਹੈ, ਪਰ ਉਸਨੇ ਦੋ ਨਾਵਲਾਂ ਦੀ ਵੀ ਰਚਨਾ ਕੀਤੀ ਹੈ ਜਿਸ ਵਿਚ 'ਅਣਵਿਆਹੀ ਮਾਂ' ਅਤੇ 'ਰੁੱਖਾਂ ਦੀ ਜੀਰਾਂਦ' ਸ਼ਾਮਲ ਹੈ। ਇਹਨਾਂ ਨਾਵਲਾ ਦੀ ਵਿਸ਼ੇਸ਼ਤਾ ਇਹ ਹੈ ਕਿ ਇਹਨਾਂ ਨੇ ਸਾਡੀਆਂ ਸਮਾਜਿਕ ਸਮੱਸਿਆਵਾਂ ਨੂੰ ਆਦਰਸ਼ਵਾਦੀ  ਨਜ਼ਰੀਏ ਤੋਂ ਪੇਸ਼ ਕਰਦੇ ਹੋਏ, ਵਿਅਕਤੀਗਤ ਉਦਾਤ ਦੀ ਮਿੱਥ ਨੂੰ ਬਿਰਤਾਤ ਸਿਰਜਣਾ ਦਾ ਆਧਾਰ ਬਣਾਇਆ ਹੈ। ਇਸ ਦੌਰ ਵਿੱਚ ਨੇ ਵੀ ਨਾਵਲਕਾਰੀ ਵਿੱਚ ਹੱਥ ਅਜਮਾਇਆ। ਭਾਵੇਂ ਈਸ਼ਵਰ ਚੰਦਰ ਨੰਦਾ ਮੁੱਖ ਰੂਪ ਵਿਚ ਨਾਟਕਕਾਰ ਹੈ, ਪਰ ਉਸਨੇ ਦੋ ਨਾਵਲਾਂ 'ਤੇਜ ਕੌਰ' ਅਤੇ 'ਮੁਰਾਦ' ਦੀ ਰਚਨਾ ਕੀਤੀ ਹੈ।

**ਪ੍ਰੀਤਮ ਸਿੰਘ ਭਾਟੀਆ**:-

ਸੁਤੰਤਰਤਾ ਤੋਂ ਪਹਿਲਾਂ ਰਚੇ ਜਾਣ ਵਾਲੇ ਨਾਵਲ ਵਿਚ ਪ੍ਰੀਤਮ ਸਿੰਘ ਭਾਟੀਆ ਦੁਆਰਾ ਲਿਖੇ ਗਏ ਦੋ ਨਾਵਲਾਂ ਅਸ਼ੋਕ (1944) ਅਤੇ ਤਕਸ਼ਿਲਾ ਵਿਚਾਰਨਯੋਗ ਨਾਵਲ ਹਨ।

**ਅੰਮ੍ਰਿਤਾ ਪ੍ਰੀਤਮ**

ਇਸ ਦੌਰ ਵਿਚ ਪੰਜਾਬੀ ਨਾਵਲ ਰਚਨਾ ਦੇ ਖੇਤਰ ਵਿਚ ਪੰਜਾਬੀ ਦੀ ਪਹਿਲੀ ਇਸਤਰੀ ਲੇਖਕ ਅੰਮ੍ਰਿਤਾ ਪ੍ਰੀਤਮ ਪ੍ਰਵੇਸ਼ ਕਰਦੀ ਹੈ। 'ਡਾਕਟਰ ਦੇਵ', 'ਪਿੰਜਰ', 'ਆਲਣਾ', 'ਅੱਸੂ' 'ਇਕ ਸਵਾਲ', 'ਚੱਕ ਨੰਬਰ ਛੱਤੀ, 'ਦਿੱਲੀ ਦੀਆਂ ਗਲੀਆਂ' ਆਦਿ ਉਸ ਦੇ ਪ੍ਰਸਿੱਧ ਨਾਵਲ ਹਨ। ਅੰਮ੍ਰਿਤਾ ਪ੍ਰੀਤਮ ਨੇ ਆਪਣੇ ਨਾਵਲਾਂ ਵਿਚ ਇਸਤਰੀ ਨੂੰ ਕੇਂਦਰ ਵਿਚ ਰੱਖਿਆ ਹੈ।

ਪਰੰਪਰਾਵਾਦੀ ਮਧਕਾਲੀਨ ਭਾਰਤੀ ਸਮਾਜ ਵਿਚ ਔਰਤ ਨੂੰ ਦੂਜੈਲੀ ਥਾਂ ਪ੍ਰਾਪਤ ਹੈ। ਇਸ ਸਮਜਕ ਕੀਮਤ ਪ੍ਰਬੰਧ ਵਿੱਚ ਔਰਤ ਨੂੰ ਨੀਵੇਂ ਦਰਜੇ ਦਾ ਮਨੁੱਖ ਮੰਨਿਆ ਜਾਂਦਾ ਹੈ। ਅੰਮ੍ਰਿਤਾ ਪ੍ਰੀਤਮ ਦੇ ਨਾਵਲ ਔਰਤ ਦੀ ਜ਼ਿੰਦਗੀ ਦੀਆਂ ਅਜਿਹੀਆਂ ਹੀ ਸਥਿੱਤੀਆਂ ਨੂੰ ਪ੍ਰਗਟਾਉਣ ਦਾ ਯਤਨ ਕਰਦੇ ਹਨ। ਲੇਖਿਕਾ ਨੇ ਆਪਣੇ ਨਾਵਲਾਂ ਵਿਚ ਆਧੁਨਿਕ ਨਾਰੀ ਦੇ ਜੀਵਨ ਸਰੋਕਾਰਾਂ ਨੂੰ ਬੇਬਾਕੀ ਨਾਲ ਚਿਤਰਿਆ ਹੈ। ਉਸ ਨੇ ਆਪਣੇ ਨਾਵਲਾਂ ਵਿੱਚ  ਅਤਿ ਦੀਆਂ ਸੰਵੇਦਨਸ਼ੀਲ ਇਸਤਰੀਆਂ ਨੂੰ ਸਿਰਜਿਆ ਹੈ। 'ਪਿੰਜਰ' ਦੇ ਇਸਤਰੀ ਪਾਤਰ ਭਾਵੇਂ ਅਨਪੜ੍ਹ ਹਨ, ਪਰ ਉਹਨਾਂ ਵਿਚ ਵੀ ਸੰਵੇਦਨਸ਼ੀਲਤਾ ਬਹੁਤ ਤੀਖਣ ਹੈ। ਪੰਜਾਬੀ ਸਾਹਿਤ ਆਲੋਚਨਾ ਨੇ ਅੰਮ੍ਰਿਤਾ ਪ੍ਰੀਤਮ ਨੂੰ ਇਕ ਕਵਿਤਰੀ ਦੇ ਰੂਪ ਵਿਚ ਹੀ ਸਵੀਕਾਰ ਕੀਤਾ ਹੈ। ਉਸ ਦੇ ਨਾਵਲਾਂ ਵਿਚ ਕਾਵਿਕ ਰਵਾਨਗੀ ਅਤੇ ਸਹਿਜ ਸੰਵੇਦਨਾ ਦੀ ਪ੍ਰਧਾਨਤਾ ਹੈ। ਅੰਮ੍ਰਿਤਾ ਪ੍ਰੀਤਮ ਦੀ ਪੰਜਾਬੀ ਨਾਵਲ ਵਿਚ ਇਹ ਵਿਲੱਖਣਤਾ ਹੈ ਕਿ ਉਸ ਨੇ ਪਹਿਲੀ ਵਾਰ ਸੂਖ਼ਮ ਬਿਰਤੀ ਵਾਲੀ ਸੰਵੇਦਨਸ਼ੀਲ ਔਰਤ ਦਾ ਬਿੰਬ ਪੇਸ਼ ਕੀਤਾ।

## ਕਰਤਾਰ ਸਿੰਘ ਦੁੱਗਲ

ਕਰਤਾਰ ਸਿੰਘ ਦੁੱਗਲ ਇਸ ਦੌਰ ਦਾ ਇਕ ਹੋਰ ਨਾਵਲਕਾਰ ਹੈ ਜਿਸ ਨੇ ਪੰਜਾਬੀ ਸਾਹਿਤ ਨੂੰ 'ਆਂਦਰਾਂ', 'ਨਹੁੰ ਤੇ ਮਾਸ', 'ਉਸ ਦੀਆਂ ਚੂੜੀਆਂ', 'ਇਕ ਦਿਲ ਵਿਕਾਊ ਹੈ" ਤੇ 'ਹਾਲ ਮੁਰੀਦਾਂ ਦਾ' ਆਦਿ ਜ਼ਿਕਰਯੋਗ ਨਾਵਲ ਦਿੱਤੇ ਹਨ। ਉਸ ਦਾ ਨਵਾਂ ਤ੍ਰੈਲੜੀ ਨਾਵਲ ਜੋ ਵੱਖ-ਵੱਖ ਜਿਲਦਾ ਵਿਚ ਹੈ 'ਨਾਨਕ ਨਾਮ ਚੜ੍ਹਦੀ ਕਲਾ', 'ਤੇਰੇ ਭਾਣੇ', 'ਸਰਬੱਤ ਦਾ ਭਲਾ" ਮਹੱਤਵਪੂਰਨ ਨਾਵਲ ਹਨ। ਇਹਨਾਂ ਨਾਵਲਾਂ ਵਿਚ ਸਿੱਖ ਇਤਿਹਾਸ ਦੇ ਸੰਦਰਭ ਵਿਚ ਅਕਾਲੀ ਮੋਰਚਿਆਂ ਦਾ ਇਤਿਹਾਸ ਸਿਰਜਿਆ ਗਿਆ ਹੈ। ਪਰੰਤੂ ਕਰਤਾਰ ਸਿੰਘ ਦੁੱਗਲ ਨੂੰ ਨਾਵਲਕਾਰ ਦੀ ਥਾਂ ਕਹਾਣੀਕਾਰ ਦੇ ਤੌਰ ਤੇ ਵਧੇਰੇ ਪ੍ਰਸਿੱਧੀ ਮਿਲੀ ਹੈ। ਦੁੱਗਲ ਆਪਣੇ ਨਾਵਲਾਂ ਵਿਚ ਪੋਠੋਹਾਰੀ ਭਾਸ਼ਾ ਦਾ ਪ੍ਰਯੋਗ ਕਰਦਾ ਹੈ। ਦੁੱਗਲ ਦੀ ਨਾਵਲ ਦ੍ਰਿਸ਼ਟੀ ਪ੍ਰਕਿਰਤੀਵਾਦੀ ਯਥਾਰਥਵਾਦੀ ਹੈ। ਉਹ ਫ਼ਰਾਇਡ ਤੋਂ ਪ੍ਰਭਾਵਤ ਹੋਣ ਕਾਰਣ ਆਪਣੇ ਨਾਵਲਾਂ ਵਿਚ ਜਿਨਸੀ ਕਿਰਿਆਵਾਂ ਦਾ ਨਿਸ਼ੰਗਤਾ ਨਾਲ ਬਿਆਨ ਕਰਦਾ ਹੈ। ਇਸ ਦੌਰ ਵਿਚ ਹੀ ਗੁਰਚਰਨ ਸਿੰਘ ਦੇ ਨਾਵਲ 'ਵਗਦੀ ਸੀ ਰਾਵੀ' ਨੂੰ ਵੀ ਗੰਭੀਰ ਸਾਹਿਤਕ ਹਲਕਿਆਂ ਵੱਲੋਂ ਸਵੀਕ੍ਰਿਤੀ ਪ੍ਰਾਪਤ ਹੋਈ ਹੈ। ਪੰਜਾਬੀ ਨਾਵਲ ਖੇਤਰ ਵਿਚ 'ਲਹੂ-ਮਿੱਟੀ' ਤੋਂ ਪਿਛੋਂ ਇਹ ਦੂਸਰੀ ਸ਼ੁੱਧ ਯਥਾਰਥਵਾਦੀ ਰਚਨਾ ਹੈ ਜਿਹੜੀ ਪ੍ਰਤੀਰੂਪਕ ਗਲਪ ਦਾ ਨਮੂਨਾ ਪੇਸ਼ ਕਰਦੀ ਹੈ।

ਪੰਜਾਬੀ ਦਾ ਇਕ ਹੋਰ ਮਹੱਤਵਪੂਰਨ ਨਾਵਲਕਾਰ ਸੋਹਣ ਸਿੰਘ ਸੀਤਲ ਹੈ। ਉਸਨੇ ਪੰਜਾਬੀ ਨਾਵਲ ਦੇ ਦੂਜੇ ਦੌਰ ਵਿਚ ਨਾਵਲ ਰਚਨਾ ਅਰੰਭ ਕੀਤੀ ਸੀ ਤੇ ਉਮਰ ਦੇ ਲਿਹਾਜ਼ ਨਾਲ ਵੀ ਉਹ ਇਸ ਦੌਰ ਦੇ ਨਾਵਲਕਾਰਾਂ ਦਾ ਹਾਣੀ ਹੈ ਪਰੰਤੂ ਉਸ ਦੇ ਨਾਵਲਾਂ ਨੂੰ ਸਵੀਕ੍ਰਿਤੀ ਬਹੁਤ ਪਿਛੋਂ ਜਾ ਕੇ ਪ੍ਰਾਪਤ ਹੋਈ ਹੈ। ਉਂਝ ਵੀ ਉਸ ਦੇ ਨਾਵਲ ਸਾਹਿਤ ਇਤਿਹਾਸ ਵਿਚ ਜ਼ਿਕਰਯੋਗ ਨਾਵਲਾਂ ਦੀ ਸਿਰਜਣਾ 1960 ਤੋਂ ਪਿਛੋਂ ਹੀ ਹੋਈ ਹੈ।

## ਤੀਜੇ ਦੌਰ ਦਾ ਪੰਜਾਬੀ ਨਾਵਲ

1965 ਤੋਂ ਪਿਛੋਂ ਪੰਜਾਬੀ ਤੇ ਭਾਰਤੀ ਜੀਵਨ ਵਿਚ ਬਹੁਤ ਸਾਰੀਆਂ ਤਬਦੀਲੀਆਂ ਵਾਪਰ ਜਾਂਦੀਆਂ ਹਨ, ਜਿਸ ਕਾਰਣ ਜੀਵਨ ਦੇ ਹਰ ਖੇਤਰ ਵਿਚ ਇਹਨਾਂ ਤਬਦੀਲੀਆ ਦਾ ਪ੍ਰਭਾਵ ਪੈਣਾ ਆਰੰਭ ਹੋ ਜਾਂਦਾ ਹੈ। 1947 ਵਿਚ ਆਜ਼ਾਦੀ ਦੀ ਪ੍ਰਾਪਤੀ, ਦੇਸ਼ ਵੰਡ, 1950 ਵਿਚ ਲੋਕਤਾਂਤਰਿਕ ਢਾਂਚੇ ਦਾ ਹੋਂਦ ਵਿਚ ਆਉਣਾ, ਵਿੱਦਿਆ ਦਾ ਪਾਸਾਰ, ਵਿਗਿਆਨ, ਤਕਨੀਕ ਤੇ ਸਮਾਜ ਵਿਗਿਆਨਾਂ ਦੇ ਖੇਤਰਾਂ ਦੇ ਗਿਆਨ ਦੀਆਂ ਨਵੀਆਂ ਪ੍ਰਾਪਤੀਆਂ, ਆਜਾਦੀ ਉਪਰੰਤ ਆਜ਼ਾਦ ਭਾਰਤ ਦੇ ਸੁਪਨੇ ਦਾ ਟੁੱਟਣਾ, ਨੀਵੀਆਂ ਸ਼੍ਰੇਣੀਆਂ ਤੇ ਔਰਤਾਂ ਲਈ ਵਿਦਿਆ ਦੇ ਨਵੇਂ ਮੌਕਿਆਂ ਦਾ ਪੈਦਾ ਹੋਣਾ ਆਦਿ ਕੁਝ ਅਜਿਹੇ ਕਾਰਣ ਹਨ ਜਿਹਨਾਂ ਨੇ ਪੰਜਾਬੀ ਨਾਵਲ ਉਤੇ ਡੂੰਘਾ ਪ੍ਰਭਾਵ ਪਾਇਆ। ਪੰਜਾਬੀ ਨਾਵਲ ਵਿਚ ਨਵੇਂ ਅਨੁਭਵ ਅਤੇ ਨਵੀਆਂ ਦ੍ਰਿਸ਼ਟੀਆਂ ਨਵੇਂ ਸੰਦਰਭ ਵਿੱਚ ਪੇਸ਼ ਹੋਣੇ ਆਰੰਭ ਹੋਏ। 1965 ਤੋਂ ਪਿੱਛੋਂ ਪੰਜਾਬੀ ਵਿਚ

ਬਹੁਤ ਸਾਰੇ ਨਵੇਂ ਨਾਵਲਕਾਰ ਪ੍ਰਵੇਸ਼ ਕਰਦੇ ਹਨ। ਪੰਜਾਬੀ ਨਾਵਲ ਖੇਤਰ ਵਿਚ ਬਹੁਤ ਸਾਰੇ ਦੂਜੀ ਪੀੜ੍ਹੀ ਦੇ ਨਾਵਲਕਾਰ ਵੀ ਨਾਵਲ ਸਿਰਜਣਾ ਵਿਚ ਰੁੱਝੇ ਰਹਿੰਦੇ ਹਨ, ਜਿਵੇਂ ਨਾਨਕ ਸਿੰਘ, ਜਸਵੰਤ ਸਿੰਘ ਕੰਵਲ, ਕਰਤਾਰ ਸਿੰਘ ਦੁੱਗਲ, ਅੰਮ੍ਰਿਤਾ ਪ੍ਰੀਤਮ, ਨਰਿੰਦਰ ਪਾਲ ਸਿੰਘ ਆਦਿ। ਪਰੰਤੂ ਪੁਰਾਣੀ ਪੀੜ੍ਹੀ ਦੇ ਇਹ ਨਾਵਲਕਾਰ ਜ਼ਿਆਦਾਤਰ ਆਪਣੀਆਂ ਸੰਭਾਵਨਾਵਾਂ 1965 ਤੋਂ ਪਹਿਲਾਂ ਹੀ ਹੰਢਾ ਚੁੱਕੇ ਸਨ। ਕੁਝ ਇਕ ਨਾਵਲਕਾਰ ਹੀ ਆਪਣੀਆਂ ਰਚਨਾਵਾਂ ਵਿਚ ਗੁਣਾਤਮਕ ਪੱਖੋਂ ਕੁਝ ਨਵੀਆਂ ਪ੍ਰਾਪਤੀਆਂ ਕਰ ਸਕੇ ਹਨ। ਇਸ ਦੌਰ ਦਾ ਪਹਿਲਾ ਪੰਜਾਬੀ ਨਾਵਲਕਾਰ ਸੋਹਣ ਸਿੰਘ ਸੀਤਲ ਨੂੰ ਮੰਨਿਆ ਜਾ ਸਕਦਾ ਹੈ।

**ਸੋਹਣ ਸਿੰਘ ਸੀਤਲ (11)**

ਸਿੱਖ ਰਾਜ ਕਿਵੇਂ ਗਿਆ, ਪੁਰਾਤਨ ਸਿੱਖ ਮਿਸਲਾਂ, ਮਹਾਰਾਜਾ ਰਣਜੀਤ ਸਿੰਘ ਆਦਿ ਤਕ ਦੇ ਸਿੱਖ ਇਤਿਹਾਸ ਨਾਲ ਸਬੰਧਤ ਨਾਵਲ ਲਿਖੇ ਹਨ। ਸੀਤਲ ਨੇ ਇਹਨਾਂ ਨਾਵਲਾਂ ਤੋਂ ਇਲਾਵਾ ਹੋਰ ਵੀ ਬਹੁਤ ਸਾਰੇ ਨਾਵਲਾਂ ਦੀ ਰਚਨਾ ਕੀਤੀ ਜਿਹਨਾਂ ਵਿਚ ਜਿਕਰਯੋਗ ਨਾਵਲ ਜੰਗ ਦਾ ਆਧਾਨ, ਤੂਤਾਂ ਵਾਲਾ ਖੂਹ, ਈਚੋਗਿਲ ਨਹਿਰ ਤਕ ਤੇ ਯੁੱਗ ਬਦਲ ਗਿਆ ਹਨ। ਸੋਹਣ ਦੇ ਇਹਨਾਂ ਨਾਵਲਾਂ ਵਿੱਚ ਪੰਜਾਬ, ਪੰਜਾਬੀ, ਪੰਜਾਬੀਅਤ ਪ੍ਰਤੀ ਉਸਦਾ ਮੋਹ ਝਲਕਦਾ ਹੈ। ਉਸਨੇ ਸਾਂਝੀ ਪੰਜਾਬੀ ਸੰਸਕ੍ਰਿਤੀ ਅਤੇ ਭਾਈਚਾਰੇ ਦੇ ਸੰਕਟ ਤੇ ਸਮੱਸਿਆਵਾਂ ਨੂੰ ਆਲੋਚਨਾਤਮਕ ਯਥਾਰਥਵਾਦੀ ਦ੍ਰਿਸ਼ਟੀ ਤੋਂ ਪੇਸ਼ ਕੀਤਾ ਹੈ।

**ਗੁਰਦਿਆਲ ਸਿੰਘ**

ਗੁਰਦਿਆਲ ਸਿੰਘ ਇਸ ਦੌਰ ਦਾ ਇਕ ਹੋਰ ਯਥਾਰਥਵਾਦੀ ਨਾਵਲਕਾਰ ਹੈ ਜਿਸ ਰਾਹੀਂ ਪੰਜਾਬੀ ਨਾਵਲ ਨੂੰ ਨਵੀਂ ਦਿਸ਼ਾ ਪ੍ਰਾਪਤ ਹੁੰਦੀ ਹੈ। 'ਮੜ੍ਹੀ ਦਾ ਦੀਵਾ, 'ਕੁਵੇਲਾ', 'ਰੇਤੇ ਦੀ ਇਕ ਮੁੱਠੀ', 'ਆਥਣ ਉਗਣ, "ਅੰਨੇ ਘੋੜੇ ਦਾ ਦਾਨ, 'ਅੱਧ ਚਾਨਣੀ ਰਾਤ', 'ਅਣਹੋਏ' ਤੇ 'ਪਰਸਾ' ਉਸ ਦੀਆਂ ਪ੍ਰਸਿੱਧ ਨਾਵਲੀ ਰਚਨਾਵਾਂ ਹਨ। ਗੁਰਦਿਆਲ ਸਿੰਘ ਪੰਜਾਬ ਦੀ ਜਗੀਰਦਾਰੀ ਵਿਵਸਥਾ ਤੋਂ ਪੂੰਜੀਵਾਦੀ ਵਿਵਸਥਾ ਵਿਚ ਵਾਪਰਨ ਵਾਲੇ ਪਰਿਵਰਤਨ ਤੇ ਇਸ ਪਰਿਵਰਤਨ ਕਾਰਣ ਪੈਦਾ ਹੋਣ ਵਾਲੇ ਮਨੁੱਖੀ ਸੰਕਟ ਤੇ ਤ੍ਰਾਸਦੀ ਦਾ ਚਿਤੇਰਾ ਹੈ। ਪੰਜਾਬ ਵਿੱਚ ਲੰਮਾ ਸਮਾਂ ਜਗੀਰੂ ਵਿਵਸਥਾ ਰਹੀ ਹੈ। ਇਸ ਪ੍ਰਬੰਧ ਦੀ ਜਕੜਬੰਦੀ ਤੋਂ ਪੈਦਾ ਹੋਈਆਂ ਪਰਿਸਥਿਤੀਆਂ ਦੀ ਕਠੋਰਤਾ ਨੂੰ ਉਸ ਨੇ ਆਪਣੇ ਹਰ ਨਾਵਲ ਵਿਚ ਪੇਸ਼ ਕੀਤਾ ਹੈ। ਇਸ ਕਠੋਰਤਾ ਦੇ ਸਨਮੁੱਖ ਮਨੁੱਖ ਦੀ ਨਿਗੂਣੀ ਹੋਂਦ ਦੀ ਤ੍ਰਾਸਦੀ ਉਸ ਦੇ ਨਾਵਲਾਂ ਦਾ ਕੇਂਦਰੀ ਨੁਕਤਾ ਹੈ। 'ਅਣਹੋਏ' ਵਿਚ ਨਾਇਕ ਪਾਤਰ ਬਿਸ਼ਨਾ ਸੱਚਾਈ ਉਤੇ ਅੜਿਆ ਪਰਿਵਰਤਨ ਦੀਆਂ ਪੈਸਾ ਮੁਖੀ ਕੀਮਤਾਂ ਸਾਹਮਣੇ ਮਰ ਮੁਕ ਜਾਂਦਾ ਹੈ। "ਅੱਧ ਚਾਨਣੀ ਰਾਤ' ਦਾ ਕੇਂਦਰੀ ਪਾਤਰ ਮੋਦਨ ਵੀ ਫਿਊਡਲ

ਭਾਵਨਾਵਾਂ ਤੇ ਪੂੰਜੀਵਾਦੀ ਪੈਸਾਮੁਖੀ ਕੀਮਤਾਂ ਦੇ ਦਵੰਦ ਕਾਰਨ ਪੈਦਾ ਹੋਈਆਂ ਸਥਿਤੀਆਂ ਦੇ ਟਕਰਾਉ ਕਾਰਣ ਤ੍ਰਾਸਦਿਕ ਹੋਣੀ ਭੋਗਦਾ ਹੈ। 'ਮੜ੍ਹੀ ਦਾ ਦੀਵਾ' ਵੀ ਪੂੰਜੀਵਾਦੀ ਪਰਿਵਰਤਨ ਕਾਰਣ ਜੱਟ ਤੇ ਸੀਰੀ ਦੇ ਰਿਸ਼ਤੇ ਦੀ ਟੁੱਟ-ਭੱਜ ਤੋਂ ਪੈਦਾ ਹੋਈ ਤ੍ਰਾਸਦੀ ਦੀ ਕਹਾਣੀ ਹੈ। ਗੁਰਦਿਆਲ ਸਿੰਘ ਦਾ ਨਾਵਲ "ਪਰਸਾ' ਭਾਵੇਂ ਪੰਜਾਬ ਦੇ ਅਤਿਵਾਦੀ ਦੌਰ ਦੇ ਪਿਛੋਕੜ ਵਿਚ ਲਿਖਿਆ ਗਿਆ ਹੈ ਫਿਰ ਵੀ ਇਸ ਨਾਵਲ ਦਾ ਮੂਲ ਤਨਾਉ ਪੰਜਾਬੀ ਪਰੰਪਰਾਵਾਦੀ ਸਾਂਸਕ੍ਰਿਤਕ ਕਦਰਾਂ-ਕੀਮਤਾਂ ਤੇ ਨਵੇਂ ਪੂੰਜੀਵਾਦੀ ਮੁੱਲਾਂ ਵਿਚ ਹੈ। ਗੁਰਦਿਆਲ ਸਿੰਘ ਦੇ ਨਾਵਲਾਂ ਵਿਚ ਪਹਿਲੀ ਵਾਰੀ ਪੰਜਾਬ ਦੀ ਮੱਧ ਸ਼੍ਰੇਣੀ ਦੀ ਦੀ ਥਾਂ ਹੇਠਲੇ ਪੇਂਡੂ ਵਰਗਾਂ ਦਾ ਜੀਵਨ ਯਥਾਰਥ ਪੇਸ਼ ਹੋਇਆ ਹੈ। ਵਿਧਾਗਤ ਦ੍ਰਿਸ਼ਟੀ ਤੋਂ ਗੁਰਦਿਆਲ ਸਿੰਘ ਦੇ ਨਾਵਲਾਂ ਦੀ ਰੂਪ-ਰਚਨਾ ਅਤਿ ਯਥਾਰਥਵਾਦ ਵਾਲੀ ਹੈ। ਲੇਖਕ ਪੇਂਡੂ ਪੰਜਾਬੀ ਰਹਿਤਲ ਨੂੰ ਸੰਜੀਵ ਗਲਪ ਬਿੰਬਾਂ ਰਾਹੀਂ ਪੇਸ਼ ਕਰਦਾ ਹੈ।

**ਮੋਹਨ ਕਾਹਲੋਂ**

ਮੋਹਨ ਕਾਹਲੋਂ ਇਸ ਦੌਰ ਦੇ ਪੰਜਾਬੀ ਨਾਵਲ ਦਾ ਇਕ ਹੋਰ ਮਹੱਤਵਪੂਰਨ ਹਸਤਾਖਰ ਹੈ। 'ਮਛਲੀ ਇਕ ਦਰਿਆ ਦੀ', 'ਬੇੜੀ ਤੇ ਬਰੇਤਾ', 'ਪਰਦੇਸੀ ਰੁੱਖ, 'ਗੋਰੀ ਨਦੀ ਦਾ ਗੀਤ' 'ਬਾਰਾਂਦਰੀ ਦੀ ਰਾਣੀ' ਅਤੇ 'ਮੈਂ ਕੁਆਰੀ ਨਹੀਂ ਰਹੀ' ਮੋਹਨ ਕਾਹਲੋਂ ਦੀਆਂ ਰਚਨਾਵਾਂ ਹਨ। ਮੋਹਨ ਕਾਹਲੋਂ ਦੇ ਨਾਵਲ-ਜਗਤ ਦੀ ਪਹਿਲੀ ਵਿਲੱਖਣਤਾ ਇਹ ਹੈ ਕਿ ਉਸ ਨੇ ਪਹਿਲੀ ਵਾਰ ਪੰਜਾਬੀ ਨਾਵਲ ਵਿਚ ਅਰਧ ਪਹਾੜੀ ਤੇ ਰਾਵੀ ਨਾਲ ਲਗਦੇ ਪੂਰਬੀ ਪੰਜਾਬ ਦੇ ਜਿਲੇ ਗੁਰਦਾਸਪੁਰ ਦੇ ਮਲਾਹਾਂ, ਗੁਜਰਾਂ ਤੇ ਹੋਰ ਜਾਤੀਆਂ ਦੇ ਜੀਵਨ ਰਾਹੀਂ ਇਸ ਖੇਤਰ-ਵਿਸ਼ੇਸ਼ ਦੀ ਆਂਚਲਿਕਤਾ ਨੂੰ ਪੇਸ਼ ਕੀਤਾ ਹੈ। ਲੇਖਕ ਦਾ ਮਨੋਰਥ ਪਾਤਰਾਂ ਜਾਂ ਘਟਨਾਵਾਂ ਸਿਰਜਣਾ ਨਹੀਂ ਬਲਕਿ ਪਾਤਰਾਂ ਤੇ ਘਟਨਾਵਾਂ ਰਾਹੀਂ ਉਸ ਖੇਤਰ ਵਿਸ਼ੇਸ਼ ਦੇ ਜੀਵਨ ਨੂੰ ਪੇਸ਼ ਕਰਨਾ ਹੈ। ਇਹ ਉਹ ਖਿੱਤਾ ਹੈ ਜਿਥੇ ਰਾਵੀ ਦਰਿਆ ਪਹਾੜ ਤੋਂ ਵਹਿ ਕੇ ਮੈਦਾਨ ਵਿਚ ਆਉਂਦੀ ਹੈ। ਇਹ ਖੇਤਰ ਚੰਬੇ ਤੋਂ ਲੈ ਕੇ ਡੇਰਾ ਬਾਬਾ ਨਾਨਕ ਤਕ ਫੈਲਿਆ ਹੋਇਆ ਹੈ।

'ਬੇੜੀ ਤੇ ਬਰੇਤਾ" ਤੇ 'ਮਛਲੀ ਇਕ ਦਰਿਆ ਦੀ' ਕਾਹਲੋਂ ਦੀ ਨਾਵਲ-ਪ੍ਰਤਿਭਾ ਦੀ ਉਤਮ ਮਿਸਾਲ ਹਨ।

**ਸੁਖਬੀਰ**

ਸੁਖਬੀਰ ਨੇ ਹੁਣ ਤਕ "ਪਾਣੀ ਤੇ ਪੁਲ' (1964), 'ਰਾਤ ਦਾ ਚਿਹਰਾ' (1965), 'ਸੜਕਾਂ ਤੇ ਕਮਰੇ' (1970), 'ਗਰਦਸ਼' (1973), 'ਉਖੜੇ ਹੋਏ ਪੈਰ' (1974) ਤੇ ਅੱਧੇ ਪੌਣੇ' (1981) ਨਾਵਲ ਲਿਖੇ ਹਨ। ਸੁਖਬੀਰ ਦੇ ਆਪਣੇ ਸ਼ਬਦਾਂ ਵਿੱਚ ਉਸ ਦਾ ਨਾਵਲ 'ਰਾਤ ਦਾ ਚਿਹਰਾ' ਲਿਖਿਆ ਪਹਿਲਾਂ ਗਿਆ ਸੀ ਤੇ ਛਪਿਆ 'ਪਾਣੀ ਤੇ ਪੁਲ' ਤੋਂ ਪਿਛੋਂ ਹੈ। ਇਹਨਾਂ ਨਾਵਲਾਂ ਤੋਂ ਵੀ ਪਹਿਲਾਂ ਸੁਖਬੀਰ ਨੇ ਬੱਚਿਆਂ ਲਈ ਇਕ ਨਾਵਲ "ਕੱਚ ਦਾ ਸ਼ਹਿਰ'

ਲਿਖਿਆ ਸੀ। ਸੁਖਬੀਰ ਪੰਜਾਬੀ ਦਾ ਇਕ ਅਜਿਹਾ ਨਾਵਲਕਾਰ ਹੈ ਜੋ ਲੰਮੇ ਅਰਸੇ ਤੋਂ ਬੰਬਈ ਵਰਗੇ ਮਹਾਂਨਗਰ ਵਿੱਚ ਰਹਿ ਰਿਹਾ ਹੈ। ਸੁਖਬੀਰ ਨੇ ਆਪਣਾ ਸਾਰਾ ਜੀਵਨ ਕੁਲ ਵਕਤੀ ਲੇਖਕ ਬਣ ਕੇ ਬਿਤਾਇਆ ਹੈ। ਪੰਜਾਬੀ ਨਾਵਲ ਵਿਚ ਮਹਾਂ ਨਗਰ ਦੇ ਜੀਵਨ ਅਨੁਭਵ ਨੂੰ ਸਭ ਤੋਂ ਪਹਿਲਾਂ ਸੁਖਬੀਰ ਨੇ ਹੀ ਆਪਣੇ ਨਾਵਲਾਂ ਰਾਹੀਂ ਪੇਸ਼ ਕੀਤਾ ਹੈ। ‘ਗਰਦਸ਼, ‘ਸੜਕਾਂ ਤੇ ਕਮਰੇ’ ਤੇ ‘ਅੱਧੇ ਪੌਣੇ’ ਨਾਵਲ ਇਸ ਅਨੁਭਵ ਦੇ ਚਿਤਰਨ ਪੱਖੋਂ ਮਹੱਤਵਪੂਰਨ ਰਚਨਾਵਾਂ ਹਨ।

ਪੰਜਾਬੀ ਨਾਵਲ ਦੀ ਪਰੰਪਰਾਵਾਦੀ ਯਥਾਰਥਵਾਦੀ ਧਾਰਾ ਦੇ ਬਰਾਬਰ ਹੀ ਆਧੁਨਿਕਤਾਵਾਦੀ ਨਾਵਲਕਾਰ ਵੀ ਨਾਵਲ ਸਿਰਜਣਾ ਕਰਦੇ ਰਹੇ ਹਨ। ਆਧੁਨਿਕਤਾਵਾਦੀ ਨਾਵਲਕਾਰਾਂ ਵਿਚੋਂ ਸੁਰਜੀਤ ਸਿੰਘ ਸੇਠੀ ਮੋਹਰੀ ਹੈ। ਉਸ ਦੇ ਜਿਕਰਯੋਗ ਨਾਵਲ ਇਕ ਖਾਲੀ ਪਿਆਲਾ', 'ਆਬਰਾ ਕਦਾਬਰਾ', 'ਸੈਲ ਪੱਥਰ, ਡੁੱਬਦੇ ਸੂਰਜ ਨੂੰ ਸਲਾਮ ਤੇ 'ਕਲ੍ਹ ਵੀ ਸੂਰਜ ਨਹੀਂ ਚੜ੍ਹੇਗਾ' ਹਨ। ਪੰਜਾਬੀ ਨਾਵਲ ਪਰੰਪਰਾ ਵਿੱਚ ਨਵੇਂ ਪ੍ਰਯੋਗ ਕਰਨ ਵਾਲਾ ਨਾਵਲਕਾਰ ਹੈ। ਉਹ ਪੱਛਮੀ ਨਾਵਲ ਦੀਆਂ ਗਲਪ-ਵਿਧੀਆਂ ਦਾ ਪੰਜਾਬੀ ਨਾਵਲ ਵਿਚ ਪ੍ਰਯੋਗ ਕਰਦਾ ਹੈ। ਪੰਜਾਬੀ ਨਾਵਲ ਵਿਚ ਸੇਠੀ ਦੀ ਬਤੌਰ ਨਾਵਲਕਾਰ ਪਛਾਣ ਇਕ 'ਖਾਲੀ ਪਿਆਲਾ' ਨਾਲ ਬਣਦੀ ਹੈ। ਇਸ ਨਾਵਲ ਵਿਚ ਸੇਠੀ ਨੇ ਨਾਵਲ ਦੀ ਕੇਂਦਰੀ ਪਾਤਰ ਰੇਖਾ ਦੀ ਮਾਨਸਕ ਸਥਿਤੀ ਨੂੰ ਬਿਆਨ ਕੀਤਾ ਹੈ। ਉਸਦਾ ਜੀਵਨ ਸਥਿਰ ਨਹੀਂ ਹੈ। ਉਹ ਕਦੇ ਆਪਣੇ ਮਾਤਾ-ਪਿਤਾ ਦੀ ਤ੍ਰਾਸਦੀ ਕਰਕੇ ਵਿਆਕੁਲ ਹੁੰਦੀ ਹੈ ਅਤੇ ਕਦੀ ਆਪਣੀ ਭਾਵੁਕ ਚੰਚਲਤਾ ਕਾਰਣ ਕਈ ਪਤੀ ਬਦਲਦੀ ਹੈ ਤੇ ਅੰਤ ਨੂੰ ਖਾਲੀ ਪਿਆਲਾ ਬਣ ਕੇ ਰਹਿ ਜਾਂਦੀ ਹੈ। 'ਕੱਲ ਵੀ ਸੂਰਜ ਨਹੀਂ ਚੜ੍ਹੇਗਾ' ਵਿਚ ਜਲ੍ਹਿਆਂਵਾਲੇ ਬਾਗ ਦੀ ਘਟਨਾ ਨੂੰ ਜਨਰਲ ਡਾਇਰ ਦੇ ਹੀਣ ਭਾਵ ਤੋਂ ਉਪਜੇ ਮਾਨਸਕ ਦਵੰਦ ਰਾਹੀਂ ਪੇਸ਼ ਕੀਤਾ ਗਿਆ ਹੈ। ਸੁਰਜੀਤ ਸਿੰਘ ਸੇਠੀ ਆਪਣੇ ਨਾਵਲਾਂ ਵਿਚ ਘਟਨਾਵਾਂ ਦੀ ਥਾਂ ਪਾਤਰਾਂ ਦੀ ਉਸਾਰੀ ਵੱਲ ਵਧੇਰੇ ਧਿਆਨ ਕੇਂਦਰਿਤ ਕਰਦਾ ਹੈ। ਪਾਤਰ-ਉਸਾਰੀ ਵੇਲੇ ਵੀ ਆਧੁਨਿਕ ਗਲਪ-ਵਿਧੀਆਂ ਦੇ ਪ੍ਰਯੋਗ ਰਾਹੀਂ ਉਹ ਪਾਤਰਾਂ ਦੇ ਜਿਨਸੀ ਸੰਬੰਧਾਂ ਦੇ ਵਿਸ਼ਲੇਸ਼ਣ ਉਤੇ ਲੋੜੋਂ ਵੱਧ ਜੋਰ ਦਿੰਦਾ ਰਿਹਾ ਹੈ। ਗਲਪ-ਜੁਗਤ ਦੇ ਦ੍ਰਿਸ਼ਟੀਕੋਣ ਤੋਂ ਉਹ ਨਾਵਲਾਂ ਵਿਚ ਬਿਰਤਾਂਤ ਚਿਤਰ ਦੀ ਥਾਂ ਦ੍ਰਿਸ਼ ਚਿਤਰ ਉਪਰ ਵਧੇਰੇ ਜੋਰ ਦਿੰਦਾ ਹੈ। ਇਹਨਾਂ ਦ੍ਰਿਸ਼ ਚਿੱਤਰਾਂ ਵਿਚੋਂ ਅਰਥ ਪਾਠਕ ਨੂੰ ਆਪ ਲੱਭਣੇ ਪੈਂਦੇ ਹਨ। ਇਸ ਲਈ ਆਮ ਸਾਧਾਰਣ ਪਾਠਕ ਇਹਨਾਂ ਨਾਵਲਾਂ ਦੀ ਅਰਥਗਤ ਗਹਿਰਾਈ ਨੂੰ ਸਮਝਣ ਤੋਂ ਅਸਮਰੱਥ ਰਹਿ ਜਾਂਦਾ ਹੈ। ਸੇਠੀ ਦੇ ਨਾਵਲ ਪਾਠਕ ਤੋਂ ਵਿਕਸਤ ਬੁੱਧੀ ਦੀ ਮੰਗ ਕਰਦੇ ਹਨ।

**ਨਿਰੰਜਨ ਤਸਨੀਮ (1929)**

ਨਿਰੰਜਨ ਤਸਨੀਮ ਪੰਜਾਬੀ ਦਾ ਅਜਿਹਾ ਨਾਵਲਕਾਰ ਹੈ ਜਿਸ ਨੇ ਉਰਦੂ, ਹਿੰਦੀ, ਅੰਗਰੇਜੀ ਤੇ ਪੰਜਾਬੀ ਚਾਰ ਜ਼ੁਬਾਨਾਂ ਵਿਚ ਨਾਵਲ ਰਚਨਾ ਕੀਤੀ ਹੈ। ਉਸ ਦੇ ਹਿੰਦੀ ਤੇ ਉਰਦੂ ਵਿਚ ਇਕ-ਇਕ ਤੇ ਅੰਗਰੇਜ਼ੀ ਵਿਚ ਦੋ ਨਾਵਲ ਛਪੇ ਹਨ। ਪੰਜਾਬੀ ਵਿਚ ਸਭ ਤੋਂ ਵਧੇਰੇ ਹੁਣ ਤਕ ਉਸ ਦੇ ਨੌ ਨਾਵਲ ਛਪ ਚੁੱਕੇ ਹਨ। ਜਿਹਨਾਂ ਵਿਚੋਂ

'ਪਰਛਾਵੇਂ, 'ਤੇੜਾ ਤੇ ਰੂਪ', 'ਹਨੇਰਾ ਹੋਣ ਤਕ', 'ਕਸਕ ਤੇ 'ਰੇਤ ਛਲ' ਉਸ ਦੇ ਪ੍ਰਮੁਖ ਨਾਵਲ ਹਨ। ਨਾਵਲ ਸਿਰਜਣਾ ਤੋਂ ਇਲਾਵਾ ਉਹ ਲਗਾਤਾਰ ਨਾਵਲ ਆਲੋਚਨਾ ਵੀ ਕਰਦਾ ਰਿਹਾ ਹੈ। ਨਾਵਲ ਆਲੋਚਨਾ ਨਾਲ ਸਬੰਧਿਤ ਉਸ ਦੀਆ ਚਾਰ ਪੁਸਤਕਾਂ ਮਿਲਦੀਆਂ ਹਨ।

**ਦਲੀਪ ਕੋਰ ਟਿਵਾਣਾ**

ਦਲੀਪ ਕੌਰ ਟਿਵਾਣਾ 1967 ਤੋਂ ਨਾਵਲ ਰਚਨਾ ਵਿਚ ਰੁੱਝੀ ਹੋਈ ਹੈ। ਉਸ ਨੇ ਹੁਣ ਤਕ ਡੇਢ ਦਰਜਨ ਦੇ ਕਰੀਬ ਨਾਵਲ ਪੰਜਾਬੀ ਸਾਹਿਤ ਨੂੰ ਦਿੱਤੇ ਹਨ। ਉਸਨੇ ਆਪਣੇ ਨਾਵਲਾਂ ਵਿੱਚ ਔਰਤ ਦੇ ਜੀਵਨ ਦੀਆਂ ਡੂੰਗੀਆਂ ਪਰਤਾਂ ਨੂੰ ਇਕ ਨਾਰੀ ਦੇ ਦ੍ਰਿਸਟੀਕੋਣ ਤੋਂ ਪ੍ਰਸਤੁਤ ਕੀਤਾ ਹੈ। ਉਸ ਦੇ ਬਹੁਤੇ ਨਾਵਲ ਆਕਾਰ ਵਿਚ ਛੋਟੇ ਹਨ। "ਅਗਨੀ ਪ੍ਰੀਖਿਆ', 'ਏਹੁ ਹਮਾਰਾ ਜੀਵਣਾ', 'ਤੀਲ੍ਹੀ ਦਾ ਨਿਸ਼ਾਨ', 'ਦੂਸਰੀ ਸੀਤਾ", 'ਹਸਤਾਖਰ', 'ਪੈੜ ਚਾਲ', 'ਲੰਘ ਗਏ ਦਰਿਆ' ਤੇ 'ਕਥਾ ਕੁਕਨੁਸ ਦੀ' ਉਸ ਦੀਆਂ ਮਹੱਤਵਪੂਰਨ ਰਚਨਾਵਾਂ ਹਨ। ਉਹ ਆਪਣੇ ਨਾਵਲਾਂ ਵਿਚ ਇਸਤਰੀ ਨਾਲ ਸਬੰਧਤ ਸਮੱਸਿਆਵਾਂ ਬਹੁਤ ਸੰਵੇਦਨਾ ਅਤੇ ਸਭਿਆਚਾਰਕ ਪਿਛੋਕੜ ਵਿੱਚ ਪੇਸ਼ ਕਰਦੀ ਹੈ। ਉਹ ਆਪਣੇ ਨਾਵਲਾਂ ਵਿਚ ਇਸਤਰੀ ਨੂੰ ਵਧੇਰੇ ਹਮਦਰਦੀ ਨਾਲ ਚਿਤਰਦੀ ਹੈ। ਉਸ ਦੇ ਨਾਵਲਾਂ ਵਿਚ ਮੁੱਖ ਰੂਪ ਵਿਚ ਔਰਤ ਦੇ ਦੋ ਰੂਪ ਉਭਰਦੇ ਹਨ। ਇਕ ਰੂਪ ਪਰੰਪਰਾਵਾਦੀ ਇਸਤਰੀ ਦਾ ਹੈ ਜੋ ਆਪਣੀ ਸ਼ਕਤੀ ਦੁੱਖਾਂ ਨੂੰ ਸਹਿਣ ਕਰਨ ਵਿਚ ਮੰਨਦੀ ਹੈ। ਉਸਦੀ ਦੁਆਰਾ ਪੇਸ਼ ਦੂਸਰੀ ਔਰਤ ਆਧੁਨਿਕ ਚੇਤਨਾ ਨਾਲ ਲੈੱਸ ਹੋਣ ਕਾਰਨ ਆਪਣੀਆਂ ਖਾਹਿਸ਼ਾਂ ਦੀ ਪੂਰਤੀ ਲਈ ਹਰ ਪ੍ਰਕਾਰ ਦੇ ਬੰਧਨ ਤੋਂ ਮੁਕਤ ਹੋਣਾ ਲੋਚਦੀ ਹੈ। ਦਲੀਪ ਕੌਰ ਟਿਵਾਣਾ ਦੇ ਨਾਵਲਾਂ ਵਿਚ ਪੇਸ਼ ਹੋਣ ਵਾਲੀ ਪੜ੍ਹੀ ਲਿਖੀ ਤੇ ਆਰਥਕ ਤੌਰ ਤੇ ਆਜ਼ਾਦ ਔਰਤ ਦਾ ਰੂਪ ਚਿਦਰਦੀ ਹੈ ਤਾਂ ਕਦੇ ਵੀ ਸਮਾਜਕ ਪਿਛੋਕੜ ਨੂੰ ਅੱਖੋਂ ਉਹਲੇ ਨਹੀਂ ਕਰਦੀ।

**ਰਾਮ ਸਰੂਪ ਅਣਖੀ**

ਰਾਮ ਸਰੂਪ ਅਣਖੀ ਪੰਜਾਬੀ ਦਾ ਇਕ ਹੋਰ ਮਹੱਤਵਪੂਰਨ ਨਾਵਲਕਾਰ ਹੈ । ਉਹ ਮਾਲਵੇ ਦੇ ਪੇਂਡੂ ਪੰਜਾਬੀ ਜੀਵਨ ਨੂੰ ਯਥਾਰਥਕ ਰੂਪ ਵਿੱਚ ਸਮਝਣ ਅਤੇ ਪੰਜਾਬੀ ਨਾਵਲ ਰਾਹੀਂ ਪੇਸ਼ ਕਰਨ ਵਾਲਾ ਸਮਰੱਥ ਅਤੇ ਹਰਦਿਲ ਅਜੀਜ ਨਾਵਲਕਾਰ ਹੈ। ਉਸਨੇ ਹੁਣ ਤਕ 'ਸੁਲਗਦੀ ਰਾਤ', 'ਕੱਖਾਂ ਕਾਨਿਆਂ ਦੇ ਪੁਲ, ਜਖਮੀ ਅਤੀਤ', 'ਕੋਠੇ ਖੜਕ ਸਿੰਘ' 'ਸਲਫਾਸ', 'ਪਰਤਾਪੀ' ਆਦਿ ਨਾਵਲਾਂ ਦੀ ਸਿਰਜਣਾ ਕੀਤੀ ਹੈ। ਅਣਖੀ 'ਕੋਠੇ ਖੜਕ ਸਿੰਘ' ਦੇ ਛਪਣ ਪਿਛੋਂ ਪੰਜਾਬੀ ਨਾਵਲ ਵਿੱਚ ਪੱਕੇ ਪੈਰੀਂ ਹੋ ਜਾਂਦਾ ਹੈ। ਉਸਦੇ ਵਧੇਰੇ ਨਾਵਲ ਪੇਂਡੂ ਕਿਸਾਨੀ ਜੀਵਨ ਦੀਆਂ ਸਮੱਸਿਆਵਾਂ ਉੱਤੇ ਆਧਾਰਤ ਹਨ। 'ਸੁਲਗਦੀ ਰਾਤ' ਵਿਚ ਜ਼ਮੀਨ ਦੀ ਵੰਡ ਤੋਂ ਪੈਦਾ ਹੋਏ ਛੋਟੀ ਕਿਸਾਨੀ ਦੇ ਆਪਸੀ ਝਗੜਿਆਂ ਨੂੰ

ਰੁਮਾਂਟਿਕ ਢੰਗ ਨਾਲ ਪੇਸ਼ ਕੀਤਾ ਹੈ। ਉਸ ਦੀ ਨਾਵਲ ਸਿਰਜਣਾ ਦੀ ਖੂਬੀ ਇਹ ਹੈ ਕਿ ਪਹਿਲਾਂ ਉਹ ਸਮੱਸਿਆ ਦੀ ਨਿਸ਼ਾਨਦੇਈ ਕਰਦਾ ਹੈ ਤੇ ਫਿਰ ਪ੍ਰਗਤੀਵਾਦੀ ਸਮਾਜਵਾਦੀ ਨੁਸਖੇ ਰਾਹੀਂ ਸੁਲਝਾਉਣ ਦਾ ਯਤਨ ਕਰਦਾ ਹੈ। 'ਜ਼ਖ਼ਮੀ ਅਤੀਤ' ਵਿਚ ਇਕ ਔਰਤ ਸੁਰਿੰਦਰ ਦੇ ਵਿਅਕਤੀਵਾਦੀ- ਆਦਰਸ਼ਵਾਦੀ ਸੰਘਰਸ਼ ਨੂੰ ਪ੍ਰਗਤੀਵਾਦੀ ਸੰਘਰਸ਼ ਦੇ ਰੂਪ ਵਿਚ ਪ੍ਰਸਤੁਤ ਕੀਤਾ ਗਿਆ ਹੈ। ਉਸ ਦੀ ਨਾਵਲ ਕਲਾ ਦਾ ਇਹ ਦੋਸ਼ ਹੈ ਕੀ ਯਥਾਰਥਕ ਸਥਿੱਤੀਆਂ ਨੂੰ ਰੁਮਾਂਟਿਕ ਦ੍ਰਿਸ਼ਟੀਕੋਣ ਤੋਂ ਵੇਖਣ ਦੀ ਭ੍ਰਾਂਤੀ ਦਾ ਸ਼ਿਕਾਰ ਹੋ ਜਾਂਦਾ ਹੈ। ਕੁਝ ਹੱਦ ਤੱਕ ਅਣਖੀ ਆਪਣੇ ਵੱਡ ਆਕਾਰੀ ਨਾਵਲ 'ਕੋਠੇ ਖੜਕ ਸਿੰਘ' ਵਿਚ ਇਸ ਦੋਸ਼ ਤੋਂ ਮੁਕਤ ਨਜ਼ਰ ਆਉਂਦਾ ਹੈ। ਇਸ ਨਾਵਲ ਵਿਚ ਉਹ ਦੇਸ਼ ਵੰਡ ਤੋਂ ਪਹਿਲਾਂ ਤੇ ਪਿਛੋਂ ਦੇ ਪੰਜਾਬ ਦੀ ਕਿਰਸਾਣੀ ਦੀ ਦਸ਼ਾ ਨੂੰ ਯਥਾਰਥਕ ਦ੍ਰਿਸ਼ਟੀਕੋਣ ਤੋਂ ਪ੍ਰਗਟਾਉਂਦਾ ਹੈ। ਉਸ ਦਾ ਇਸ ਤੋਂ ਅਗਲਾ ਨਾਵਲ 'ਪਰਤਾਪੀ' ਵੀ ਸ਼ੁੱਧ ਯਥਾਰਥਵਾਦ ਦੀ ਉਤਮ ਮਿਸਾਲ ਹੈ। ਇਸ ਨਾਵਲ ਵਿਚ ਜ਼ਮੀਨ ਉਤੇ ਆਧਾਰਤ ਮਨੁੱਖੀ ਰਿਸ਼ਤਿਆਂ ਦੀ ਹੋਂਦ ਤੇ ਹੋਣੀ ਨੂੰ ਇਸਤਰੀ ਪਾਤਰਾਂ ਦੀ ਤ੍ਰਾਸਦੀ ਦੇ ਪ੍ਰਸੰਗ ਵਿਚ ਵਿਚਾਰਿਆ ਗਿਆ ਹੈ। ਉਸ ਦੇ ਮੰਗਰਲੇ ਦੌਰ ਦੇ ਨਾਵਲਾਂ ਵਿਚ ਬ੍ਰਿਤਾਤਕ ਸ਼ੈਲੀ ਵਿਚ ਨਿਖਾਰ ਆਇਆ ਹੈ।

**ਅਜੀਤ ਕੌਰ**

ਅੰਮਿਤਾ ਪ੍ਰੀਤਮ ਤੋਂ ਪਿੱਛੋ ਅਜੀਤ ਕੌਰ ਪੰਜਾਬੀ ਦੀ ਇਕ ਵਿਲੱਖਣ ਸ਼ੈਲੀ ਦੀ ਲੇਖਿਕਾ ਹੈ। ਉਸ ਨੇ ਪੰਜਾਬੀ ਸਾਹਿਤ ਨੂੰ 'ਪੋਸਟ ਮਾਰਟਮ', 'ਫਾਲਤੂ ਔਰਤ', 'ਧੁੱਪ ਵਾਲਾ ਸ਼ਹਿਰ`, 'ਕੱਟੀਆਂ ਲਕੀਰਾਂ ਟੁੱਟੇ ਤ੍ਰਿਕੋਣ' ਆਦਿ ਨਾਵਲ ਦਿੱਤੇ ਹਨ।

ਅਜੀਤ ਕੌਰ ਦੇ ਇਹਨਾਂ ਨਾਵਲਾਂ ਵਿਚ ਔਰਤ ਮਰਦ ਦੇ ਪਿਆਰ ਤੇ ਕਾਮ ਸਬੰਧਾਂ ਨੂੰ ਬੇਬਾਕੀ ਨਾਲ ਪ੍ਰਗਟਾਇਆ ਗਿਆ ਹੈ। ਪੜੀ ਲਿਖੀ ਸ਼ਹਿਰੀ ਮੱਧ ਸ਼੍ਰੇਣੀ ਦੀ ਔਰਤ ਉਸਦੇ ਨਾਵਲਾਂ ਦੇ ਕੇਂਦਰ ਵਿਚ ਹੈ। ਇਹ ਨਾਇਕਾ ਜੀਵਨ ਬੰਧਨ ਰਹਿਤ ਹੋ ਕੇ ਖੁੱਲ ਕੇ ਜਿਉਣਾ ਚਹੁੰਦੀ ਹੈ। ਇਸੇ ਲਈ ਉਹ ਵਿਆਹ ਬਾਹਰੇ ਅਤੇ ਮਨਮਰਜੀ ਦੇ ਮਰਦਾਂ ਨਾਲ ਰਿਸ਼ਤੇ ਬਣਾਉਂਦੀ ਹੈ। "ਇਹ ਸਬੰਧ ਵਿਆਹ ਬਾਹਰੇ ਹੋਣ ਕਰਕੇ ਅਧੂਰੇ ਤੇ ਅਤ੍ਰਿਪਤ ਹਨ, ਜਿਸ ਕਰ ਕੇ ਅਜੀਤ ਕੌਰ ਦੀਆਂ ਔਰਤਾਂ ਵਿਸ਼ਾਦਗ੍ਰਸਤ ਹੁੰਦੀਆਂ ਹਨ। ਇਹ ਦੁਖਾਂਤ ਇਸ ਕਰ ਕੇ ਵਾਪਰਦਾ ਹੈ ਕਿ ਇਹਨਾਂ ਰਚਨਾਵਾਂ ਵਿਚਲਾ ਮਰਦ ਵਿਆਹਿਆ ਹੋਇਆ ਹੋਣ ਕਾਰਣ ਔਰਤ ਨੂੰ ਪੂਰਨ ਮਰਦ ਵਾਲਾ ਸਾਥ ਤੇ ਘਰ ਨਹੀਂ ਦੇ ਸਕਦਾ। ਪਰੰਤੂ ਔਰਤ ਇਹਨਾਂ ਦੀ ਤਲਾਸ਼ ਵਿਚ ਦੂਰ ਤਕ ਉਸ ਮਰਦ ਦਾ ਪਿੱਛਾ ਕਰਦੀ ਹੋਈ ਫਾਲਤੂ ਹੋਣ ਦਾ ਦੁਖਾਂਤ ਭੋਗਦੀ ਹੈ।"

ਅਜੀਤ ਕੌਰ ਨੇ ਆਪਣੇ ਨਾਵਲਾਂ ਵਿਚ ਔਰਤ ਨੂੰ ਨਾਰੀਵਾਦੀ ਦ੍ਰਿਸਟੀ ਤੋਂ ਪੇਸ਼ ਕੀਤਾ ਹੈ। ਉਸਦੇ ਨਾਵਲਾਂ ਦੀ ਬਣਤਰ ਇਕਹਿਰੀ ਤੇ ਭਾਸ਼ਾ ਅਤਿ ਦੀ ਤੀਬਰ ਤੇ ਵੇਗਮਈ ਹੈ। ..........

ਕੁੱਝ ਹੋਰ ਨਾਵਲਕਾਰ 'ਦੂਸਰਾ ਹੀਰੋਸ਼ੀਮਾ ਕਰਤਾ ਬਲਦੇਵ ਸਿੰਘ, 'ਅੱਧੀ ਰਾਤ ਪਹਿਰ ਦਾ ਤੜਕਾ

ਕਰਤਾ ਬੂਟਾ ਸਿੰਘ, 'ਧੂੜ ਉਡਦੀ ਰਹੀ' ਬਲਬੀਰ ਸਿੰਘ ਸੰਧੂ, 'ਸੰਤ ਵਿਢਾ ਖੂਹ

ਕਰਤਾ ਬਸੰਤ ਕੁਮਾਰ ਰਤਨ, 'ਰਿਸ਼ਤਿਆਂ ਦੇ ਰੰਗ ਤੇ 'ਚਾਨਣ ਦਾ ਜੰਗਲ' ਕਰਤਾ ਇੰਦਰ ਸਿੰਘ ਖਾਮੋਸ਼ ਅਤੇ 'ਜਲ ਬਿਨ ਕੁੰਭ' ਰਚਿਤ ਚੰਦਨ ਨੇਗੀ ਇਸ ਦੌਰ ਦੇ ਹੋਰ ਮਹੱਤਵਪੂਰਣ ਨਾਵਲ ਹਨ।

ਬਲਜੀਤ ਕੌਰ ਬਲੀ ਦੇ ਨਾਵਲ ਠਰੀ ਰਾਤ, ਆਪਣੀ ਛਾਵੇਂ, ਧੁੱਪ ਦੀ ਵਾਟ ਅਤੇ ਗਵਾਚੇ ਸੂਰਜ ਉਸਦੇ ਇਸਤ੍ਰੀ ਜੀਵਨ ਦੇ ਸੰਕਟਾਂ, ਤਣਾਉ ਅਤੇ ਅਸਤਿਤਵੀ ਮਸਲਿਆਂ ਨੂੰ ਯਥਾਰਥਕ ਰੂਪ ਵਿੱਚ ਪੇਸ਼ ਕੀਤਾ ਹੈ। ਉਸ ਦੀ ਖੂਬਸੂਰਤੀ ਅਤੇ ਵੱਖਰਤਾ ਇਹ ਹੈ ਕਿ ਉਹ ਔਰਤ ਨੂੰ ਤਰਸ ਦੀ ਪਾਤਰ ਬਣਾ ਕੇ ਪੇਸ ਨਹੀਂ ਕਰਦੀ ਸਗੋਂ ਉਸ ਦੀਆਂ ਸਥਿਤੀਆਂ ਦੇ ਪ੍ਰਸੰਗ ਵਿੱਚ ਸਿਰਜਦੀ ਹੈ।

**ਕਰਮਜੀਤ ਕੁੱਸਾ (1953)**

ਨਵੀਂ ਪੀੜ੍ਹੀ ਦੇ ਨਾਵਲਕਾਰਾਂ ਵਿਚੋਂ ਕਰਮਜੀਤ ਕੁੱਸੇ ਨੂੰ ਸਭ ਤੋਂ ਵਧ ਮਾਨਤਾ ਪ੍ਰਾਪਤ ਹੋਈ ਹੈ। 'ਬੁਰਕੇ ਵਾਲੇ ਲੁਟੇਰੇ", 'ਰਾਤ ਦੇ ਰਾਹੀਂ, 'ਰੋਹੀ ਬੀਆਬਾਨ', 'ਅੱਗ ਦਾ ਗੀਤ ਤੇ 'ਜਖ਼ਮੀ ਦਰਿਆ' ਉਸ ਦੀਆਂ ਨਾਵਲੀ ਰਚਨਾਵਾਂ ਹਨ। ਕੁੱਸੇ ਦਾ ਪਹਿਲਾ ਨਾਵਲ ਬੁਰਕੇ ਵਾਲੇ ਲੁਟੇਰੇ ਜਸਵੰਤ ਸਿੰਘ ਕੰਵਲ ਦੀ ਪ੍ਰਗਤੀਵਾਦੀ ਰੁਮਾਂਟਿਕ ਧਾਰਾ ਦਾ ਨਾਵਲ ਹੈ। ਇਸ ਕਾਰਣ ਇਸ ਨਾਵਲ ਨੂੰ ਬਹੁਤਾ ਮਹੱਤਵ ਪ੍ਰਾਪਤ ਨਹੀਂ ਹੋਇਆ।

ਕਰਮਜੀਤ ਕੁੱਸੇ ਨੇ ਆਪਣੇ ਦੂਜੇ ਨਾਵਲ 'ਰਾਤ ਦੇ ਰਾਹੀਂ' ਦੇ ਪ੍ਰਕਾਸ਼ਨ ਰਾਹੀਂ ਹੀ ਪੰਜਾਬੀ ਨਾਵਲ ਸਾਹਿਤ ਵਿਚ ਆਪਣਾ ਸਥਾਨ ਬਣਾ ਲਿਆ ਸੀ। ਕੁੱਸੇ ਦਾ ਇਹ ਨਾਵਲ ਪੰਜਾਬ ਦੀ ਛੋਟੀ ਕਿਰਸਾਣੀ ਦੇ ਔਰਤ ਮਰਦ ਦੇ ਕਾਮ ਸਬੰਧਾਂ ਉਤੇ ਕੇਂਦਰਤ ਹੈ। ਪੰਜਾਬ ਦੀ ਕਿਰਸਾਣੀ ਦੇ ਔਰਤ-ਮਰਦ ਕਾਮ ਸੰਬੰਧਾਂ ਬਾਰੇ ਇਸ ਪ੍ਰਕਾਰ ਦੀ ਯਥਾਰਥਕ ਰਚਨਾ ਪੰਜਾਬੀ ਨਾਵਲ ਵਿਚ ਪਹਿਲਾਂ ਪ੍ਰਾਪਤ ਨਹੀਂ। ਇਸ ਨਾਵਲ ਦੀ ਵਿਸ਼ੇਸ਼ਤਾ ਇਹ ਹੈ ਕਿ ਨਾਵਲ ਔਰਤ-ਮਰਦ ਕਾਮ ਸਬੰਧਾਂ ਨੂੰ ਆਰਥਕ-ਸਮਾਜਕ ਤੇ ਰਾਜਨੀਤਕ ਸੰਦਰਭ ਵਿਚ ਰੱਖ ਕੇ ਪੇਸ਼ ਕਰਦਾ ਹੈ। ਨਾਵਲ ਵਿਚ ਔਰਤ-ਮਰਦ ਕਾਮ ਸਬੰਧ ਆਰਥਕ ਹਾਲਤਾਂ ਵਿਚੋਂ ਪੈਦਾ ਹੁੰਦੇ ਹਨ। ਇਹ ਆਰਥਕ ਹੀਣਤਾ ਛੋਟੀ ਕਿਰਸਾਣੀ ਦੀ ਸਥਿਤੀ ਹੈ ਤੇ ਦੂਜਾ ਮਾਲਵਾ ਖੇਤਰ ਦੇ ਮਰਦ ਔਰਤਾਂ ਦੀ ਘੱਟ ਗਿਣਤੀ ਤੇ ਪੁਰਾਤਨ ਨੈਤਿਕ ਜਗੀਰੂ ਮੁਲਾਂ ਕਾਰਣ ਬਿਨਾਂ ਵਿਆਹ ਤੇ ਹੀ ਰਹਿ ਜਾਂਦੇ ਹਨ। ਨਾਵਲ ਵਿਚ ਪੇਜ ਔਰਤਾਂ ਦੀਪੋ, ਅੰਡੋ ਤੇ ਗੁਰਬੰਸ ਆਦਿ ਦੇ ਵਿਭਿੰਨ ਸਮਿਆਂ ਤੇ ਵੱਖੋਖਰੇ ਮਰਦਾਂ ਨਾਲ ਕਾਮ ਸਬੰਧਾਂ ਨੂੰ ਪੇਸ਼ ਕੀਤਾ ਹੈ ਪਰ ਇਹਨਾਂ ਦੇ ਮਰਦ ਔਰਤਾਂ ਦੇ ਅਜਿਹਾ ਕਰਨ ਤੇ ਤਿਲਮਿਲਾਉਂਦੇ ਤਾਂ ਹਨ ਪਰ ਉਹਨਾਂ ਨੂੰ ਘਰੋਂ ਕੱਢਣ ਜਾਂ ਛੱਡਣ ਦੀ ਸਥਿਤੀ ਵਿਚ ਨਹੀਂ ਹਨ। ਲੇਖਕ ਨਾਵਲ ਵਿਚ ਮਾਲਵਾ ਖੇਤਰ ਦੇ ਇਹਨਾਂ ਮਨੁੱਖੀ ਸਬੰਧਾਂ ਦੀ ਜਟਿਲਤਾ ਨੂੰ ਸ਼ੁੱਧ ਯਥਾਰਥਕ ਦ੍ਰਿਸ਼ਟੀ ਤੋਂ ਪੇਸ਼ ਕਰਦਾ ਹੈ।

**ਨਵਾਂ/ਸਮਕਾਲੀ ਦੌਰ ਦਾ ਨਾਵਲ**

ਇਸ ਨਾਵਲ ਵਿੱਚ ਸਮਕਾਲੀ ਦੌਰ ਦੇ ਬਹੁਤ ਸਾਰੇ ਮਸਲੇ ਇਕੋ ਵੇਲੇ ਪ੍ਰਸਤੁਤ ਹੋਏ ਵੇਖੇ ਜਾ ਸਕਦੇ ਹਨ। ਜਿਵੇਂ ਕਿਸਾਨੀ ਸੰਕਟ, ਵਾਤਾਵਰਣ ਸਬੰਧੀ ਮਸਲੇ, ਔਰਤਾਂ, ਦਲਿਤਾਂ, ਸਮਲਿੰਗੀ ਸਬੰਧਾਂ, ਇਤਿਹਾਸਕ ਮਿਥਿਹਾਸਿਕ ਮਸਲੇ, ਤਕਨੀਕ ਅਤੇ ਵਿਗਿਆਨਕ ਆਦਿ ਮਸਲੇ ਇਸ ਨਾਵਲ ਵਿੱਚ ਵਿਚਾਰੇ ਜਾ ਰਹੇ ਹਨ। ਸਮਕਾਲੀ ਨਾਵਲਕਾਰਾ ਵਿੱਚ ਪ੍ਰਮੁੱਖ ਨਾਂ ਇਹ ਲਏ ਜਾ ਸਕਦੇ ਹਨ- ਜਸਵਿੰਦਰ ਸਿੰਘ, ਗੁਰਸੇਵਕ ਪ੍ਰੀਤ, ਦੇਸ ਰਾਜ ਕਾਲ਼ੀ, ਬਲਜਿੰਦਰ ਨਸਰਾਲੀ, ਬਲਵੀਰ ਪਰਵਾਨਾ, ਜਸਵੀਰ ਰਾਣਾ, ਜਤਿੰਦਰ ਹਾਂਸ, ਪਰਗਟ ਸਤੌਜ, ਬਲਵਿੰਦਰ ਸੰਧੂ ਅਤੇ ਬਹੁਤ ਸਾਰੇ ਹੋਰ ਵੀ ਨਵੇਂ ਲੇਖਕ ਵੀ ਆਪਣੇ ਨ਼ਾਵਲਾਂ ਵਿੱਚ ਸਮਕਾਲੀ ਜੀਵਨ ਦੇ ਗੰਭੀਰ ਮਸਲਿਆਂ ਨੂੰ ਨਜਿੱਠ ਰਹੇ ਹਨ।

**ਪਰਵਾਸੀ ਪੰਜਾਬੀ ਨਾਵਲ :**

ਪੰਜਾਬੀ ਨਾਵਲ ਸਿਰਜਣ ਦੀ ਇਕ ਧਾਰਾ ਪਰਵਾਸੀ ਪੰਜਾਬੀ ਸਾਹਿਤ ਵਿਚ ਵੀ ਚੜ ਰਹੀ ਹੈ। ਭਾਵੇਂ ਬਹੁਤਾ ਪਰਵਾਸੀ ਪੰਜਾਬੀ ਨਾਵਲ ਯਥਾਰਥਵਾਦੀ ਦ੍ਰਿਸ਼ਟੀ ਤੋਂ ਹੀ ਲਿਖਿਆ ਗਿਆ ਹੈ ਪਰ ਇਸ ਨਾਵਲ ਵਿਚ ਇਕ ਵੱਖਰੇ ਅਨੁਭਵ ਨੂੰ ਸਿਰਜਿਆ ਗਿਆ ਹੈ। ਇਹਨਾਂ ਨਾਵਲਾ ਵਿਚ ਆਪਣੀ ਜਨਮ-ਭੂਮੀ ਪ੍ਰੀ ਉਦਰੇਵਾਂ, ਆਪਣੇ ਸਭਿਆਚਾਰ ਪ੍ਰਤਿ ਮੋਹ ਵੀ ਹੈ ਤੇ ਨਾਲ ਹੀ ਪੱਛਮੀ ਜੀਵਨ ਵਿਚ ਭੋਗੇ ਕਸ਼ਟਾਂ ਦੇ ਨਸਲਵਾਦ ਦੀਆਂ ਸਮੱਸਿਆਵਾਂ ਦਾ ਵੀ ਜਿਕਰ ਹੈ। ਇਹਨਾਂ ਨਾਵਲਕਾਰਾਂ ਵਿਚ ਪ੍ਰਮੁੱਖ ਨਾਵਲਕਾਰ ਸਵਰਨ ਚੰਦਨ, ਦਰਸ਼ਨ ਧੀਰ, ਰਘਬੀਰ ਢੰਡ ਆਦਿ ਹਨ। ਸਵਰਨ ਚੰਦਨ ਦੇ ਮਹੱਤਵਪੂਰਨ ਨਾਵਲ 'ਨਵੇਂ ਰਿਸ਼ਤੇ', 'ਕੱਚੇ 'ਘਰ', 'ਕੱਖ-ਕਾਨ ਤੇ ਦਰਿਆ', 'ਕਦਰਾਂ ਕੀਮਤਾ' ਤੇ 'ਕੰਜਕਾਂ' ਹਨ। 'ਕੰਜਕਾਂ' ਸਵਰਨ ਚੰਦਨ ਦਾ ਮਹਾ ਕਾਵਿਕ ਨਾਵਲ ਹੈ ਜੋ ਬਰਤਾਨਵੀ ਭਾਰਤੀ ਔਰਤ ਦੇ ਸੰਘਰਸ਼ਮਈ ਇਤਿਹਾਸ ਨੂੰ ਸਮਾਜਕ-ਰਾਜਨੀਤਕ ਸੰਦਰਭ ਵਿਚ ਯਥਾਰਥਵਾਦੀ ਸ਼ੈਲੀ ਵਿਚ ਪ੍ਰਗਟਾਉਂਦਾ ਹੈ। 'ਸੰਘਰਸ਼' ਤੇ 'ਆਪਣੇ-ਆਪਣੇ ਰਾਹ' ਆਦਿ ਨਾਵਲ ਦਰਸ਼ਨ ਧੀਰ ਦੀਆਂ ਰਚਨਾਵਾਂ ਹਨ ਜੋ ਰੁਮਾਂਟਿਕ ਪ੍ਰਗਤੀਵਾਦੀ ਦ੍ਰਿਸ਼ਟੀਕੋਣ ਤੋਂ ਲਿਖੀਆਂ ਹੋਈਆਂ ਹਨ। ਰਘਬੀਰ ਢੰਡ ਦਾ ਇਕੋ ਇਕ ਨਾਵਲ 'ਰਿਸ਼ਤਿਆਂ ਦੀ ਯਾਤਰਾ' ਹੈ।

ਪੰਜਾਬੀ ਨਾਵਲ ਦੀ ਸਿਰਜਣਾ ਵਿਚ ਅਜੋਕੇ ਦੌਰ ਵਿਚ ਬਹੁਤ ਸਾਰੇ ਨਾਵਲਕਾਰ ਨਾਵਲ ਸਿਰਜਣਾ ਵਿਚ ਰੁੱਝੇ ਹੋਏ ਹਨ। ਨਵੇਂ ਪੰਜਾਬੀ ਨਾਵਲਕਾਰਾਂ ਵਿਚੋਂ ਕ੍ਰਿਪਾਲ ਸਿੰਘ ਆਜ਼ਾਦ ਦਾ ਵੱਡ ਅਕਾਰੀ ਨਾਵਲ 'ਸੁਪਨੇ ਤੋਂ ਸੱਚ ਤਕ: ਜੋਗਿੰਦਰ ਸਿੰਘ ਕੈਰੋਂ ਦੇ 'ਨਾਦ ਬਿੰਦ' ਤੇ 'ਸਭਨਾ ਜਿੱਤੀਆਂ ਬਾਜੀਆਂ', ਮਿਤਰ ਸੈਨ ਮੀਤ ਦੇ 'ਤਫਤੀ' ਤੇ 'ਕਟਹਿਰਾ', ਨਿੰਦਰ ਗਿੱਲ ਦੇ 'ਪੰਜਾਬ 84 ਤੇ 'ਦਹਿਸ਼ਤ ਦੇ ਦਿਨਾਂ ਵਿਚ', ਜਸਵੀਰ ਮੰਡ ਦਾ ਨਾਵਲ 'ਔੜ ਦੇ ਬੀਜ` ਤੇ ਸ਼ਾਹ ਚਮਨ ਦੇ ਨਾਵਲ ਹਨੇਰੇ `ਚ ਘਿਰਿਆ ਆਦਮੀ` ਤੇ 'ਜ਼ਖਮੀ ਗੁਲਾਬ', ਯਾਦਵਿੰਦਰ ਤਪਾ ਦੇ 'ਰਿਸ਼ਤੇ ਨਾਤੇ

ਤੇ ਚੜ੍ਹਦੇ ਲਹਿੰਦੇ, ਜਗਰੂਪ ਸਿੰਘ ਬੜਿੰਗ ਦੇ ਕਾਨਿਆਂ ਵਾਲਾ ਰਾਹਾਂ ਤੋਂ ਮਨੁੱਖੀ ਰਿਸ਼ਤੇ ਕੁਝ ਵਿਸ਼ੇਸ਼ ਮਹੱਤਵ ਵਾਲੀਆਂ ਨਾਵਲੀ ਰਚਨਾਵਾਂ ਹਨ।

**1990 ਤੋਂ ਪਿਛੋਂ ਦਾ ਪੰਜਾਬੀ ਨਾਵਲ: ਸਰੋਕਾਰ ਅਤੇ ਸੰਦਰਭ**

20ਵੀਂ ਸਦੀ ਦੇ ਆਖਰੀ ਦਹਾਕੇ ਵਿਚ ਸਮਾਜਵਾਦੀ ਬਲਾਕ ਦੇ ਬਿਖਰ ਜਾਣ ਅਤੇ ਸਮਾਜਵਾਦੀ ਦੇਸ਼ਾਂ ਦਾ ਪੂੰਜੀਵਾਦੀ ਅਰਥ ਵਿਵਸਥਾ ਵਿਚ ਪਰਵੇਸ਼, 1994 ਵਿਚ ਗੈਟ ਸਮਝੌਤਾ, 1995 ਵਿਚ WTO. ਦਾ ਵਿਸ਼ਵ ਵਿਆਪੀ ਵਪਾਰਕ ਏਜੰਡਾ, ਪੂਰੇ ਵਿਸ਼ਵ ਦੀ ਆਰਥਕਤਾ ਨੂੰ ਵਿਕਸਤ ਦੇਸ਼ਾਂ ਦੀ ਅਜ਼ਾਰੇਦਾਰੀ ਹੇਠ ਕਰ ਦਿੰਦਾ ਹੈ। ਇਸੇ ਪ੍ਰਕਰਨ ਵਿਚ ਵਿਸ਼ਵੀਕਰਨ ਦੀ ਪ੍ਰਕਿਰਿਆ ਵਿਚ ਤੇਜੀ ਆਉਣੀ ਸ਼ੁਰੂ ਹੁੰਦੀ ਹੈ। ਖੁੱਲ੍ਹੀ ਮੰਡੀ ਅਤੇ ਮੁਕਤ ਵਪਾਰ ਦੇ ਪੂੰਜੀਵਾਦੀ ਵਰਤਾਰੇ ਸਨਮੁੱਖ ਆਉਂਦੇ ਹਨ। ਸ਼ਹਿਰੀਕਰਨ, ਉਦਾਰੀਕਰਨ, ਨਿੱਜੀਕਰਨ ਅਤੇ ਗਲੋਬਲੀ ਪਿੰਡ ਦਾ ਸੰਕਲਪ ਸਾਹਮਣੇ ਆਉਂਦਾ ਹੈ।

ਮੰਡੀ ਸਭਿਆਚਾਰ ਨੂੰ ਉਪਭੋਗਤਾਵਾਦੀ, ਅਤਵਾਦੀ ਰੁਚੀਆਂ ਤਹਿਤ ਪੰਜਾਬ ਦੀ ਕਿਸਾਨੀ ਅੰਦਰ ਲਾਲਸਾਵਾਂ ਪੈਦਾ ਕੀਤੀਆਂ ਹਨ। 'ਹਰੀ ਕ੍ਰਾਂਤੀ ਦੇ ਖੇਤੀ ਅਰਥਚਾਰੇ ਵਿਚ ਧਨੀ ਕਿਸਾਨੀ ਵਾਧੂ ਸਰਮਾਏ ਨੂੰ ਇਕੱਤਰ ਕਰਕੇ ਖ਼ੁਦਮੁਖਤਾਰ ਹੋ ਕੇ ਵਿਸ਼ਵ ਮੰਡੀ ਨਾਲ ਜੁੜੀ, ਦੂਜੇ ਰਸਤੇ ਪੂੰਜੀ ਨੂੰ ਮੁਰਗੇ ਤੇ ਮਦਰਾ ਦੀ ਸਮਤੀ ਐਸ਼ਪ੍ਰਸਪਤੀ ਦੇ ਲੇਖੇ ਲਾਉਣਾ ਤੇ ਮਾਸਮੀਡੀਆਂ ਦੇ ਅਸ਼ਿਸ਼ਟ, ਅਸ਼ਲੀਲ ਤੇ ਅਯਾਸ਼ ਖਪਤਵਾਦ ਦੇ ਰੋੜ੍ਹ ਵਿਚ ਵਹਾ ਦੇਣਾ, ਧਨੀ ਕਿਸਾਨੀ ਇਸ ਰਸਤੇ ਭੂਮੰਡਲੀ ਸਭਿਆਚਾਰ ਨਾਲ ਵੀ ਜੁੜ ਰਹੀ ਹੈ ਜਿਸ ਦਾ ਅਸਰ ਪੰਜਾਬ ਦੀ ਵਿੱਦਿਆ ਪ੍ਰਣਾਲੀ ਤੇ ਭਾਸ਼ਾ ਨੀਤੀ ਉੱਤੇ ਵੀ ਪੈ ਰਿਹਾ ਹੈ।'

ਖੇਤੀ ਦੇ ਮਸ਼ੀਨੀਕਰਨ, ਰਸਾਇਣੀਕਰਨ ਅਤੇ ਵਪਾਰੀਕਰਨ ਤੋਂ ਬਹੁਤਾ ਲਾਹਾ ਵੱਧ ਭੋਂਅ ਮਾਲਕੀ ਵਾਲਿਆ ਨੇ ਹੀ ਹਥਿਆਇਆ ਹੈ। ਇਨ੍ਹਾਂ ਦੇ ਪੁੱਤਰ-ਸ਼ਤੀਜੇ ਹੀ ਵਿਦੇਸ਼ਾਂ ਤੋਂ ਡਾਲਰ, ਪੌਂਡ ਕਮਾ ਕੇ ਘਰੀਂ ਭੇਜ ਰਹੇ ਹਨ। ਸਹਿਕਾਰੀ ਕਰਜਾ ਸੰਸਥਾਵਾਂ 'ਤੇ ਕਬਜ਼ਾ ਇਨ੍ਹਾਂ ਦਾ ਹੀ ਹੈ। ਇਨ੍ਹਾਂ ਦੀ ਵੱਡੀ ਬਹੁਗਿਣਤੀ ਹੁਣ ਆੜ੍ਹਤ ਅਤੇ ਸ਼ਾਹੂਕਾਰੇ ਦਾ ਕੰਮ ਵੀ ਕਰਦੀ ਹੈ। ਧਨੀ ਕਿਸਾਨੀ ਦੇ ਆੜ੍ਹਤੀ ਸਭਿਆਚਾਰ ਨੇ ਵਧੇਰੇ ਕਰਕੇ ਰਾਜਸੱਤਾ ਉਪਰ ਕਬਜ਼ਾ ਕੀਤਾ ਹੈ ਜਿਹੜਾ ਨਿਮਨ ਕਿਸਾਨੀ ਦਾ ਆਰਥਕ ਅਤੇ ਸਾਂਸਕ੍ਰਿਤਕ, ਸੋਸ਼ਣ ਕਰ ਐਸ਼ਪ੍ਰਸਤੀ ਤੇ ਉਪਭੋਗਤਾਵਾਦੀ ਰੁਚੀਆਂ ਤਹਿਤ ਪੂੰਜੀਵਾਦ ਦਾ ਹੱਥਠੋਕਾ ਬਣ ਰਿਹਾ ਹੈ। ਧੁਨੀ ਕਿਸਾਨੀ ਦੀ ਦੇਖਾ ਦੇਖੀ ਮਝਲੀ ਅਤੇ ਨਿਮਨ ਕਿਸਾਨੀ ਦੇ ਨੌਜਵਾਨ ਤਬਕੇ ਵੀ ਉਪਭੋਗਤਾਵਾਦੀ ਰੁਚੀਆਂ ਦੇ ਸ਼ਿਕਾਰ ਹੋ ਰਹੇ ਹਨ।ਉਕਤ ਸਾਰੇ ਵਰਤਾਰੇ ਨੂੰ ਸਾਕਾਰ ਕਰਨ ਲਈ ਮੀਡੀਆ ਤੇ ਸੰਚਾਰ ਸਾਧਨਾਂ ਦੀ ਭੂਮਿਕਾ ਨਿਰਵਿਵਾਦ ਰੂਪ ਵਿਚ ਪਛਾਣੀ ਜਾ ਸਕਦੀ ਹੈ। ਵਿਸ਼ਵੀਕਰਨ ਦੇ ਦੌਰ ਵਿਚ ਮੀਡੀਆ ਪਹਿਲਾਂ ਨਾਲੋਂ ਕਿਤੇ ਵੱਧ ਆਕਰਮਕ ਅਤੇ ਵਿਖੰਡਣਕਾਰੀ ਹੈ, ਟੀ.ਵੀ. ਦੁਆਰਾ ਕੀਤਾ ਜਾਣ

ਵਾਲਾ ਮਨੋਰੰਜਨ, ਸਭ ਹਿੰਦੀ ਲੜੀਵਾਰਾਂ 'ਕਿਉਂਕਿ ਸਾਸ ਭੀ ਕਭੀ ਬਹੂ ਥੀ', ਘਰ-ਘਰ ਕੀ ਕਹਾਣੀ, ਕਮੇਡੀ ਸ਼ੋ, ਸਾਤ ਫੇਰੇ, ਨਾਗਿਨ) ਦੀ ਕਥਾ ਵਸਤੂ ਦਾ ਮੁੱਖ ਸੁਰ ਪਰਸਪਰ ਵਿਘਟਨ ਅਵਿਸ਼ਵਾਸ, ਪਰਿਵਾਰ ਦੇ ਵਿਭਾਜਨ, ਵਿਆਹੁਤਾ ਸੰਬੰਧਾਂ ਦੀ ਤਿੜਕਣ, ਅਪਰਾਧ ਕਤਲ (ਸਨਸਨੀ, ਜੁਰਮ, ਅਪਰਾਧ) ਪ੍ਰੋਗਰਾਮਾਂ ਵਿਚ ਬੇਹੱਦ ਸਨਸਨੀ ਖੇਜ ਢੰਗ ਨਾਲ ਪੇਸ਼ ਕੀਤਾ ਜਾਂਦਾ ਹੈ। 'ਅੰਧਵਿਸ਼ਵਾਸ, ਅਸ਼ਲੀਲਤਾ ਅਤੇ ਸੰਗੀਤ ਦਾ ਪੌਪੀਕਰਨ, ਸਮਾਚਾਰ ਮੀਡੀਆ ਦੇ ਏਜੰਡੇ ਵਿਚ ਅਪਰਾਧ, ਸੈਲੀਬ੍ਰਿਟੀ, ਵਿਅਕਤੀਗਤ ਅਫੇਅਰ, ਨਾਈਟ ਪਾਰਟੀਜ਼, ਫੈਸ਼ਨ, ਲਾਈਫ਼ ਸਟਾਈਲ, ਖੇਡ ਅਤੇ ਤਥਾਕਥਿਤ, ਹਿਊਮਨ ਇੰਟਰੇਸਟ ਸਟੋਰੀਜ ਦਾ ਦਬਦਬਾ ਵਧਦਾ ਜਾ ਰਿਹਾ ਹੈ।'

ਜਿਸ ਉਪਭੋਗਤਾਵਾਦੀ ਸਮਾਜ ਵਿਚ ਅਸੀਂ ਦਾਖਲ ਹੋ ਗਏ ਹਾਂ, ਉਸ ਵਿਚ ਵਸਤਾਂ ਦੇ ਯਥਾਰਥ ਦਾ ਮਹੱਤਵ ਨਹੀਂ ਰਹਿ ਗਿਆ, ਸਗੋਂ ਮੀਡੀਆ ਜਾਂ ਇਸ਼ਤਿਹਾਰ ਸਾਡੇ ਸਾਮਹਣੇ ਕਿਸੇ ਵਸਤ ਦਾ ਜੋ ਚਿਹਨ ਸਥਾਪਤ ਕਰ ਦਿੰਦੇ ਹਨ, ਅਸੀਂ ਉਸ 'ਤੇ ਨਿਰਭਰ ਕਰਦੇ ਹਾਂ ਉਹ ਚਿਹਨ ਸਾਡੇ ਅੰਦਰ ਇਕ ਕਾਮਨਾ ਜਾਂ ਡੀਜਾਇਰ ਨੂੰ ਜਨਮ ਦਿੰਦਾ ਹੈ। ਟੈਲੀਵਿਜ਼ਨ ਇਸ ਦਾ ਸਭ ਤੋਂ ਵੱਧ ਸੰਚਾਰ ਕਰਦਾ ਹੈ। ਇਸ ਟੈਕਸਟ ਵਿਚ ਫਿਲਮ ਨਾਟਕ, ਗਾਇਕੀ, ਚਿਤਰਕਲਾ, ਸੰਗੀਤ ਵਿਚ ਕਈ ਕੁਝ ਮਿਸ਼ਰਤ ਹੋ ਜਾਂਦਾ ਹੈ। ਇਉਂ ਟੈਕਸਟ ਦਾ ਰੂਪ ਇਕਹਿਰਾ ਨਹੀਂ ਰਹਿੰਦਾ। ਟੈਲੀਵਿਜ਼ਨ 'ਤੇ ਸਾਹਮਣੇ ਆ ਰਿਹਾ ਪੰਜਾਬੀ ਸੰਗੀਤ ਇਸ ਹਾਈਪਰ (Hyper) ਟੈਕਸਟ ਦੀ ਉਦਾਹਰਣ ਹੈ, ਪੌਪ ਧੁਨਾਂ, ਜਿਸਮ ਦੀਆਂ ਅਦਾਵਾਂ, ਪ੍ਰਦਰਸ਼ਨ, ਨਾਚ ਆਦਿ ਰਾਹੀਂ ਇਹ ਹਾਈਪਰ ਟੈਕਸਟ ਦਰਸ਼ਕ ਦੀ ਕਾਮਨਾ ਜਾਂ ਡਿਜਾਇਰ ਨੂੰ ਜਗਾਉਂਦੀ ਹੈ। ਜਿਸ ਦੌਰ ਵਿਚ ਅਸੀਂ ਜਿਉਂ ਰਹੇ ਹਾਂ ਇਹ ਅਤਿਯਥਾਰਥਕਤਾ ਦਾ ਦੌਰ ਹੈ।

ਇਥੇ ਸੂਚਨਾਵਾਂ ਅਤੇ ਸੰਕੇਤਾਂ ਨੂੰ ਮੀਡੀਆ ਰਾਹੀਂ ਵੇਚਿਆ ਜਾਂਦਾ ਹੈ। ਹਰ ਸੰਕੇਤ ਆਪਣੀ ਵਾਸਤਵਿਕਤਾ ਦੀ ਭ੍ਰਾਂਤੀ ਪੈਦਾ ਕਰਦਾ ਹੈ। ਇਸ ਅਤਿ ਯਥਾਰਥਕਤਾ ਨੂੰ ਬਣਾਉਣ ਦਾ ਸ਼ੇਅਰ ਸੰਕੇਤਾਂ, ਪ੍ਰਤਿਬਿੰਬਾਂ ਅਤੇ ਆਚਰਣ ਸਹਿਤਾਂ ਨੂੰ ਹੈ। ਹੁਣ ਮੀਡੀਆ ਨੂੰ ਵਾਸਤਵਿਕਤਾ ਜਾਂ ਯਥਾਰਥਕਤਾ ਦਾ ਆਈਨਾ ਨਹੀਂ ਕਿਹਾ ਜਾ ਸਕਦਾ। ਅੱਜ ਜੋ ਕੁੱਝ ਮੀਡੀਆ ਦਿਖਾਉਂਦਾ ਹੈ, ਉਹ 'ਯਥਾਰਥ ਤੋਂ ਅੱਗੇ ਦੀ ਚੀਜ਼ ਹੈ। ਅਤਿਯਥਾਰਥ ਹੈ, ਟੈਲੀਵਿਜਨ 'ਤੇ ਜੋ ਦ੍ਰਿਸ ਬਣਾਏ ਜਾਂਦੇ ਹਨ, ਉਹ ਸਭ ਝੂਠ ਹੈ, ਯਥਾਰਥਕਤਾ ਤੋਂ ਪਰ੍ਹੇ ਹੈ। ਕੋਈ ਵੀ ਸੈਂਪੂ ਸਿਰ ਦੇ ਵਾਲਾਂ ਵਿਚ ਸਿਕਰੀ ਨੂੰ ਜੜਮੂਲ ਵਿਚੋਂ ਹਟਾ ਦੇਵੇਗਾ, ਇਹ ਅਤਿਯਥਾਰਥ ਹੈ।

ਉੱਤਰ ਬਸਤੀਵਾਦੀ ਸੰਚਾਰ ਪ੍ਰਕਿਰਿਆ ਨੇ ਵਿਸ਼ਵੀਕਰਨ ਦੇ ਸੰਕਲਪ ਦੇ ਤਹਿਤ ਉਦਾਰੀਕਰਨ, ਨਿੱਜੀਕਰਨ ਅਤੇ ਸ਼ਹਿਰੀਕਰਨ ਦੀ ਮਤਲਬਪ੍ਰਸਤੀ ਅਤੇ ਚਕਾਚੌਂਧ ਨੇ ਉਪਭੋਗਤਾਵਾਦੀ, ਵਿਹਲੜ, ਮਤਲਬੀ, ਰਿਸ਼ਵਤਖੋਰ, ਨਸ਼ੇੜੀ ਅਤੇ ਭ੍ਰਿਸ਼ਟ ਮਾਨਸਿਕਤਾ ਵਿਚ ਗਰੱਸਿਆ ਹੋਇਆ ਬੰਦਾ ਪੈਦਾ ਕੀਤਾ ਹੈ। 'ਉਪਭੋਗਤਾਵਾਦੀ ਰੁਚੀਆਂ ਦੇ ਭਾਰੂ ਹੋਣ ਨਾਲ ਮਾਨਸਿਕ ਤੇ ਆਤਮਿਕ ਮੁੱਲਾਂ ਤੋਂ ਬਲ ਘਟਿਆ ਹੈ ਤੇ ਸਰੀਰ ਦੇ ਭੌਤਿਕ ਆਨੰਦ ਨੇ ਪ੍ਰਮੁੱਖਤਾ ਪ੍ਰਾਪਤ ਕਰ ਲਈ ਹੈ, ਜਿਸ ਦਾ ਪੰਜਾਬੀ ਸ਼ਬਦ ਸਭਿਆਚਾਰ 'ਤੇ ਅਸਰ ਇਹ ਹੋਇਆ ਹੈ ਕਿ ਸਾਹਿਤਕ

ਪ੍ਰਵਚਨ ਵਿਚ 'ਦੇਹੀਨਾਦ' (ਸਵਰਨਜੀਤ ਸਵੀ) ਵੱਜਣ ਲੱਗੇ ਹਨ ਤੇ ਬੌਧਿਕ ਵਿਮਰਸ ਵਿਚ 'ਦੇਹੀਨਾਦ (ਡਾ. ਗੁਰਭਗਤ ਸਿੰਘ) ਦੀ ਗੱਲ ਤੁਰੀ ਹੈ।' ਇਹ ਪ੍ਰਵਿਰਤੀ ਉਪਭੋਗਤਾਵਾਦ ਤੇ ਭੂਮੰਡਲੀਕਰਨ ਨੂੰ ਸਵੀਕਾਰਨ ਦੀ ਹੈ। ਪਰ ਇਹ ਵੀ ਸੱਚ ਹੈ ਕਿ ਦੇਹ ਦਾ ਆਨੰਦ ਬੰਦੇ ਲਈ ਪਰਮ ਸੱਚ ਹੈ ਤੇ ਇਹ ਕੁਦਰਤੀ ਲੋੜ ਵੀ ਹੈ। ਜਦੋਂ ਬੰਦੇ ਦੀ ਸਰੀਰਕ ਤੇ ਮਾਨਸਿਕ ਸੰਰਚਨਾ ਵਿਚ ਇਸ ਪਰਵਿਰਤੀ ਦੀ ਪ੍ਰਬਲਤਾ ਹੈ ਤੇ ਬੰਦੇ ਦੀ ਜ਼ਿੰਦਗੀ ਦੀ ਇਸ ਕਰੂਰ ਯਥਾਰਥਕਤਾ ਦੀ ਪ੍ਰਸਤੁਤੀ ਸਾਹਿਤ ਵਿਚ ਹੋਈ ਹੈ ਤਾਂ ਸਮਕਾਲੀ ਪ੍ਰਸਥਿਤੀਆਂ ਵਿਚ ਇਸ ਤਰ੍ਹਾਂ ਦੀ ਪੇਸ਼ਕਾਰੀ ਕੋਈ ਟੈਬੂ ਵੀ ਨਹੀਂ ਰਿਹਾ ਹੈ।

ਸਮਕਾਲੀ ਸਮੇਂ ਵਿਚ ਬੌਧਿਕ ਚਿੰਤਨ ਦੇ ਖੇਤਰ ਵਿਚ ਵਿਚਾਰਧਾਰਾ ਦੇ ਅੰਤ, ਇਤਿਹਾਸ ਦੇ ਅੰਤ, ਮਹਾਂਬਿਰਤਾਤਾ ਦੇ ਅੰਤ ਦੀ ਗੱਲ ਤੁਰੀ ਹੈ। ਬਹੁ ਅਵਾਜਾਂ ਦਾ ਦੌਰ, ਦਲਿਤ ਚੇਤਨਾ, ਨਾਰੀ ਚੇਤਨਾ, ਹਾਸੀਆ ਕ੍ਰਿਤਾਂ ਦੇ ਬਿਰਤਾਂਤ ਸਮਕਾਲੀ ਸਮੇਂ ਦੀਆਂ ਤਾਜ਼ੀਆਂ ਮਿੱਥਾਂ ਹਨ। ਸਮਕਾਲੀ ਸਮੇਂ ਪਾਰਰਾਸ਼ਟਰੀ ਸਭਿਆਚਾਰ, ਫਾਸੀਵਾਦੀ ਰਾਸ਼ਟਰਵਾਦ, ਕੱਟੜਵਾਦੀ ਧਾਰਮਿਕ ਅੰਦੋਲਨ (ਡੇਰਾਵਿਵਾਦ) ਰੰਗ, ਨਸਲ, ਜਾਤਪਾਤ ਅਧਾਰਤ ਮਸਲੇ ਉਭਰ ਰਹੇ ਹਨ। ਰਿਸ਼ਤਿਆਂ ਦੇ ਬਿਖਰਾਵ, ਅਸਤਿਤਵੀ ਮਸਲੇ, ਨਿੱਜਭਾਵੀ, ਵਸਤੂ ਕੇਂਦਰਤ ਰੁਚੀਆਂ ਨੇ ਸਮਕਾਲੀ ਗਲਪੀ ਯਥਾਰਥ ਨੂੰ ਗੁੰਝਲਸ਼ੀਲ, ਬਹੁ ਪਸਾਰੀ, ਬਹੁ ਅਯਾਮੀ ਅਤੇ ਅਤਿ ਦਾ ਜਟਿਲ ਬਣਾ ਦਿੱਤਾ ਹੈ। ਸਮਕਾਲੀ ਪੰਜਾਬੀ ਨਾਵਲ ਅਜਿਹੇ ਨਾਵਲੀ ਬਿਰਤਾਂਤ ਦੀ ਸਿਰਜਣਾ ਦਾ ਸਬੂਤ ਹੈ। ਪੰਜਾਬੀ ਨਾਵਲ ਸਮਕਾਲੀ ਯਥਾਰਥ ਦੇ ਲੁਕਵੇਂ ਆਧਾਰਾਂ ਅਤੇ ਦਿਸਦੇ ਪਸਾਰਾਂ ਦੀ ਨਾ ਕੇਵਲ ਨਿਸ਼ਾਨਦੇਹੀ ਕਰਦਾ ਹੈ ਸਗੋਂ ਇਸ ਦੀ ਨਵੀਂ ਵਿਆਖਿਆ ਵੀ ਪੇਸ਼ ਕਰਦਾ ਹੈ। ਇਸ ਕਰਕੇ ਇਨ੍ਹਾਂ ਨਾਵਲਾਂ ਵਿਚ ਮਾਨਸਿਕ ਸੰਕਟਾਂ, ਅਸਤਿਤਵੀ ਵਿਗਠਨ, ਮਾਨਵੀ ਪਹਿਚਾਣ ਦੇ ਗੁਆਚਣ ਦੇ ਸੰਤਾਪ ਦੇ ਨਾਲ-ਨਾਲ ਉਸਦੇ ਸਾਕਾਰਤਮਕ ਪੱਖ ਵੀ ਪੇਸ਼ ਕੀਤੇ ਜਾ ਰਹੇ ਹਨ।

ਪੰਜਾਬੀ ਨਾਵਲ ਵਿਚ ਇਸ ਦੇ ਰੂਪ ਦੀਆਂ ਲੋੜਾਂ ਅਨੁਸਾਰ ਪੰਜਾਬੀ ਜੀਵਨ ਦਾ ਬਹੁਪੱਖੀ ਚਿਤਰ ਪ੍ਰਾਪਤ ਹੈ। ਪੰਜਾਬੀ ਲੋਕਾਂ ਦੇ ਸਾਰੇ ਅਨੁਭਵ, ਵਿਭਿੰਨ ਲੇਖਕਾਂ ਦੁਆਰਾ ਉਨ੍ਹਾਂ ਦੇ ਸਮਾਜਕ ਸਭਿਆਚਾਰਕ ਪਰਿਵੇਸ਼ ਅਨੁਸਾਰ ਘੱਟ ਜਾਂ ਵੱਧ ਕਲਾਤਮਕਤਾ ਸਹਿਤ ਪੰਜਾਬੀ ਨਾਵਲ ਵਿਚ ਸਮੋਏ ਗਏ ਹਨ। ਪੰਜਾਬ ਦੇ ਭਿੰਨ-ਭਿੰਨ ਖੇਤਰਾਂ, ਪਿੰਡਾਂ, ਸ਼ਹਿਰਾਂ, ਵਿਭਿੰਨ ਸਮਾਜਕ ਪਾਤਰਾਂ, ਵੱਖ-ਵੱਖ ਵਰਗਾ, ਇਤਿਹਾਸਕ ਤਜਰਬਿਆਂ, ਆਰਥਕ ਰਾਜਨੀਤਕ ਸਮਾਚਾਰਾਂ ਤੇ ਸਾਂਸਕ੍ਰਿਤਕ ਸਮੱਸਿਆਵਾਂ ਦਾ ਉਲੇਖ ਪੰਜਾਬੀ ਨਾਵਲ ਵਿਚ ਪ੍ਰਾਪਤ ਹੈ। ਪੰਜਾਬੀ ਦੇ ਮੁੱਢਲੇ ਨਾਵਲਕਾਰਾਂ ਦੀਆਂ ਰਚਨਾਵਾਂ ਬੇਸ਼ੱਕ ਰਮਾਂਸਵਾਦੀ, ਆਦਰਾਵਾਦੀ ਅਤੇ ਧਾਰਮਿਕ ਸੁਧਾਰਵਾਦੀ ਰਹੀਆਂ ਹਨ ਪਰ ਇਨ੍ਹਾਂ ਰਚਨਾਵਾਂ ਵਿਚ ਜੀਵਨ ਦੀ ਸਮੁੱਚੀ ਪੇਸ਼ਕਾਰੀ ਹੋਈ ਮਿਲਦੀ ਹੈ। ਪੰਜਾਬੀ ਦੇ ਨਾਵਲਕਾਰਾਂ ਵਿਚ ਭਾਈ ਵੀਰ ਸਿੰਘ, ਨਾਨਕ ਸਿੰਘ, ਜਸਵੰਤ ਸਿੰਘ ਕੰਵਲ, ਸੁਰਿੰਦਰ ਸਿੰਘ ਨਰੂਲਾ, ਸੋਹਣ ਸਿੰਘ ਸੀਤਲ ਦੀਆਂ ਰਚਨਾਵਾਂ ਮੁੱਢਲੇ ਦੌਰ ਵਿਚ ਆ ਜਾਂਦੀਆਂ ਹਨ। ਉਸ ਤੋਂ ਪਿੱਛੋਂ ਸੰਤ ਸਿੰਘ ਸੇਖੋਂ, ਕਰਤਾਰ ਸਿੰਘ ਦੁੱਗਲ, ਗੁਰਬਖਸ਼ ਸਿੰਘ, ਅੰਮ੍ਰਿਤਾ ਪ੍ਰੀਤਮ ਆਦਿ ਨੇ ਆਪਣੇ ਸਮਕਾਲੀ ਜੀਵਨ ਯਥਾਰਥ ਦੀ ਸਮੱਗਰ ਪੇਸ਼ਕਾਰੀ ਕੀਤੀ ਹੈ। ਇਨ੍ਹਾਂ ਦੀਆਂ ਰਚਨਾਵਾਂ ਜਿੱਥੇ ਯਥਾਰਥ ਦੀ ਪੇਸ਼ਕਾਰੀ ਕਰਦੀਆਂ ਹਨ, ਉੱਥੇ ਪ੍ਰਗਤੀਵਾਦ ਨਾਲ ਜਾਂ ਸਮੇਂ ਦੇ ਦੂਜੇ ਝੁਕਾਵਾਂ ਨਾਲ ਪ੍ਰਤਿਬੱਧਤਾ

ਵੀ ਰੱਖਦੀਆਂ ਹਨ। ਹੁਣ ਤੱਕ ਅਸੀ ਨਾਵਲ ਦੇ ਰੂਪਾਕਾਰ ਨੂੰ ਸਮਾਜਕ ਯਥਾਰਥ ਦੀ ਪੇਸ਼ਕਾਰੀ ਦੇ ਨਜ਼ਰੀਏ ਤੋਂ ਸਮਝਦੇ ਰਹੇ ਹਾਂ ਇੱਥੇ ਨਾਵਲੀ ਬਿਰਤਾਂਤ ਦੀ ਖ਼ੂਬਸੂਰਤੀ ਅਤੇ ਕਲਾਤਮਕਤਾ ਸਮਾਜਕ ਯਥਾਰਥ ਵਰਗਾ ਹੋਣ ਵਿਚ ਮੰਨੀ ਜਾਂਦੀ ਰਹੀ ਹੈ। ਪਰ ਸਮਕਾਲੀ ਸਥਿਤੀ ਬਿਲਕੁਲ ਵੱਖਰੀ ਹੈ। ਹੁਣ ਤਾਂ ਸਮਾਜਕ ਯਥਾਰਥ ਦੀ ਆਪਣੀ ਰੂਪਵਿਧੀ ਵੀ ਵਸਤੂਗਤ ਅਤੇ ਅਸਤਿਤਵੀ ਸੰਦਰਭਾਂ ਵਿਚ ਹੋਂਦ ਧਾਰਨ ਕਰਨ ਦੀ ਥਾਂ ਸੰਚਾਰ ਪ੍ਰਕਿਰਿਆ ਦਾ ਹਿੱਸਾ ਬਣ ਕੇ ਪੇਸ਼ ਹੁੰਦੀ ਹੈ। ਇਸ ਕਰਕੇ ਸਮਾਜਕ ਯਥਾਰਥ ਦੇ ਭੌਤਿਕ ਸਰੂਪ ਦੀ ਭੌਤਿਕਤਾ ਵੀ ਹੁਣ ਚਿਹਨਾਂ ਅਤੇ ਪ੍ਰਤੀਕਾਂ ਦੇ ਪ੍ਰਬੰਧ ਰਾਹੀਂ ਪ੍ਰਗਟ ਹੁੰਦੀ ਹੈ।

**ਕਿਸਾਨੀ ਸੰਕਟ ਦਾ ਨਾਵਲ :-**

ਸਮਕਾਲੀ ਕਿਸਾਨੀ ਸੰਕਟ, ਖੁਦਕੁਸ਼ੀਆਂ, ਰਿਸ਼ਤਿਆ ਦਾ ਵਿਖੰਡਨ, ਪਰਿਵਾਰਕ ਟੁੱਟ ਭੱਜ, ਕਿਸਾਨ ਦਾ ਮਾਲਕ ਤੋਂ ਮਜ਼ਦੂਰ ਤੱਕ ਦਾ ਸਫ਼ਰ, ਮਜਦੂਰ ਦੀ ਹਿਜਰਤ, ਸੀਰੀ ਸਭਿਆਚਾਰ ਦੀ ਮਿੱਥ ਦਾ ਟੁੱਟਣਾ ਅਨੇਕਾਂ ਸਰੋਕਾਰ ਹਨ ਜਿਹੜੇ ਪੰਜਾਬੀ ਨਾਵਲੀ ਪ੍ਰਵਚਨ ਵਿਚ ਸਮਕਾਲੀ ਯਥਾਰਥ ਨੂੰ ਨਿਰੂਪਤ ਕਰਦੇ ਹਨ। ਇਨ੍ਹਾਂ ਵਿਵਿਧ ਪਰਿਪੇਖਾਂ ਨੂੰ ਪੰਜਾਬ ਦੀ ਇਤਿਹਾਸਕ ਵਿਕਾਸ ਰੇਖਾ ਵਿਚ ਪੂਰੇ ਜਲੌਅ ਅਤੇ ਵਸਤੂ ਸਥਿਤੀ ਦੇ ਵਿਵੇਕ ਸਹਿਤ ਪਛਾਣਿਆ ਜਾ ਸਕਦਾ ਹੈ। ਇਸ ਸੰਦਰਭ ਵਿਚ ਪ੍ਰੋ. ਗੁਰਦਿਆਲ ਸਿੰਘ ਦਾ ਨਾਵਲ 'ਪਰਸਾ', ਰਾਮ ਸਰੂਪ ਅਣਖੀ ਦਾ 'ਕੋਠੇ ਖੜਕ ਸਿੰਘ, ‘ਦੁੱਲੇ ਦੀ ਢਾਬ', 'ਪਰਤਾਪੀ', ਸਲਫਾਸ ਆਦਿ ਤੇ ਕਰਮਜੀਤ ਸਿੰਘ ਕੁੱਸਾ ਦੇ ਨਾਵਲ 'ਅੰਗ ਦਾ ਗੀਤ', 'ਰੋਹੀ ਬੀਆਬਾਨ' ਵੇਖੇ ਜਾ ਸਕਦੇ ਹਨ। ਇਨ੍ਹਾਂ ਨਾਵਲਾਂ ਦੇ ਗਲਪੀ ਪ੍ਰਵਚਨ ਵਿਚ ਪੇਸ਼ ਹੋਣ ਵਾਲਾ ਸਧਾਰਨ ਬੰਦਾ ਹਮੇਸ਼ਾ ਸਥਿਤੀਆਂ ਦੀ ਕਰੂਰਤਾ ਸਨਮੁੱਖ ਟੁੱਟਦਾ ਹੈ, ਹਾਰਦਾ ਹੈ ਪਰ ਇਸ ਹਾਰ ਵਿਚ ਹੀ ਉਸ ਦਾ ਗੌਰਵ ਛਪਿਆ ਹੈ। ਇਨ੍ਹਾਂ ਨਾਵਲਾਂ ਦੇ ਨਾਇਕ ਨਾ ਕੇ ਕੁੱਲ ਪ੍ਰਸਥਿਤੀਆਂ ਦੇ ਵਿਵੇਕ ਹੱਥੋਂ ਹਾਰਦੇ ਹਨ, ਸਗੋਂ ਇਹ ਅਜਿਹੇ ਸੱਤਾਮੂਲਕ ਪ੍ਰਬੰਧਾਂ ਦੀ ਵੀ ਪੇਸ਼ਕਾਰੀ ਕਰਦੇ ਹਨ, ਜੋ ਇਨ੍ਹਾਂ ਸਥਿਤੀਆਂ ਨੂੰ ਸਿਰਜਣ ਦੀ ਸਿਲਸਿਲੇਵਾਰ ਸਰਗਰਮੀ ਪੈਦਾ ਕਰਦੇ ਹਨ। । ਅਣਖੀ ਆਪਣੇ ਨਾਵਲੀ ਪ੍ਰਵਚਨ ਵਿਚ ਕਾਮ ਤੇ ਅਰਥ ਦੇ ਸੰਕਟ ਦੇ ਥੀਮ ਨੂੰ ਕੇਂਦਰ ਵਿਚ ਰੱਖਦਿਆਂ ਹੋਇਆਂ ਸਾਡੀ ਪੇਂਡੂ ਕਿਸਾਨੀ ਸੰਸਕ੍ਰਿਤੀ ਦੇ ਵਿਭਿੰਨ ਪਾਸਾਰਾਂ ਨੂੰ ਖੋਲਦਾ ਹੈ।" ਉਸ ਦੇ ਨਾਵਲ 'ਹਮੀਰਗੜ', ਜੱਸੀ ਸਰਪੰਚ, ਅੱਛਰਾ ਦਾਂਦੂ ਵੀ ਕਿਸਾਨੀ ਜੀਵਨ ਦੇ ਵਿਭਿੰਨ ਵੇਰਵੇ ਵਸਤੂ ਸਥਿਤੀ ਦੇ ਯਥਾਰਥ ਰਾਹੀਂ ਪੇਸ਼ ਕਰਦੇ ਹਨ। ਕਰਮਜੀਤ ਸਿੰਘ ਕੁੱਸਾ ਨੇ ਨਾਵਲ 'ਰੋਹੀ ਬੀਆਬਾਨ' ਤੇ 'ਅੱਗ ਦਾ ਗੀਤ' ਵਿਚ ਵੀ ਨਿਮਨ ਕਿਸਾਨੀ ਦੀ ਨਿਘਰਦੀ ਹਾਲਤ ਦੇ ਦ੍ਰਿਸ਼ ਅਤੇ ਕਿਸਾਨ ਪਰਿਵਾਰ ਦੇ ਮਜ਼ਦੂਰ ਬਣ ਜਾਣ ਦੇ ਸੰਤਾਪ ਨੂੰ ਆਪਣੀ ਰਚਨਾ ਦ੍ਰਿਸ਼ਟੀ ਦਾ ਕੇਂਦਰ ਬਣਾਇਆ ਹੈ। ਇਸੇ ਤਰ੍ਹਾਂ ਬਲਦੇਵ ਸਿੰਘ ਰਚਿਤ 'ਅੰਨਦਾਤਾ' ਨਾਵਲ ਵਿਚ ਮਾਨਸਿਕ ਅਤੇ ਸਭਿਆਚਾਰਕ ਬੇਤਰਤੀਬੀਆਂ ਦੇ ਬਿਰਤਾਂਤਕ ਪ੍ਰਵਚਨ ਦੀ ਸਿਰਜਨਾ ਕਰਦੇ ਹੋਏ ਗਲੋਬਲ ਨਕਸ਼ੇ ਉੱਪਰ ਪੰਜਾਬੀ ਕੌਮ ਦੇ ਖੰਡਤ ਹੋਣ ਦੇ ਨਿਯਮਾਂ, ਉਦੇਸ਼ਾਂ ਅਤੇ ਹਾਦਸਿਆਂ ਨੂੰ ਖੇਤਰੀ ਬਿੰਦੂ ਤੋਂ ਰਾਸ਼ਟਰੀ ਅਤੇ

ਅੰਤਰਰਾਸ਼ਟਰੀ ਬਿੰਦੂਆਂ ਨਾਲ ਜੋੜ ਕੇ ਪੇਸ਼ ਕੀਤਾ ਹੈ। ਇਹ ਰਚਨਾਵਾਂ ਪੰਜਾਬੀ ਸਮਾਜ ਅਤੇ ਇਸ ਨਵੀਂ ਸਥਿਤੀ ਵਿਚ ਪੰਜਾਬੀ ਮਨੁੱਖ ਦੇ ਬੇਮਾਇਨਾ ਹੋਣ ਦੇ ਸੰਤਾਪ ਨੂੰ ਪੇਸ਼ ਕਰਨ ਲਈ ਮਨੁੱਖ ਦੀ ਹੋਂਦ ਦੇ ਸੰਕਟਾਂ ਦੇ ਅਰਥਾਂ ਦੀ ਸਿਰਜਣਾ ਕਰਦੀਆਂ ਹਨ। ਜਿਸ ਨਾਲ ਅਜਿਹਾ ਬਿਰਤਾਂਤਕ ਪ੍ਰਵਚਨ ਰੂਪਮਾਨ ਹੁੰਦਾ ਹੈ ਜੋ ਇਸ ਮਨੁੱਖ ਦੀਆਂ ਆਰਥਕ ਅਤੇ ਸਭਿਆਚਾਰਕ ਬੇਤਰਤੀਬੀਆਂ ਨੂੰ ਜਾਇਜ਼ ਬਣਾਉਣ ਦੀਆਂ ਧਾਰਨਾਵਾਂ ਵਜੋਂ ਪੇਸ਼ ਹੁੰਦਾ ਹੈ।

**ਦਲਿਤ ਚੇਤਨਾ ਦਾ ਨਾਵਲ:**

ਉੱਤਰ ਆਧੁਨਿਕ ਵਰਤਾਰੇ ਦੇ ਸਮਾਨਤਰ ਵਿਚਾਰਧਾਰਾਵਾਂ ਦੇ ਦੌਰ ਨੇ ਘੱਟ ਗਿਣਤੀਆਂ, ਹਾਸੀਆ ਕ੍ਰਿਤਾਂ, ਦਲਿਤਾਂ ਅਤੇ ਨਾਰੀ ਨੂੰ ਕੇਂਦਰ ਵਿੱਚ ਸਪੇਸ ਮੁਹੱਈਆ ਕਰਵਾਈ ਹੈ। ਦਲਿਤ ਚੇਤਨਾ ਅਤੇ ਨਾਰੀ ਚੇਤਨਾ, ਨਾਰੀ ਸ਼ਕਤੀਕਰਨ ਦੇ ਨਵੇਂ ਸੰਕਲਪਾਂ ਨੇ ਚਿੰਤਨ ਚੇਤਨਾ ਦੇ ਨਵੇਂ ਅਯਾਮ ਅਤੇ ਦਿਸਹੱਦੇ ਦ੍ਰਿਸ਼ਟੀਗੋਚਰ ਕੀਤੇ ਹਨ। ਪੰਜਾਬੀ ਸਭਿਆਚਾਰਕ ਯਥਾਰਥ ਵਿਚ ਜੱਟਵਾਦੀ ਕਲਚਰ ਭਾਰੂ ਹੋਣ ਅਤੇ ਜੱਟਵਾਦੀ ਹਉਂ ਕਾਰਨ ਮਜ਼ਦੂਰ ਅਤੇ ਕਿਸਾਨ ਦੇ ਭਾਵਪੂਰਤ ਰਿਸ਼ਤੇ ਤਿੜਕ ਗਏ ਹਨ। ਦਲਿਤਾਂ ਅਤੇ ਹਾਸ਼ੀਆ ਕ੍ਰਿਤਾਂ ਨੂੰ ਸਹੀ ਸਮਾਜਕ ਸਪੇਸ ਨਾ ਮਿਲਣ ਕਾਰਨ ਇਨ੍ਹਾਂ ਵਰਗਾ ਅੰਦਰ ਅਵਚੇਤਨੀ ਪੱਧਰ 'ਤੇ ਆਕ੍ਰੋਸ਼ ਪੈਦਾ ਹੋਇਆ ਹੈ। ਆਤਮ ਗਿਲਾਨੀ ਅਤੇ ਆਪਣੀ ਹੋਂਦ ਦੇ ਬੇਮਾਇਨਾ ਹੋਣ ਦੇ ਨਾਲ-ਨਾਲ ਮਾਨਵੀ ਗੌਰਵ ਖੁੱਸ ਜਾਣ ਕਾਰਨ, ਤਣਾਉਯੁਕਤ ਸਥਿਤੀਆਂ ਵਿਚ ਮਾਨਸਿਕ ਵਿਸਾਦ ਭੋਗ ਰਹੇ ਇਹ ਵਰਗ ਆਪਣੇ ਆਪ ਨੂੰ ਅਸੁਰੱਖਿਅਤ ਮਹਿਸੂਸ ਕਰ ਰਹੇ ਹਨ। ਸਿੱਖ ਸਿਆਸਤ ਅਤੇ ਸਿੱਖ ਸੰਸਥਾਵਾਂ ਉੱਪਰ ਜੱਟਵਾਦੀ ਧਾਰਮਕ ਅਜ਼ਾਰੇਦਾਰੀ ਕਾਰਨ ਦਲਿਤਾਂ ਨਾਲ ਹੁੰਦੇ ਅਸ਼ਿਸ਼ਟ ਵਿਵਹਾਰ ਅਤੇ ਜਾਤੀਵਾਦੀ ਕੱਟੜਤਾ ਨੇ ਸਪੇਸ ਦੁੱਗਣੀ ਕੀਤੀ ਹੈ। ਸਿੱਖ ਧਰਮ ਅਤੇ ਸਿੱਖ ਸਿਆਸਤ ਵਿਚ ਬਣਦੀ ਪ੍ਰਤਿਨਿਧਤਾ ਨਾ ਮਿਲਣ ਕਾਰਨ ਪਿੰਡ-ਪਿੰਡ ਜਾਤੀ ਅਧਾਰਤ ਗੁਰਦੁਆਰੇ ਬਣਦੇ ਜਾ ਰਹੇ ਹਨ। ਇਸ ਪਰਿਵੇਸ਼ ਵਿੱਚੋਂ ਪੈਦਾ ਹੋਈਆਂ ਪ੍ਰਸਥਿਤੀਆਂ ਅਤੇ ਆਪਣੇ ਆਪ ਲਈ ਬਣਦੀ ਪ੍ਰਤਿਨਿਧਤਾ ਪ੍ਰਾਪਤ ਕਰਨ ਦੀ ਚੇਸ਼ਟਾ ਹਿੱਤ ਹੀ ਦਲਿਤ ਭਾਈਚਾਰਾ ਡੇਰਾਵਾਦ ਦੀ ਸ਼ਰਨ/ਗਰਿਫ਼ਤ ਵਿਚ ਜਾ ਰਿਹਾ ਹੈ।

ਦਲਿਤ ਚੇਤਨਾ ਨਾਲ ਪ੍ਰਨਾਇਆ ਬਹੁਤ ਸਾਰਾ ਗਲਪ ਸਮਕਾਲੀ ਸਮੇਂ ਰਚਿਆ ਜਾ ਰਿਹਾ ਹੈ। ਜਿਸ ਵਿਚ ਦਲਿਤ ਸਰੋਕਾਰਾਂ ਨਾਲ ਜੁੜੇ ਵਿਭਿੰਨ ਮਸਲਿਆਂ, ਦਵੰਦਾਂ, ਸੰਕਟਾਂ, ਵੇਦਨਾਵਾਂ, ਜਾਤੀਗਤ ਅਤੇ ਫੌਰੀ ਹਕੀਕਤਾਂ ਨੂੰ ਅਭਿਵਿਅਕਤ ਕੀਤਾ ਜਾ ਰਿਹਾ ਹੈ। ਹਾਸ਼ੀਏ ਤੇ ਵਿਚਰ ਰਹੇ ਬੰਦੇ ਦੀ ਹੋਂਦ ਅਤੇ ਹੋਣੀ ਨਾਲ ਜੁੜੇ ਹੋਏ ਵਿਭਿੰਨ ਸਰੋਕਾਰਾਂ ਨੂੰ ਵਸਤੂ ਸਥਿਤੀ ਦੇ ਸੰਪੂਰਨ ਵਿਵੇਕ ਸਹਿਤ ਪਕੜਨ ਵਾਲੇ ਪ੍ਰਮੁੱਖ ਰਚਨਾਕਾਰਾਂ ਵਿਚ ਪੋ. ਗੁਰਦਿਆਲ ਸਿੰਘ (ਪਰਸਾ), ਗੁਰਚਰਨ ਸਿੰਘ ਦਾਓਂ (ਮਿਸ਼ਾਲਚੀ) ਨਿੰਦਰ ਗਿੱਲ (ਦਾਸਤਾਂ ਦਲਿਤਾਂ ਦੀ) ਨਛੱਤਰ (ਨਿੱਕੇ ਨਿੱਕੇ ਅਸਮਾਨ) ਕਰਮਜੀਤ ਸਿੰਘ ਕੁੱਸਾ (ਰੋਹੀ ਬੀਆਬਾਨ) ਆਦਿ ਹਨ। ਇਹ ਨਾਵਲੀ ਪ੍ਰਵਚਨ ਦਲਿਤਾਂ ਦੇ ਜਾਤੀ ਜਮਾਤੀ ਪੈਂਤੜੇ ਤੋਂ ਇਨ੍ਹਾਂ ਵਰਗਾਂ ਦੀ ਹੋਣ ਵਾਲੀ ਦਮਨਸ਼ੀਲ ਸਥਿਤੀ ਨੂੰ ਨਿਰੂਪਤ ਕਰਦੇ ਹਨ। ਇਸ ਤੋਂ ਇਲਾਵਾ

ਅਜ਼ਾਦੀ ਤੋਂ ਪਿਛੋਂ ਹਾਸ਼ੀਏ ਉੱਪਰ ਪਹੁੰਚ ਗਏ ਲੋਕਾਂ ਦੀ ਦਾਸਤਾਨ ਦਾ ਗਲਪੀ ਬਿੰਬ ਉਸਾਰਨ ਵਾਲੇ ਨਾਵਲਕਾਰ ਗੁਰਮੁੱਖ ਸਿੰਘ ਸਹਿਗਲ (ਨਦੀਓ ਵਿਛੜੇ ਨੀਰ, ਹਿਜ਼ਰਤ ਅਤੇ ਸੁਆਗੜੀ) ਆਦਿ ਹਨ।

**ਨਾਰੀ ਚੇਤਨਾ :-**

ਹਾਸ਼ੀਆਗਤ ਵਰਗਾਂ ਵਿਚ ਨਾਰੀ ਜੀਵਨ ਦੇ ਵਿਭਿੰਨ ਮਸਲਿਆਂ ਅਤੇ ਸੰਕਟਾਂ ਨੂੰ ਵੀ ਸਮਕਾਲੀ ਨਾਵਲੀ ਯਥਾਰਥ ਵਿਚੋਂ ਅਹਿਮ ਸਰੋਕਾਰ ਵਜੋਂ ਪਛਾਣਿਆ ਜਾ ਸਕਦਾ ਹੈ। ਨਾਰੀ ਜੀਵਨ ਯਥਾਰਥ ਦੀਆਂ ਵਿਵਿਧ ਪਰਤਾਂ, ਇਛਾਵਾਂ, ਅਕਾਂਖਿਆਵਾਂ, ਕਾਮਨਾਵਾਂ, ਵੇਦਨਾਵਾਂ, ਕੁੰਠਾਵਾਂ, ਨਾਰੀ ਉਤਪੀੜਨ ਦੀਆਂ ਵਿਭਿੰਨ ਕਿਰਿਆਵਾਂ ਨੂੰ ਵਸਤੂ ਸਥਿਤੀ ਦੇ ਵਿਵੇਕ ਸਹਿਤ ਪਛਾਣ ਕਰਨ ਵਾਲੀਆਂ ਔਰਤ ਰਚਨਾਕਾਰਾਂ ਔਰਤ ਦੀ ਹੋਂਦ ਅਤੇ ਹੋਣੀ ਨਾਲ ਜੁੜੇ ਹੁੰਦ ਮੂਲਕ ਪ੍ਰਸ਼ਨਾਂ ਨੂੰ ਮੁਖਾਤਬ ਹੋਈਆਂ ਹਨ। ਇਸ ਪ੍ਰਸੰਗ ਵਿਚ ਦਲੀਪ ਕੌਰ ਟਿਵਾਣਾ ਦੇ ਨਾਵਲ 'ਕਥਾ ਕੁਕਨਸ ਦੀ', 'ਕਥਾ ਕਹੋ ਉਰਵਸੀ, 'ਜਨਮ ਜੂਐ ਹਾਰਿਆ ਆਦਿ ਰੱਖੇ ਜਾ ਸਕਦੇ ਹਨ। ਇਸ ਤੋਂ ਇਲਾਵਾ ਚੰਦਨ ਨੇਗੀ ਰਚਿਤ 'ਕਨਿਕ ਕਾਮਨੀ' ਬਲਜੀਤ ਕੌਰ ਬੱਲੀ ਦੇ ਨਾਵਲ 'ਪੈਰਾਂ ਹੇਠਲੀ ਧਰਤੀ' ਅਤੇ  'ਠਰੀ ਹੋਈ ਰਾਤ' ਵਿਚ ਔਰਤ ਦੀ ਦਮਨਸ਼ੀਲ ਸਥਿਤੀ ਨੂੰ ਚਿਤਰਿਆ ਗਿਆ ਹੈ। ਇਸ ਨਾਵਲ ਵਿਚ ਤਿੰਨ ਪੀੜ੍ਹੀਆਂ ਦੀ ਕਿਸਾਨੀ ਜੱਦੋ ਜਹਿਦ, ਖੁਸ਼ੀਆਂ ਗਮੀਆਂ, ਰਿਸ਼ਤੇ ਨਾਤੇ ਤੇ ਇਨ੍ਹਾਂ ਰਿਸ਼ਤਿਆਂ ਦੇ ਉਸ ਸੰਤਾਪ ਦੀ ਗਾਥਾ ਪੇਸ਼ ਕੀਤੀ ਗਈ ਹੈ, ਜਿਸ ਵਿਚ ਪੁਰਖਿਆਂ ਦੇ ਸਾਂਝੇ ਪਰਿਵਾਰ ਤੇ ਸਾਂਝੀ ਖੇਤੀ ਦੇ ਸੁਪਨੇ ਤਹਿਸ-ਨਹਿਸ ਹੋ ਜਾਂਦੇ ਹਨ ਤੇ ਸਾਰਾ ਭਾਈਚਾਰਾ ਤੀਲਾ ਤੀਲਾ ਹੋ ਕੇ ਬਿਖਰਣ ਲਈ ਮਜ਼ਬੂਰ ਹੋ ਜਾਂਦਾ ਹੈ। ਇਸ ਤੋਂ ਇਲਾਵਾ ਔਰਤ ਦੀ ਦੁਖਾਂਤ ਵਿਥਿਆ ਦਾ ਇਕ ਨਵਾਂ ਸੰਦਰਭ ਉਨ੍ਹਾਂ ਨਾਵਲੀ ਪਾਠਾਂ ਵਿਚ ਖੁੱਲ੍ਹਦਾ ਹੈ ਜਿੱਥੇ ਔਰਤ ਸਿਰਫ ਇਕ ਵਿਲਾਸ ਦੀ ਵਸਤ ਤੱਕ ਮਨਫੀ ਕਰ ਦਿੱਤੀ ਜਾਂਦੀ ਹੈ। ਬਲਦੇਵ ਸਿੰਘ 'ਲਾਲ ਬੱਤੀ' ਦੇ ਬ੍ਰਿਤਾਂਤਕ ਸੰਗਠਨ ਵਿਚ ਔਰਤ ਦੇ ਮਾਨਸਿਕ ਸੰਤਾਪ ਦੀ ਤ੍ਰਾਸਦਕ ਸਥਿਤੀ ਨੂੰ ਚਿਤਰਦਾ ਹੈ। ਰਾਮ ਸਰੂਪ ਅਣਖੀ 'ਬਾਰਾਂ ਤਾਲੀ' ਅਤੇ 'ਗੇਲੋ' ਆਦਿ ਨਾਵਲਾਂ ਰਾਹੀਂ ਔਰਤ ਜੀਵਨ ਦੇ ਨਿਵੇਕਲੇ ਪੱਖ ਉਘਾੜਦਾ ਹੈ। ਨਿੰਦਰ ਗਿੱਲ ‘ਗਿਰ ਰਿਹਾ ਗਰਾਫ਼ ਵਿਚ ਸਵੀਡਨ ਮੂਲ ਦੀ ਕੁੜੀ ਦੇ ਲਾਚਾਰ ਅਤੇ ਮਾਯੂਸ ਹੋ ਕੇ ਦੇਹ ਵਿਉਪਾਰ ਦੇ ਧੰਦੇ ਵਿਚ ਫਸ ਜਾਣ ਅਤੇ ਪੱਛਮੀ ਪੂੰਜੀਵਾਦੀ ਅਰਥਚਾਰੇ ਦੀਆਂ ਸੰਕਟ ਗ੍ਰਸਤ ਸਥਿਤੀਆਂ ਦਾ ਯਥਾਰਥਕ ਬਿਆਨ ਕਰਦਾ ਹੈ। ਗਰੀਬਾਂ, ਮਜਲੂਮਾ ਕਿਰਤੀਆਂ ਅਤੇ ਆਮ ਆਦਮੀ ਦੀ ਰੱਖਿਆ ਅਤੇ ਇਨਸਾਫ ਪਸੰਦੀ ਨੂੰ ਮੁੱਖ ਰੱਖ ਕੇ ਸਟੇਟ ਵੱਲੋਂ ਸੱਚੀ ਸੁੱਚੀ ਨਿਆਂ ਪਾਲਿਕਾ ਦੀ ਮਿੱਥ ਸਥਾਪਤ ਕੀਤੀ ਗਈ ਹੈ। ਸਮਕਾਲੀ ਸਮੇਂ ਵਿਚ ਨਿਆਂ ਕਾਨੂੰਨ ਅਤੇ ਪੁਲਿਸ ਪ੍ਰਸ਼ਾਸ਼ਨ ਵਿਚ ਆਏ ਜਬਰਦਸਤ ਨਿਘਾਰ ਨੂੰ ਮਿੱਤਰ ਸੈਨ ਮੀਤ ਨੇ ਆਪਣੇ ਨਾਵਲਾਂ 'ਕਟਹਿਰਾ', 'ਤਫਤੀਸ਼', 'ਕੌਰਵ ਸਭਾ ਤੇ 'ਸੁਧਾਰ ਘਰ' ਵਿਚ ਕਾਨੂੰਨ ਦੇ ਅਪਰਾਧੀਕਰਨ ਪੁਲਿਸ ਦੇ ਸਿਆਸੀਕਰਨ, ਰਿਸ਼ਵਤਖੋਰੀ ਤੇ ਭ੍ਰਿਸ਼ਟ ਅਫ਼ਸਰਸ਼ਾਹੀ ਦੇ ਬਖੀਏ ਉਧੇੜੇ ਹਨ।

**ਮਹਾਂ ਨਗਰੀ ਚੇਤਨਾ ਵਾਲਾ ਨਾਵਲ:-**

ਔਰਤ ਮਰਦ ਸੰਬੰਧਾਂ ਅਤੇ ਕਾਮ ਤੇ ਕਾਮਨਾ ਦਾ ਵਹਾਓ ਸਮਕਾਲੀ ਯਥਾਰਥ ਦਾ ਨਿਖੜਵਾਂ ਲੱਛਣ ਹੈ। ਮਹਾਂ ਨਗਰੀ ਜੀਵਨ ਯਥਾਰਥ ਨੇ ਹਰ ਬੰਦੇ ਅੰਦਰ ਜੀਵਨ ਦੀਆਂ ਮਨੋਰੰਜਨੀ ਕਿਸਮ ਦੀਆਂ ਲੋੜਾਂ ਪੈਦਾ ਕੀਤੀਆਂ ਹਨ। ਸ਼ਾਪਿੰਗ ਮਾਲਜ਼, ਮਲਟੀਪਲੈਕਸਜ਼ ਨੇ ਬੰਦੇ ਅੰਦਰ ਲਾਲਸਾ ਪੈਦਾ ਕੀਤੀ ਹੈ। ਇਸ ਕਿਸਮ ਦੇ ਸਮਾਜਕ ਯਥਾਰਥ 'ਚ ਬੰਦੇ ਦੇ ਆਲੇ-ਦੁਆਲੇ ਬਰਬਰਤਾ, ਅਸਤਿਤਵੀ ਦਮਨ, ਮਾਨਸਿਕ ਵਿਖੰਡਨ, ਜ਼ੁਲਮ, ਨਿਆਂਹੀਣਤਾ ਦੀ ਵਿਡੰਬਣਾਮਈ ਸਥਿਤੀ ਪੈਦਾ ਹੋ ਚੁੱਕੀ ਹੈ। ਸੁਖਬੀਰ ਸੜਕਾਂ ਤੇ ਕਮਰੇ ਅਤੇ 'ਅੰਧੇ ਪੌਣੇਂ ਨਾਵਲਾਂ ਵਿਚ ਆਧੁਨਿਕ ਮਹਾਂਨਗਰੀ ਸਮੱਸਿਆ ਗ੍ਰਸਤ ਵਾਤਾਵਰਨ ਨੂੰ ਪੇਸ਼ ਕਰਦਾ ਹੈ। 'ਅੱਧੇ ਪੌਣੇ' ਨਾਵਲ ਵਿਚ ਸੁਖਬੀਰ ਆਧੁਨਿਕ ਪੂੰਜੀਵਾਦੀ ਵਿਵਸਥਾ ਦੀ ਇਕ ਹੋਰ ਸ਼ਰਮਨਾਕ ਬੀਮਾਰ ਵੇਸਵਾਬਿਰਤੀ ਨੂੰ ਸਮਾਜਕ ਆਰਥਕ ਪ੍ਰਸੰਗ ਵਿਚ ਰੱਖ ਕੇ ਚਿਤਰਣ ਦੀ ਕੋਸ਼ਿਸ਼ ਕਰਦਾ ਹੈ।" ਮਨਮੋਹਨ ਕਾਹਲੋਂ ਨੇ 'ਮਛਲੀ ਇਕ ਦਰਿਆ ਦੀ ਤੇ 'ਵਹਿ ਗਏ ਪਾਣੀ' ਵਿਚ ਮਨੁੱਖੀ ਹੋਂਦ ਦੇ ਇਨ੍ਹਾਂ ਕਾਮਨਾਮਈ ਲੁਕਵੇਂ ਪ੍ਰੇਰਣਾ-ਸਰੋਤਾਂ ਦਾ ਯਥਾਰਥਕ ਢੰਗ ਨਾਲ ਵਿਸ਼ਲੇਸ਼ਣ ਕਰਨ ਦਾ ਉਪਰਾਲਾ ਕੀਤਾ ਹੈ। ਉਸ ਦੀ ਮੁੱਖ ਰੁਚੀ ਬਾਹਰਮੁਖੀ ਰਸਮੀ ਵਿਹਾਰ ਦੀ ਲੋਕ ਪ੍ਰਵਾਣਿਤ ਬਿੰਬਾਵਲੀ ਉਸਾਰਨ ਦੀ ਬਜਾਇ ਦਮਿਤ ਕਾਮਨਾਵਾਂ ਦੇ ਮਨੋਯਥਾਰਥ ਨੂੰ ਫਰੋਲਣ ਵਿਚ ਰਹੀ ਹੈ। ਉਹ 'ਵਹਿ ਗਏ ਪਾਣੀ' ਵਿਚ ਵੀ ਮੂਲ ਰੂਪ ਵਿਚ ਵਰਜਿਤ ਅਵਰਜਿਤ ਕਾਮਨਾਵਾਂ ਅਤੇ ਮੁਹੱਬਤੀ ਛਿਣਾ ਦੀ ਤਰਲਤਾ ਨੂੰ ਪੇਸ਼ ਕਰਦਾ ਹੈ। ਇੰਦਰ ਸਿੰਘ ਖਾਮੋਸ਼ ਦੇ ਨਾਵਲ 'ਚਾਨਣ ਦਾ ਜੰਗਲ' ਅਤੇ 'ਬੁੱਕਲ ਦਾ ਰਿਸ਼ਤਾ' ਵੀ ਮਾਨਵੀ ਰਿਸ਼ਤਿਆਂ ਵਿਚ ਆ ਰਹੀ ਗਿਰਾਵਟ, ਵਿਕਾਰਾਂ ਦੀ ਕਰੂਰਤਾ ਨੂੰ ਦਰਸਾਉਂਦੇ ਹਨ।

**ਪ੍ਰਵਾਸੀ ਪੰਜਾਬੀ ਨਾਵਲ:-**

ਸਵਰਨ ਚੰਦਨ ਦੇ ਨਾਵਲ 'ਕੰਜਕਾਂ', 'ਤਸਦੀਕ' ਅਤੇ 'ਰੋਹ ਵਿਦਰੋਹ ਵਿਚ ਪੰਜਾਬੀ ਪਰਵਾਸੀ ਜੀਵਨ ਦੇ ਵਿਭਿੰਨ ਪਾਸਾਰਾਂ ਨੂੰ ਪਕੜਿਆ ਗਿਆ ਹੈ। ਦਰਸਨ ਧੀਰ ਦੇ ਨਾਵਲ 'ਲਕੀਰਾਂ ਤੇ ਮਨੁੱਖ', 'ਘਰ' ਤੇ ਕਮਰੇ', 'ਪੈੜਾਂ ਦੇ ਆਰ-ਪਾਰ', ਆਦਿ ਅਤੇ ਹਰਜੀਤ ਅਟਵਾਲ ਦੇ 'ਵਨ ਵੇਅ', 'ਰੇਤ' ਅਤੇ 'ਸਵਾਰੀ' ਸਾਧੂ ਬਠਿੰਗ ਦਾ 'ਜੁਗਤੂ' ਜਰਨੈਲ ਸਿੰਘ ਸੇਖਾ ਦੇ 'ਭਗੌੜਾ' ਆਦਿ ਨਾਵਲਾਂ ਵਿਚ ਪੰਜਾਬੀ ਖਿੱਤੇ ਨੂੰ ਛੱਡ ਕੇ ਗਏ ਲੋਕਾਂ ਦੀਆਂ ਮਜ਼ਬੂਰੀਆਂ, ਮਾਨਸਿਕ ਵਿਸ਼ਾਦ ਅਤੇ ਝੂਰੇਰਵਾ ਹੀ ਨਹੀਂ ਚਿਤਰਿਆ ਗਿਆ ਸਗੋਂ ਪੰਜਾਬੀ ਡਾਇਸਪੋਰੇ ਦੀਆਂ ਵਿਭਿੰਨ ਜਟਿਲਤਾਵਾਂ ਨੂੰ ਸਮੱਗਰਤਾ ਸਹਿਤ ਬਿਆਨ ਕੀਤਾ ਗਿਆ ਹੈ। ਪਰਵਾਸੀ ਜੀਵਨ ਯਥਾਰਥ ਦੀਆਂ ਸਮੱਸਿਆਵਾਂ, ਮਾਨਵੀ ਰਿਸ਼ਤਿਆਂ ਦੀਆਂ ਨਵੀਨ ਸਮੀਕਰਨਾ, ਔਰਤ ਮਰਦ ਸਬੰਧਾਂ, ਸੈਕਸ ਖੁੱਲ੍ਹ ਅਤੇ ਪੀੜ੍ਹੀ ਪਾੜੇ ਵਰਗੀਆਂ ਸਮੱਸਿਆਵਾਂ ਤੋਂ ਆਪਣੇ ਜੜ੍ਹ ਹੀਣ ਹੋਣ ਦੇ ਸੰਤਾਪ ਨੂੰ ਅਤੇ ਪਾਰ ਰਾਸ਼ਟਰੀ ਸਭਿਆਚਾਰ ਵਿਚ ਬਣਦੀ ਥਾਂ ਨਾ ਮਿਲਣ ਵਰਗੇ ਅਨੇਕਾਂ ਮਸਲੇ ਇਨ੍ਹਾਂ ਨਾਵਲੀ ਸੰਰਚਨਾਵਾਂ ਵਿਚ ਵਿਚਾਰੇ ਗਏ ਹਨ।

**ਮਨ ਦੀ ਤਰਲਤਾ ਨੂੰ ਫ਼ੜਨ ਵਾਲੇ ਨਾਵਲ:-**

ਸਮਕਾਲੀ ਪੰਜਾਬੀ ਨਾਵਲ ਨੇ ਆਪਣਾ ਬਿਤਾਂਤਕ-ਚੌਖਟਾ ਵਧੇਰੇ ਵਸੀਹ ਕੀਤਾ ਹੈ। ਨਵੀਆਂ ਬਿਰਤਾਂਤਕ ਜੁਗਤਾਂ, ਰਚਨਾ ਦ੍ਰਿਸ਼ਟੀ ਅਪਣਾ ਕੇ ਸਮਕਾਲੀ ਗਲਪਕਾਰਾਂ ਨੇ ਸਮਾਜਕ ਯਥਾਰਥ ਦੀ ਨਵੀਂ ਵਿਆਖਿਆ ਹੀ ਨਹੀਂ ਕੀਤੀ ਵਿਸ਼ਲੇਸ਼ਣ ਵੀ ਕੀਤਾ ਹੈ। ਪੰਜਾਬੀ ਰਹਿਤਲ ਵਿਚ ਵਿਆਪਕ ਸੰਕਟਾਂ ਦੇ ਸਨਮੁਖ ਲਾਚਾਰ ਖੜ੍ਹੇ ਬੰਦੇ ਦੇ ਜੀਵਨ ਬ੍ਰਿਤਾਂਤਾਂ ਰਾਹੀਂ ਗੁੰਝਲਦਾਰ ਅਤੇ ਜਟਿਲ ਯਥਾਰਥ ਦੀ ਤਲਾਸ਼ ਕਰਦੇ ਹੋਏ ਇਹ ਬ੍ਰਿਤਾਂਤਕਾਰ ਧੰਦੇ ਦੀ ਹੋਣੀ ਦੇ ਕਈ ਦਾਰਸ਼ਨਿਕ ਮਸਲਿਆਂ ਨੂੰ ਮੁਖਾਤਬ ਹੁੰਦੇ ਹਨ। ਇਨ੍ਹਾਂ ਗਲਪਕਾਰਾਂ ਵਿਚ ਦਰਸ਼ਨ ਧੀਰ ਦਾ ਨਾਵਲ 'ਅਜਨਬੀ ਚਿਹਰੇ' ਹਰਜੀਤ ਅਟਵਾਲ ਦਾ ‘ਸਵਾਰੀ' ਚੰਦਨ ਨੇਗੀ ਦਾ 'ਕਨਕ ਕਾਮਨੀ' ਇੰਦਰ ਸਿੰਘ ਖਾਮੋਸ਼ ਦਾ 'ਕਾਫਰ ਮਸੀਹਾ' ਮਨਮੋਹਨ ਬਾਵਾ ਦਾ 'ਯੁੱਧ ਨਾਦ' ਕੁਲਦੀਪ ਭਟਨਾਗਰ ਦਾ ਬੰਦਾ ਸਿੰਘ ਬਹਾਦਰ', 'ਬਜ਼ੀਰਾ' ਅਤੇ ਬਲਜਿੰਦਰ ਨਸਰਾਲੀ ਦਾ ‘ਵੀਹਵੀਂ ਸਦੀ ਦੀ ਆਖਰੀ ਕਥਾ' ਨਕਸ਼ਦੀਪ ਪੰਜਕੋਹਾ ਦਾ 'ਗਿਰਵੀ ਹੋਏ ਮਨ' ਆਦਿ ਰਚਨਾਵਾਂ ਸਮਕਾਲੀ ਸਮੇਂ ਦੀਆਂ ਪ੍ਰਤੀਨਿਧ ਰਚਨਾਵਾਂ ਹਨ ਜਿਹੜੀਆਂ ਜ਼ਿੰਦਗੀ ਦੀ ਜਟਿਲਤਾ ਨੂੰ ਸਮੁੱਚਤਾ ਅਤੇ ਸਮੱਗਰਤਾ ਸਹਿਤ ਪਕੜਨ ਦਾ ਯਤਨ ਕਰਦੀਆਂ ਹਨ।

ਇਨ੍ਹਾਂ ਗਲਪੀ ਸੰਗਠਨਾਂ ਵਿਚ ਪੰਜਾਬ ਸੰਕਟ ਨਾਲ ਜੁੜੇ ' ਬੁਨਿਆਦੀ ਮਸਲਿਆਂ ਪਰਵਾਸੀ ਅਤੇ ਮੂਲਵਾਸੀਆਂ ਦੀ ਜੱਦੋ-ਜਹਿਦ ਨੂੰ ਬਿਆਨ ਕੀਤਾ ਹੈ। ਸਮਾਜਕ ਯਥਾਰਥ ਦੀ ਕਰੂਰਤਾ ਵਿਚ ਗ੍ਰਸੇ ਬੰਦੇ ਦੀ ਮਾਨਸਿਕ ਟੁੱਟ-ਭੱਜ, ਕਪਟਤਾ, ਹਿਰਸਾਂ ਤੇ ਅਬੋਧਤਾ ਦੇ ਨਾਲ ਨਾਲ ਰਿਸਤਿਆਂ ਦੀ ਨਜ਼ਾਇਜਤਾ, ਅਵਿਸ਼ਵਾਸ, ਛਿਣਭੰਗਰਤਾ ਤੇ ਮਾਨਵੀ ਨਿਘਾਰ ਦਾ ਪ੍ਰਤੱਖਣੀ ਬਿਆਨ ਵੀ ਕੀਤਾ ਗਿਆ ਹੈ।

**ਅਸਤਿਤਵੀ ਸੱਕਟ ਦਾ ਨਾਵਲ:-**

ਪੰਜਾਬੀ ਜੀਵਨ ਵਿਚ ਵਾਪਰਨ ਵਾਲੇ ਅਨੇਕਾਂ ਸੰਕਟਾਂ ਕਾਰਨ ਪੰਜਾਬੀ ਬੰਦੇ ਦੀ ਮਾਨਸਿਕ ਟੁੱਟਭੱਜ ਤੇ ਨੈਤਿਕ ਪਤਨ ਨੂੰ ਆਪਣੀ ਰਚਨਾ ਦ੍ਰਿਸ਼ਟੀ ਦਾ ਮਰਕਜ਼ ਬਣਾਉਣ ਵਾਲੇ ਗਲਪਕਾਰਾਂ ਵਿਚ ਸ. ਸੋਜ ਦੇ ਨਾਵਲ “ਪਾਤਰ ਵਿਪਾਤਰ', 'ਊਣੇ ਸੱਖਣੇ', 'ਮਰਸੀਆ ਅਤੇ 'ਖਲੀਫ਼ਾ ਅਰਮਜੀਤ ਸਿੰਘ ਦਾ 'ਮਸ਼ੀਨਾਂ ਵਾਲੇ' ਅਤੇ ਪਿਆਰਾ ਸਿੰਘ ਭੋਗਲ ਦਾ ‘ਸ਼ੇਰ ਦੀ ਸਵਾਰੀ ਆਦਿ ਨਾਵਲਾਂ ਦਾ ਜ਼ਿਕਰ ਕੀਤਾ ਜਾ ਸਕਦਾ ਹੈ। 'ਇਨ੍ਹਾਂ ਨਾਵਲਾਂ ਦਾ ਨਾਵਲੀ ਪ੍ਰਵਚਨ : ਸਮਕਾਲ ਅਤੇ ਅਤੀਤ ਦੇ ਉਨ੍ਹਾਂ ਹਲਾਤਾਂ ਨੂੰ ਆਪਣਾ ਆਦਿ ਬਿੰਦੂ ਬਣਾਉਂਦਾ ਹੈ, ਜੋ ਸਮਕਾਲੀ ਮਨੁੱਖ ਦੀ ਮਾਨਸਿਕ ਅਤੇ ਅਸਤਿਤਵੀ ਇਕਸੁਰਤਾ ਨੂੰ ਖੰਡਿਤ ਕਰਨ ਵਿਚ ਵਿਸ਼ੇਸ਼ ਭੂਮਿਕਾ ਅਦਾ ਕਰਦੇ ਹਨ।'

**ਇਤਿਹਾਸਕ ਚੇਤਨਾ ਵਾਲਾ ਨਾਵਲ:-**

ਸਮਕਾਲੀ ਪੰਜਾਬੀ ਨਾਵਲ ਦਾ ਇਕ ਅਹਿਮ ਸਰੋਕਾਰ ਪੰਜਾਬੀ ਬੰਦੇ ਦੇ ਜੜ੍ਹਹੀਣ ਹੋਣ ਦੇ ਮੂਲ ਮਸਲੇ ਅਤੇ ਪਛਾਣ ਦਾ ਹੈ। ਇਸੇ ਪ੍ਰਸੰਗ ਵਿਚ 47 ਦੇ ਦੁਖਾਂਤ ਦੀਆਂ ਹੋਰ ਇਤਿਹਾਸਕ ਘਟਨਾਵਾਂ ਦਾ ਮੁੜ ਤੋਂ ਪੁਨਰ ਵਿਸ਼ਲੇਸ਼ਣ ਕੀਤਾ ਜਾ ਰਿਹਾ ਹੈ।

ਸਮਕਾਲੀ ਯਥਾਰਥ ਦਾ ਇਕ ਮਸਲਾ ਪੰਜਾਬੀ : ਅਵਚੇਤਨ ਦੀਆਂ ਜੜ੍ਹਾਂ ਮੱਧਕਾਲ ਵਿਚ ਤਲਾਸ਼ਣ ਦੀ ਬਜਾਏ ਆਦਿ ਕਾਲ ਤੱਕ ਫ਼ੈਲਾਉਣ ਨਾਲ ਜੁੜਿਆ ਹੈ। ਇਸ ਪ੍ਰਸੰਗ ਵਿਚ ਦਲੀਪ ਕੌਰ ਟਿਵਾਣਾ ਦਾ 'ਕਥਾ ਕਹੋ ਉਰਵਸ਼ੀ' ਬਲਦੇਵ ਸਿੰਘ ਦਾ 'ਪੰਜਵਾਂ ਸਾਹਿਬਜ਼ਾਦਾ' ਕੁਲਦੀਪ ਭਟਨਾਗਰ ਦਾ 'ਬੰਦਾ ਸਿੰਘ ਬਹਾਦਰ' ਅਤੇ ਮਨਮੋਹਨ ਬਾਵਾ ਦੇ ਨਾਵਲ ਰੱਖੇ ਜਾ ਸਕਦੇ ਹਨ। ਦੇਸ਼ ਦੀ ਅਜ਼ਾਦੀ ਵੇਲੇ ਹੋਏ ਵਿਆਪਕ ਉਜਾੜੇ ਅਤੇ ਘੱਲੂਘਾਰੇ ਦੇ ਵੇਰਵਿਆਂ ਨੂੰ ਮੁੜ ਤੋਂ ਵਿਸ਼ਲੇਸ਼ਤ ਕਰਨ ਵਾਲੇ ਨਾਵਲਕਾਰਾਂ ਵਿਚ ਡਾ. ਕੇਵਲ ਕਲੋਟੀ ਦਾ 'ਹੋਣੀ ਇਕ ਦੇਸ਼ ਦੀ' ਸਵਰਨ ਚੰਦਨ ਦਾ ਉਜਾੜਾ ਡਾ.ਅਮਰਜੀਤ ਸਿੰਘ ਦਾ 'ਮਸ਼ੀਨਾਂ ਵਾਲੇ ਆਦਿ ਨੂੰ ਰੱਖਿਆ ਜਾ ਸਕਦਾ ਹੈ ਇਹਨਾਂ ਲੇਖਕਾਂ ਨੇ ਉਸ ਦੁਖਾਂਤ ਦਾ ਭਰਵਾਂ ਗਲਪੀ ਬਿੰਬ ਉਸਾਰਿਆ ਹੈ ਤੇ ਪਾਠਕਾਂ ਨੂੰ ਕਈ ਪ੍ਰਸ਼ਨਾਂ ਦੇ ਸਨਮੁੱਖ ਖੜ੍ਹੇ ਕੀਤਾ ਹੈ।

ਵਿਸ਼ਵੀਕਰਨ ਦੀਆਂ ਅਲਾਮਤਾਂ ਅਤੇ ਉਤਰ ਆਧੁਨਿਕ ਸੰਕਟਾਂ ਵਾਲਾ ਨਾਵਲ :-

ਨਰਿੰਜਨ ਤਸਨੀਮ ਆਧੁਨਿਕ ਲਘੂ ਮਨੁੱਖ ਦੀਆਂ ਲਘੂ ਖਾਹਿਸ਼ਾਂ ਅਤੇ ਮਨੁੱਖ ਦੇ ਵਿਰਾਟ ਸੰਕਟਾਂ ਨੂੰ ਸਥਿਤੀਆਂ ਦੇ ਵਿਵੇਕ ਸਹਿਤ ਪਕੜਦਾ ਹੈ। ਪੰਜਾਬੀ ਰਹਿਤਲ ਵਿਚ ਵਿਚਰ ਰਹੇ ਬੰਦੇ ਦੇ ਮਾਨਵੀ ਸਰੋਕਾਰਾਂ ਨੂੰ ਨਵੀਆਂ ਸਥਿਤੀਆਂ ਦੇ ਪਰਿਪੇਖ ਵਿਚੋਂ ਪਛਾਣਨ ਦਾ ਯਤਨ ਇਸ ਨਾਵਲ ਦੀ ਵਿਸ਼ੇਸ਼ਤਾ ਹੈ। ਤਸਨੀਮ ਦੇ ਸ਼ਬਦਾਂ ਵਿੱਚ 'ਗਵਾਚੇ ਅਰਥ' ਵਿਚ ਮੈਂ ਆਪਣੀਆਂ ਕੁੱਝ ਨਿੱਜੀ ਗੱਲਾਂ ਪਾਠਕਾਂ ਨਾਲ ਸਾਂਝੀਆਂ ਕਰਨ ਦੇ ਬਹਾਨੇ, ਅਜੋਕੇ ਪੰਜਾਬ ਦੀ ਤਰਾਸਦੀ ਨੂੰ ਰੂਪਮਾਨ ਕੀਤਾ ਹੈ। ਇਹ ਸੰਤਾਪ ਜਿਹੜਾ ਅਸੀਂ ਦਸਾਂ ਸਾਲਾਂ ਤੋਂ ਭੋਗ ਰਹੇ ਹਾਂ ਇਸ ਨਾਵਲ ਵਿਚ ਪੰਜਾਂ ਦਿਨਾਂ ਦੀ ਵਾਰਤਾ ਹੋ ਨਿਬੜਿਆ ਹੈ।

ਇਸੇ ਤਰ੍ਹਾਂ ਕਿਰਪਾਲ ਸਿੰਘ ਅਜਾਦ ਦੇ ਨਾਵਲ 'ਅਕਲਾਂ ਵਾਲੇ' ਵਿਚ ਵੀ ਨਵੀਂ ਪੀੜੀ ਵਿਚ ਆ ਰਹੀ ਲੈਂਗਿਕ ਖੁੱਲ੍ਹ, ਸਮਾਜਕ, ਰਾਜਨੀਤਕ ਘੁਸਪੈਠ ਵਿਚੋਂ ਉਭਰਦੇ ਦ੍ਰਿਸ਼ਾਂ ਤੇ ਪਰਵਾਸੀ ਪੰਜਾਬੀਆਂ ਦੀ ਸਭਿਆਚਾਰਕ ਖੁੱਲ੍ਹ ਦੇ ਯਥਾਰਥ ਨੂੰ ਬਿਆਨ ਕਰਦਾ ਹੈ। ਇਸ ਪ੍ਰਸੰਗ ਵਿਚ ਹੀ ਹਰਜੀਤ ਅਟਵਾਲ ਦਾ 'ਰੇਤ' 'ਸਵਾਰੀ', ਬੀ.ਐਸ. ਢਿਲੋਂ ਅਤੇ ਅਵਤਾਰ ਬਿਲਿੰਗ ਦੇ ਗਲਪੀ ਪ੍ਰਵਚਨ ਨੂੰ ਵਿਚਾਰਿਆ ਜਾ ਸਕਦਾ ਹੈ। ਪ੍ਰਵਾਸੀ ਗਲਪਕਾਰਾਂ ਵਿਚ ਨਕਸ਼ਦੀਪ ਪੰਜਕੋਹਾਂ ਦਾ 'ਗਿਰਵੀ ਹੋਏ ਮਨ' ਸੁਸ਼ੀਲ ਕੌਰ ਦਾ 'ਧਰਤ ਪਰਾਈ ਆਪਣੇ ਲੋਕ' ਕੈਲਾਸਪੁਰੀ ਦਾ

'ਕਟਹਿਰੇ ਵਿਚ ਖੜ੍ਹੀ ਔਰਤ' ਔਰਤ ਦੀ ਹੋਂਦ ਅਤੇ ਹਸਤੀ ਨਾਲ ਵਾਬਸਤਾ ਵਿਭਿੰਨ ਮਸਲਿਆਂ ਨਾਲ ਆਪਣੀ ਗਲਪੀ ਵਿਲੱਖਣਤਾ ਦਾ ਸਬੂਤ ਦਿੰਦੀਆਂ ਹਨ।

ਵਿਸ਼ਵੀ ਵਿੱਤੀ ਪੂੰਜੀ ਦੇ ਉਤਰ ਬਸਤੀਵਾਦੀ ਸਾਮਰਾਜੀ ਵਰਤਾਰੇ ਤਹਿਤ ਪੱਛੜੇ ਦੇਸ਼ਾਂ ਦੇ ਬੁੱਧੀਜੀਵੀਆਂ ਅਤੇ ਲਾਭਕਾਰੀ ਹੁਨਰਕਾਰਾਂ ਨੂੰ ਮੰਡੀਕਲਚਰ ਦੀ ਚਕਾਚੌਂਧ ਵਿਖਾ ਕੇ ਕੀਤੇ ਜਾਂਦੇ ਬੌਧਿਕ ਅਪਹਰਨ ਤੇ ਮੰਡੀਕਲਚਰ ਦੇ ਮੁਨਾਫ਼ਾਕਾਰੀ ਸੁਭਾਵਕ ਖ਼ਾਸੇ, ਸੂਚਨਾ, ਸੇਵਾਵਾਂ ਅਤੇ ਉਤਪਾਦਨ ਦੇ ਮਨੁੱਖ ਵਿਰੋਧੀ ਵਪਾਰਕ ਏਜੰਡੇ ਤੇ ਮਸ਼ੀਨ ਦੀ ਤਰ੍ਹਾਂ ਵਰਤੇ ਜਾਂਦੇ ਬੰਦੇ ਦੇ ਬਹੁ ਪਾਸਾਰੀ ਜੀਵਨ ਯਥਾਰਥ ਨੂੰ ਪ੍ਰਸਤੁਤ ਕਰਨ ਵਾਲੀ ਗਲਪੀ ਰਚਨਾ 'ਘਾਟੀ ਪੁਤਲੀਗਰਾਂ ਦੀ ਹੈ। ਡਾ: ਕੇਵਲ ਕਲੋਟੀ ਦੁਆਰਾ ਉਸਾਰਿਆ ਇਹ ਗਲਪੀ ਪ੍ਰਵਚਨ ਵਿਗਿਆਨਕ ਵਿਸ਼ੇ ਦੀ ਜੱਦ ਵਿਚ ਵਿਚਰਦਾ ਹੋਇਆ ਅੰਤਰ ਰਾਸ਼ਟਰੀ ਪੱਧਰ 'ਤੇ ਵਿਸ਼ਵੀ ਵਿੱਤੀ ਪੂੰਜੀ ਦੁਆਰਾ ਕੀਤੇ ਜਾ ਰਹੇ ਬੌਧਿਕ ਕੰਗਾਲੀਕਰਨ ਅਤੇ ਬੌਧਿਕ ਅਪਹਰਨ ਦਾ ਦਸਤਾਵੇਜ਼ੀ ਸਬੂਤ ਹੈ। ਜਿਹੜਾ ਅਮਰੀਕ ਦੇ ਪਾਤਰ ਰਾਹੀਂ ਵਿਕਰਾਲ ਸਥਿਤੀਆਂ ਦਾ ਬਿਆਨ ਕਰਦਾ ਹੈ। ਅੰਧਵਿਸ਼ਵਾਸ, ਧਾਰਮਿਕ ਜਨੂੰਨਤਾ, ਜਾਤੀਵਾਦੀ ਕੱਟੜਤਾ ਫਿਰਕਾਪ੍ਰਸਤੀ ਸਮਕਾਲੀ ਸਮੇਂ ਵਿਚ ਸੰਕਟਗਰਸਤ ਪੂੰਜੀਵਾਦ ਦੇ ਪਾਸਾਰਵਾਦੀ ਏਜੰਡੇ ਵਿਚ ਸ਼ਾਮਲ ਹਨ। ਜੋਤਸ਼ (ਰਹੱਸਵਾਦ) ਨੂੰ ਵਿਗਿਆਨ ਦਾ ਦਰਜਾ ਦਿੱਤਾ ਜਾ ਰਿਹਾ ਹੈ। ਟੀ.ਵੀ. ਚੈਨਲਾਂ ਤੋਂ ਕਿਸਮਤਵਾਦ ਜੋਤਿਸ, ਰਹੱਸਵਾਦੀ ਪ੍ਰੀਤ ਕਲਚਰ ਦਾ ਪ੍ਰਚਾਰ ਪਾਸਾਰ ਕਰਕੇ ਲੋਕ ਚੇਤਨਾ ਨੂੰ ਖੁੰਢਾ ਕੀਤਾ ਜਾ ਰਿਹਾ ਹੈ। ਸਮਕਾਲੀ ਸਮੇਂ ਵਿਚ ਭਾਸ਼ਾ ਸ਼ਬਦ ਵਿਚੋਂ ਗਿਆਨ ਦੇ ਖ਼ਾਰਜ ਹੋ ਜਾਣ ਨਾਲ ਲੇਖਕ ਹਵਾ ਵਿਚ ਲਟਕ ਗਿਆ ਹੈ। ਹਰ ਪਾਸੇ ਤਕਨੀਕ ਦਾ ਗ਼ਲਬਾ ਹੈ। ਹਰ ਤਰਫ ਤਕਨੀਕ ਵਿਦਿਆਲਿਆਂ, ਮਹਾਂਵਿਦਿਆਲਿਆਂ ਦਾ ਮੱਕੜਜਾਲ ਫੈਲਿਆ ਦੇਖ ਸਕਦਾ ਹੈ। ਅਜੋਕੀ ਐਮ.ਟੀ.ਵੀ. ਪੀੜ੍ਹੀ ਤਾਂ ਸਾਹਿਤ ਨੂੰ ਹਿਕਾਰਤ ਦੀ ਨਜ਼ਰ ਨਾਲ ਵੇਖਦੀ ਹੈ ਹੀ ਇਸ ਦੀ ਸਾਰਥਕਤਾ ਪ੍ਰਤੀ ਖੁਦ ਲੇਖਕ ਦੇ ਮਨ ਵਿਚ ਸ਼ੰਕੇ ਉਤਪਨ ਹੋ ਗਏ ਹਨ।

ਇਸ ਸਾਰੇ ਵਰਤਾਰੇ ਦੇ ਚੱਲਦਿਆਂ ਵੀ ਪੰਜਾਬੀ ਲੇਖਕਾਂ ਨੇ ਪਿਛਲੇ ਕਝ ਦਹਾਕਿਆਂ ਵਿਚ ਮਹੱਤਵਪੂਰਨ ਗਲਪ ਦੀ ਰਚਨਾ ਕੀਤੀ ਹੈ। ਇਹ ਟੈਕਸਟ ਡਾ. ਗੁਰਪਾਲ ਸਿੰਘ ਸੰਧੂ ਦੇ ਸ਼ਬਦਾਂ ਵਿਚ ਯਥਾਰਥ ਦੀ ਪੇਸ਼ਕਾਰੀ ਹੀ ਨਹੀਂ ਕਰਦੀ ਸਗੋਂ ਨਵੀਂ ਵਿਆਖਿਆ ਅਤੇ ਵਿਸ਼ਲੇਸ਼ਣ ਕਰਦੀ ਹੋਈ ਮਨੁੱਖੀ ਹੋਂਦ ਦੇ ਨਵੇਂ ਪ੍ਰਸੰਗ ਉਭਾਰ ਕੇ ਨਵੇਂ ਪ੍ਰਸ਼ਨ ਖੜੇ ਕਰਦੀ ਹੈ। ਇਹ ਭਰਮ ਸਿਰਜਣ ਦੀ ਥਾਂ ਯਥਾਰਥ ਦੇ ਅੰਦਰਲੇ ਸੱਚ ਨਾਲ ਸਿੰਧੇ ਮੱਥੇ ਟੱਕਰ ਲੈਂਦੀ ਹੈ। ਮਨੁੱਖੀ ਚੌਗਿਰਦੇ ਵਿਚ ਪੈਦਾ ਹੋਈਆਂ ਬੇਤਰਤੀਬੀਆਂ ਨਾਲ ਸੰਘਰਸ਼ ਇਸ ਦਾ ਵਿਸ਼ੇਸ਼ ਲੱਛਣ ਹੈ।

ਪਿਛਲੇ ਦੋ ਦਹਾਕਿਆਂ ਵਿੱਚ ਬਹੁਤ ਸਾਰੇ ਨਾਵਲ ਲਿਖੇ ਗਏ ਹਨ। ਪਰ ਇਹ ਨਾਵਲ ਬਹੁਤ ਹੀ ਜਟਿਲ ਬਿਰਤਾਂਤ ਦੀ ਸਿਰਜਣਾ ਕਰਦੇ ਹਨ । ਬਿਰਤਾਂਤਕ ਜੁਗਤਾਂ ਅਤੇ ਵਿਸ਼ਿਆਂ ਪੱਖੋਂ ਕਈ ਨਵੇ ਤਜਰਬੇ ਵੀ ਹੋਏ ਹਨ। ਇਸ ਦੌਰ ਵਿੱਚ ਕਿਸਾਨੀ ਸੰਕਟ ਨੂੰ ਲੈ ਕੇ ਕਈ ਮਹੱਤਵਪੂਰਣ ਨਾਵਲ ਸਨਮੁੱਖ ਹੁੰਦੇ ਹਨ ਜਿਵੇਂ ਜਸਵੀਰ ਰਾਣਾ ਰਚਿਤ ਏਥੋਂ ਰਿਗਸਥਾਨ ਦਿਸਦਾ ਹੈ' ਜਸਵੀਰ ਮੰਡ ਦਾ 'ਆਖਰੀ ਬਾਬੇ' ਬਲਵੀਰ ਪਰਵਾਨਾ ਦਾ ਕਿਸਾਨੀ ਲਹਿਰ

ਨਾਲ ਜੁੜਿਆ ਨਾਵਲ 'ਟਰਾਲੀ ਯੁੱਗ' ਅਤੇ ਜਤਿੰਦਰ ਹਾਂਸ ਦੇ ਨਾਵਲ ਵੀ ਇਸੇ ਸ਼੍ਰੇਣੀ ਵਿੱਚ ਆਉਂਦੇ ਹਨ। ਪੇਂਡੂ ਔਰਤਾਂ ਬਾਰੇ ਪਰਗਟ ਸਤੌਜ ਦਾ ਨਾਵਲ 'ਤੀਵੀਂਆਂ' ਬਲਦੇਵ ਸਿੰਘ ਦਾ ਪਿੰਡ ਵਿੱਚ ਫੈਲ ਰਹੀ ਵੇਸ਼ਵਾਗਿਰੀ ਬਾਰੇ ਲਿਖਿਆ ਨਾਵਲ 'ਗੰਧਲੇ ਪਾਣੀ' ਵੀ ਇਸ ਦੌਰ ਦੀਆਂ ਸਥਿਤੀਆਂ ਨੂੰ ਪੇਸ਼ ਕਰਦੇ ਹਨ। ਇਸ ਤੋਂ ਇਲਾਵਾ ਪੰਜਾਬੀ ਵਿੱਚ ਸਮਲਿੰਗੀ ਸਬੰਧਾਂ ਬਾਰੇ ਗੁਰਪ੍ਰੀਤ ਸਹਿਜੀ ਦੇ ਨਾਵਲ ਮਿਲਦੇ ਹਨ।

ਸੋ ਅੰਤ ਵਿਚ ਅਸੀਂ ਕਹਿ ਸਕਦੇ ਹਾਂ ਕਿ ਸਮਕਾਲੀ ਯਥਾਰਥ ਇਕ ਯੁੱਗ ਚੇਤਨਾ ਹੈ, ਜਿਸ ਦਾ ਸਰੋਕਾਰ ਸਿਰਫ਼ ਵਰਤਮਾਨ ਜੀਵਨ ਯਥਾਰਥ ਨਾਲ ਹੀ ਨਹੀਂ ਸਗੋਂ ਇਹ ਨਿਕਟ ਭੂਤ ਅਤੇ ਨਿਕਟ ਭਵਿੱਖ ਨੂੰ ਆਪਣੇ ਕਲੇਵਰ ਵਿਚ ਸਮੇਟਦਾ ਹੈ। ਪਿਛਲੇ ਕੁੱਝ ਸਮੇਂ ਤੋਂ ਵਿਸਵੀ ਵਿੱਤੀ ਪੂੰਜੀ ਦੇ ਵਹਾਅ, ਸੂਚਨਾ ਤਕਨਾਲੋਜੀ ਤੇ ਸੰਚਾਰ ਮੀਡੀਆ ਦੇ ਵਿਕਾਸ, ਵਿਸ਼ਵੀਕਰਨ, ਉਦਾਰੀਕਰਨ, ਨਿੱਜੀਕਰਨ ਦੀਆਂ ਨੀਤੀਆਂ ਨੇ ਸਾਡੇ ਜੀਵਨ ਯਥਾਰਥ ਨੂੰ ਇਸ ਕਦਰ ਪ੍ਰਭਾਵਿਤ ਕੀਤਾ ਹੈ ਕਿ ਸਾਡਾ ਜੀਵਨ ਮਾਡਲ ਪਹਿਲਾਂ ਵਾਂਗ ਸਰਲ ਸਿੱਧਾ ਨਾ ਰਹਿ ਕੇ ਜਟਿਲ ਅਤੇ ਗੁੰਝਲਸ਼ੀਲ ਹੋ ਗਿਆ ਹੈ। ਪਾਰਰਾਸ਼ਟਰੀ ਸਭਿਆਚਾਰਕ ਅਤੇ ਅਖੌਤੀ ਲੋਕਤੰਤਰਿਕ ਆਕਰਮਣ ਨੇ ਸਾਡੀ ਘਰੇਲੂ ਸੱਤਾ ਅਤੇ ਸਿਆਸਤ ਨੂੰ ਗੰਧਲਾ ਅਤੇ ਸੰਘਣਾ ਕੀਤਾ ਹੈ। ਸੱਤਾ ਅਤੇ ਸਿਆਸਤ ਦੀ ਖੇਡ ਅਤੇ ਮੰਡੀ ਕਲਚਰ ਦੇ ਵਰਤਾਰੇ ਵਿਚ ਆਮ ਆਦਮੀ, ਬੇਗਾਨਗੀ, ਇਕੱਲਤਾ ਅਤੇ ਬੇਮਾਇਨਾ ਹੋ ਜਾਣ ਦਾ ਸੰਤਾਪ ਹੰਢਾ ਰਿਹਾ ਹੈ। ਸਾਡੇ ਸੁਜੱਗ ਗਲਪਕਾਰਾਂ ਨੇ ਆਮ ਆਦਮੀ ਦੀ ਪੀੜ ਨੂੰ ਹਰਨ ਦੇ ਯਤਨ ਵਿਚ ਅਤੇ ਪੰਜਾਬੀ ਪਰਿਵੇਸ਼ ਦੇ ਸਥਾਨਿਕ ਰਾਜਨੀਤਕ, ਸਮਾਜਕ, ਸਭਿਆਚਾਰਕ ਤੇ ਧਾਰਮਕ ਸਮੱਸਿਆਕਾਰਾਂ ਨੂੰ ਸਥਿਤੀ ਦੇ ਵਿਵੇਕ ਸੰਗ ਪਕੜਿਆ ਅਤੇ ਵਿਸ਼ਲੇਸ਼ਤ ਕੀਤਾ ਹੈ। ਪੰਜਾਬੀ ਦੇ ਸੁਜੱਗ ਗਲਪਕਾਰਾਂ ਸਨਮੁੱਖ ਬਿਖਮ ਸਥਿਤੀਆਂ ਹਨ ਪਰ ਇਨ੍ਹਾਂ ਹੱਥਾਂ ਵਿਚ ਪੰਜਾਬੀ ਨਾਵਲ ਦਾ ਭਵਿੱਖ ਉੱਜਲ ਹੋਣ ਦੀ ਆਸ ਰੱਖੀ ਜਾ ਸਕਦੀ ਹੈ।.

—----------------

ਇਸ ਭਾਗ ਨਾਲ ਸਬੰਧਿਤ ਸਵਾਲ

1.ਪੰਜਾਬੀ ਨਾਵਲ ਦੀ ਇਤਿਹਾਸਕ ਵਿਕਾਸ ਰੇਖਾ

2. ਪੰਜਾਬੀ ਨਾਵਲ ਦੇ ਝੁਕਾਅ ਜਾਂ ਪ੍ਰਵਿਰਤੀਆਂ

3. ਪ੍ਰਗਤੀਵਾਦੀ ਪੰਜਾਬੀ ਨਾਵਲ

4. ਪੰਜਾਬੀ ਨਾਵਲ ਅਧੁਨਿਕ ਦੌਰ ਦੀ ਪੈਦਾਵਾਰ ਹੈ ਸਪੱਸ਼ਟ ਕਰੋ

5. ਉਨੀ ਸੌ ਨੱਬੇ ਤੋਂ ਪਿੱਛੋਂ ਦੇ ਪੰਜਾਬੀ ਨਾਵਲ ਉਪਰ ਨੋਟ ਲਿਖੋ

6 ਪੰਜਾਬੀ ਨਾਵਲ ਪੱਛਮੀ ਪ੍ਰਭਾਵ ਹੇਠ ਉਸਰਿਆ ਹੈ ਸਪੱਸ਼ਟ ਕਰੋ

# ਭਾਗ ਅ– ਨਾਨਕ ਸਿੰਘ : ਚਿੱਟਾ ਲਹੂ

## ਨਾਨਕ ਸਿੰਘ ਰਚਿਤ ਨਾਵਲ 'ਚਿੱਟਾ ਲਹੂ' ਦਾ ਵਿਸ਼ਾ ਵਸਤੂ/ ਸੰਖੇਪ ਸਾਰ

ਨਾਨਕ ਸਿੰਘ ਨੇ ਲੱਗਭੱਗ ਦੋ ਦਰਜਨ ਨਾਵਲ ਪੰਜਾਬੀ ਸਾਹਿਤ ਨੂੰ ਦਿੱਤੇ ਹਨ। ਉਹਨਾਂ ਨਾਲ ਪੰਜਾਬੀ ਨਾਵਲ ਵਿੱਚ ਪਹਿਲੀ ਵਾਰ ਪੇਂਡੂ ਮੱਧਸ਼੍ਰੇਣੀ ਦੇ ਜੀਵਨ ਯਥਾਰਥ ਨੂੰ ਚਿਤਰਿਆ ਗਿਆ ਹੈ। ਉਹਨਾਂ ਦੇ ਨਾਵਲਾਂ ਦੇ ਮੁੱਖ ਵਿਸ਼ੇ ਸਮਾਜ–ਸੁਧਾਰ ਅਤੇ ਧਾਰਮਿਕ ਸੁਧਾਰਵਾਦ ਨਾਲ ਜੁੜੇ ਹੋਏ ਹਨ। ਪਰ ਉਹ ਇਹਨਾਂ ਮਸਲਿਆਂ ਨੂੰ ਸਿੱਧ ਪੱਧਰੇ ਰੂਪ ਵਿੱਚ ਪੇਸ਼ ਨਹੀਂ ਕਰਦਾ ਸਗੋਂ ਪੰਜਾਬੀ ਸਮਾਜ ਦੀਆਂ ਜੀਵਨ ਹਾਲਤਾਂ ਵਿੱਚੋਂ ਤਲਾਸ਼ ਕਰਦਾ ਹੈ। ਉਸ ਦੇ ਨਾਵਲ ਸਵਾਦਲੇ ਗਲਪੀ ਸੰਗਠਨ ਰਾਹੀਂ ਗੰਭੀਰ ਮਸਲਿਆਂ ਨੂੰ ਵੀ ਸਹਿਜ–ਭਾਅ ਪੇਸ਼ ਕਰ ਜਾਂਦੇ ਹਨ। ਨਾਨਕ ਸਿੰਘ ਦੀ ਖੂਬਸੂਰਤੀ ਇਹ ਹੈ ਕਿ ਉਹ ਧਾਰਮਿਕ–ਫ਼ਲਸਫੇ ਜਾਂ ਗਹਿਰ ਗੰਭੀਰ ਮਸਲਿਆਂ ਨੂੰ ਜ਼ਿੰਦਗੀ ਦੇ ਗੂੜ੍ਹੇ ਅਤੇ ਸੰਘਣੇ ਯਥਾਰਥ ਦੇ ਰੂਪ ਵਿੱਚ ਪੇਸ਼ ਕਰਦਾ ਹੈ। ਜ਼ਿੰਦਗੀ ਦੇ ਗਹਿਰੇ ਰੁੱਖ ਚੱਲ ਰਹੇ ਪਾਤਰਾਂ ਦੀ ਸਧਾਰਨ ਗੱਲਬਾਤ ਰਾਹੀਂ ਫਲਸਫਾਨਾ ਗੱਲ ਅਖਵਾ ਦੇਣੀ ਇਹ ਨਾਨਕ ਸਿੰਘ ਦੀ ਗਲਪਕਾਰੀ ਦਾ ਵਿਸ਼ੇਸ਼ ਗੁਣ ਹੈ। ਉਹ ਆਪਣੇ ਨਾਵਲ ਦੇ ਨਾਇਕ, ਨਾਇਕਾ ਅਤੇ ਹੋਰਨਾਂ ਪਾਤਰਾਂ ਦੀ ਉਸਾਰੀ ਬਹੁਤ ਹੀ ਸੂਹਜ–ਸਿਆਣਪ ਅਤੇ ਸਮਝ ਅਤੇ ਤਜ਼ਰਬੇ ਭਰੀ ਕਾਰੀਗਰੀ ਨਾਲ ਕਰਦਾ ਹੈ।

ਨਾਨਕ ਸਿੰਘ ਦੇ ਸਮਾਜ ਸੁਧਾਰ ਦੇ ਵਿਸ਼ਿਆਂ ਨਾਲ ਜੁੜੇ ਹੋਏ ਨਾਵਲਾਂ ਵਿੱਚ ਮਿੱਠਾ ਮਹੁਰਾਂ, ਕਾਲ ਚੱਕਰ, ਪ੍ਰੇਮ ਸੰਗੀਤ, ਗੰਗਾਜਲੀ ਵਿੰਚ ਸ਼ਰਾਬ, ਪਵਿੱਤਰ ਪਾਪੀ ਆਦਿ ਹਨ। ਇਹਨਾਂ ਨਾਵਲਾਂ ਰਾਹੀਂ ਉਸਦੀ ਨਾਵਲਕਾਰੀ ਤੋਂ ਲੋਕ/ਪਾਠਕ ਪਰਿਚਤ ਹੋ ਚੁੱਕੇ ਸਨ। ਪਰ ਜਿਹੜੀ ਕਮਾਲ ਉਸਨੇ 'ਚਿੱਟਾ ਲਹੂ' ਵਿੱਚ ਕੀਤੀ ਹੈ ਉਹ ਪੰਜਾਬੀ ਨਾਵਲ ਦੇ ਇਤਿਹਾਸ ਵਿੱਚ ਬੇ–ਮਿਸਾਲ ਹੈ।

ਇਸ ਨਾਵਲ ਵਿੱਚ ਨਾਨਕ ਸਿੰਘ ਨੇ ਪੇਂਡੂ ਮੱਧਸ਼੍ਰੇਣੀ ਵਿੱਚ ਵਿਆਪਤ ਬਹੁਤ ਸਾਰੀਆਂ ਕੁਰੀਤੀਆਂ ਅਤੇ ਗਲਤ ਧਾਰਨਾਵਾਂ ਦਾ ਪਰਦਾ ਫਾਸ਼ ਕੀਤਾ ਹੈ। ਪਰ ਮੁੱਖ ਤੌਰ 'ਤੇ ਜੇਕਰ ਇਨ੍ਹਾਂ ਦੀ ਨਿਸ਼ਾਨਦੇਹੀ ਕਰਨੀ ਹੋਵੇ ਤਾਂ ਅਸੀਂ ਕਹਿ ਸਕਦੇ ਹਾਂ ਕਿ ਨਾਨਕ ਸਿੰਘ ਨੇ ਇਸ ਨਾਵਲ ਰਾਹੀਂ ਸਾਡੇ ਸਮਾਜ ਦੇ ਕੋਹਜਾਂ ਨੂੰ ਤਕੜੇ ਹੱਥੀਂ ਹਲੂਣਿਆ ਹੈ। ਇਸ ਨਾਵਲ ਵਿੱਲ ਅਣਪੜ੍ਹਤਾ, ਛੂਆ–ਛੂਤ, ਨਸ਼ਿਆਂ ਦੇ ਸੇਵਨ, ਡੇਰਾਵਾਦ, ਵਿਆਹ–ਸ਼ਾਦੀਆਂ ਦੀਆਂ

ਕੁਰੀਤੀਆਂ, ਔਰਤ ਦੀ ਸਥਿਤੀ, ਵਿਧਵਾ ਤ੍ਰਿਸ਼ਕਾਰ, ਗੁਰਦੁਆਰਿਆਂ ਦੇ ਕਾਰਜ, ਪੇਂਡੂ ਸਮਾਜ ਦੀ ਸ਼ਰੀਕੇਬਾਜੀ, ਮੁਕੱਦਮੇਬਾਜੀ, ਪੇਂਡੂ ਲੋਕਾਂ ਦੀਆਂ ਟੁੱਟ ਰਹੀਆਂ ਭਾਈਚਾਰਕ ਸਾਂਝਾਂ, ਗੁੰਡਾਗਰਦੀ ਆਦਿ ਵਿਸ਼ਿਆਂ ਨੂੰ ਸ਼ਸ਼ਕਤ ਰੂਪ ਵਿੱਚ ਪ੍ਰਸਤੁਤ ਕੀਤਾ ਹੈ।

ਨਾਨਕ ਸਿੰਘ ਦੀ ਖੂਬਸੂਰਤੀ ਇਹ ਹੈ ਕਿ ਉਸਨੇ 'ਚਿੱਟਾ ਲਹੂ' ਨਾਵਲ ਦੇ ਨਾਇਕ ਅਤੇ ਨਾਇਕਾ ਦੇ ਚਰਿੱਤਰ ਨੂੰ ਬਹੁਤ ਹੀ ਕਾਰੀਗਰੀ ਨਾਲ ਚਿਤਰਿਆ ਹੈ। ਇਸ ਨਾਵਲ ਵਿੱਚ ਅਸੀਂ ਦੇਖਦੇ ਹਾਂ ਕਿ ਸੁੰਦਰੀ ਇੱਕ ਬੇਸਹਾਰਾ ਅਤੇ ਅਨਾਥ ਕੁੜੀ ਹੈ ਜਿਸਨੂੰ ਝਾੜੀਆਂ ਵਿੱਚੋਂ ਚੁੱਕ ਕੇ ਇੱਕ ਫਕੀਰ/ਕਲੰਦਰ/ਮੁਸਲਿਮ ਪਾਲਦਾ ਹੈ। ਪਰ ਉਸ ਅੰਦਰ ਪੜ੍ਹਨ ਲਿਖਣ ਦੀ ਸਧਰ ਨੇ ਨਾ ਸਿਰਫ਼ ਉਸਨੂੰ ਗੁਰਸਿੱਖੀ ਨਾਲ ਜੋੜਿਆ ਸਗੋਂ ਉਹ ਬਹੁਤ ਲਿਆਕਤ ਵਾਲੀ, ਸੁਸ਼ੀਲ ਅਤੇ ਸੁੰਦਰ ਕੁੜੀ ਦੇ ਰੂਪ ਵਿੱਚ ਉਭਰਦੀ ਹੈ । ਬਚਨ ਸਿੰਘ ਵਰਗਾ ਪੜ੍ਹਿਆ ਲਿਖਿਆ ਨੌਜਵਾਨ ਲੜਕਾ ਉਸਦੀ ਹਰ ਮਦਦ ਕਰਦਾ ਹੈ, ਉਹ ਉਸਦੀ ਲਿਆਕਤ, ਸੁਸ਼ੀਲਤਾ ਅਤੇ ਸੁੰਦਰਤਾ ਦਾ ਕਾਇਲ ਹੋ ਜਾਂਦਾ ਹੈ।ਇਸ ਸਹਿਜ ਅਤੇ ਸਹਿਯੋਗੀ ਰਿਸ਼ਤੇ ਵਿੱਚ ਬੱਝਿਆ ਬਚਨ ਸਿੰਘ ਉਸਨੂੰ ਮੂਕ ਮੁਹੱਬਤ ਕਰਨ ਲਗਦਾ ਹੈ ਤੇ ਇਸ਼ਕ ਸ਼ਿੱਦਤ ਵਿੱਚ ਉਹ ਸਮਾਜ ਸੁਧਾਰ ਦੇ ਕਾਰਜਾਂ ਵੱਲ ਰੁਚਿਤ ਹੋ ਜਾਂਦਾ ਹੈ। ਸੁੰਦਰੀ ਨੂੰ ਵੀ ਇਸ ਗੱਲ ਦਾ ਅਹਿਸਾਸ ਹੈ। ਕਲੰਦਰ ਅਤੇ ਬਾਂਦਰਾਂ ਦਾ ਮੁੱਢਲਾ ਸਾਥ ਉਸਨੂੰ ਮੁੜ-ਮੁੜ ਪਿਛਾਂਅ ਵੱਲ ਖਿੱਚਦਾ ਹੈ ਪਰ ਬਚਨ ਸਿੰਘ ਦਾ ਸਾਥ ਅਤੇ ਵਿੱਦਿਆ ਦਾ ਗਿਆਨ ਉਸਨੂੰ ਸਮਾਜ ਦੀ ਸੇਵਾ ਵੱਲ ਪ੍ਰੇਰਦਾ ਹੈ। ਵਿਡੰਬਣਾ ਇਹ ਹੈ ਕਿ ਜਿਵੇਂ-ਜਿਵੇਂ ਉਹ ਅਗਾਂਹ ਵੱਧਦੀ ਹੈ ਤਿਉਂ-ਤਿਉਂ ਉਸਦੇ ਪਿਛਲੇ ਸੰਸਕਾਰ ਤੇ ਸਮਾਜ ਵੱਲੋਂ ਦਿੱਤੇ ਗਏ ਜਖ਼ਮਾਂ ਦੀ ਯਾਦ ਉਸ ਨੂੰ ਮੁੜ-ਮੁੜ ਬਦਲਾ ਲੈਣ ਲਈ ਉਕਸਾਂਦੀ ਹੈ। ਮਨੁੱਖ ਦੀ ਮਾਨਸਿਕ ਕੱਸ਼-ਮ-ਕੱਸ਼ ਅਤੇ ਚੰਗੇ ਮੰਦੇ ਭਾਵਾਂ ਵਿਚਲੇ ਤਣਾਓ ਨੂੰ ਯਥਾਰਥਕ ਰੂਪ ਵਿੱਚ ਫੜ੍ਹਨਾ ਅਤੇ ਪੇਸ਼ ਕਰਨਾ ਹੀ ਨਾਨਕ ਸਿੰਘ ਦੇ ਇਸ ਨਾਵਲ ਦੀ ਖ਼ੂਬਸੂਰਤੀ ਹੈ।

'ਚਿੱਟਾ ਲਹੂ' ਨਾਵਲ ਵਿੱਚ ਸਾਡੇ ਪਿੰਡਾਂ ਵਿੱਚ ਉਸਰੇ ਗੁਰਦੁਆਰਿਆਂ ਦੇ ਨਾਲ-ਨਾਲ, ਨਿਰਮਲੇ ਸੰਤਾਂ ਦੇ ਡੇਰਿਆਂ ਅਤੇ ਇਨ੍ਹਾਂ ਵਿੱਚ ਚਲਦੀ ਲੀਲ੍ਹਾ ਦੇ ਯਥਾਰਥ ਨੂੰ ਵੀ ਬਾਖੂਬੀ ਚਿਤਰਿਆ ਗਿਆ ਹੈ। ਇਹਨਾਂ ਡੇਰਾਰੂਪੀ ਗੁਰਦੁਆਰਿਆਂ ਵਿੱਚ ਭੰਗ, ਪੋਸਤ, ਸੁੱਖਾ ਆਦਿ ਦੇ ਸੇਵਨ ਅਤੇ ਇਹਨਾਂ ਡੇਰਿਆਂ ਵਿੱਚ ਚਲਦੀ ਰਾਜਨੀਤੀ ਦੇ ਯਥਾਰਥ ਨੂੰ ਵੀ ਫੜ੍ਹਿਆ ਗਿਆ ਹੈ। ਅਜਿਹੇ ਡੇਰੇ ਜਾਂ ਠਾਠਾਂ ਬਹੁਤ ਸਾਰੇ ਪਿੰਡਾਂ ਵਿੱਚ ਬਣੀਆਂ ਹਨ। ਇਹਨਾਂ ਡੇਰਿਆਂ

ਵਿੱਚ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੁੰਦਾ ਹੈ। ਪਰ ਇਹਨਾਂ ਡੇਰਿਆਂ ਵਿੱਚ ਗੁਰਬਾਣੀ ਦੀ ਵਿਆਖਿਆ ਸਿੱਖ ਫ਼ਲਸਫ਼ੇ ਦੇ ਅਨੁਸਾਰ ਨਾ ਹੋ ਕੇ ਸਨਾਤਨ ਪਰੰਪਰਾ ਦੇ ਅਨੁਸਾਰ ਕੀਤੀ ਜਾਂਦੀ ਹੈ।

ਇਸੇ ਤਰ੍ਹਾਂ ਲੱਖਾਂ ਸਮਾਜ ਸੁਧਾਰ ਦੇ ਯਤਨਾਂ ਅਤੇ ਗੁਰੂ ਸਾਹਿਬਾਨ ਵੱਲੋਂ ਜਾਤ–ਪਾਤ ਅਤੇ ਛੂਤ–ਛਾਤ ਦੇ ਵਿਰੁੱਧ ਪੰਜਾਬ ਵਿੱਚ ਚਲਾਈ ਗਈ ਲੰਮੀ ਲੜਾਈ ਦੇ ਬਾਵਜੂਦ ਪਿੰਡਾਂ ਵਿੱਚ ਜਾਰੀ ਜਾਤ–ਪਾਤ ਦੀ ਚੀੜ੍ਹੀ ਵਿਵਸਥਾ ਦੇ ਖਿਲਾਫ ਵੀ ਪ੍ਰਵਚਨ ਉਸਾਰਿਆ ਗਿਆ ਹੈ। ਨਾਨਕ ਸਿੰਘ 'ਚਿੱਟਾ ਲਹੂ' ਨਾਵਲ ਰਾਹੀਂ ਦਰਸਾਉਂਦਾ ਹੈ ਕਿ ਉਸ ਸਮੇਂ ਜਦੋਂ ਨੀਚ ਸਮਝੀਆਂ ਜਾਂਦੀਆਂ ਕੰਮੀ–ਕੰਮੀਣ ਜਾਤਾਂ ਨੂੰ ਹਿਕਾਰਤ ਦੀ ਨਜ਼ਰ ਨਾਲ ਵੇਖਿਆ ਜਾਂਦਾ ਹੋਏ ਅਤੇ ਗੁਰੂਦੁਆਰਾ ਸਾਹਿਬ ਵਰਗੀ ਧਾਰਮਿਕ ਜਗਾਹ 'ਤੇ ਇਨ੍ਹਾਂ ਨਾਲ ਵਿਤਕਰਾ ਕੀਤਾ ਜਾਂਦਾ ਹੋਵੇ ਤਾਂ ਸਾਨੂੰ ਗੁਰੂ ਨਾਨਕ ਜਾਂ ਗੁਰੂ ਗੋਬਿੰਦ ਸਿੰਘ ਦੇ ਹੱਕੀ ਵਾਰਸ ਨਹੀਂ ਕਿਹਾ ਜਾ ਸਕਦਾ ਸਗੋਂ 'ਚਿੱਟੇ ਲਹੂ' ਵਾਲੇ ਕੀੜਿਆਂ ਦੇ ਸਮਾਨ ਹੀ ਸਮਝਣਾ ਚਾਹੀਦਾ ਹੈ। ਇਸ ਨਾਵਲ ਵਿੱਚ ਇੱਕ ਲੁਕਵੀ ਸੱਚਾਈ ਇਹ ਵੀ ਬਿਆਨ ਕੀਤੀ ਗਈ ਹੈ ਕਿ ਅਖੌਤੀ ਉਚੀਆਂ ਜਾਤਾਂ ਦੇ ਲੋਕ ਸਮਾਜਕ ਤੌਰ 'ਤੇ ਤਾਂ ਕੰਮੀ ਕਮੀਣਾਂ ਨੂੰ ਨੀਚ ਸਮਝਦੇ ਹਨ ਪਰ ਉਹਨਾਂ ਦੀਆਂ 'ਸੁੰਦਰੀ' ਵਰਗੀਆਂ ਖ਼ੂਬਸੂਰਤ ਕੁੜੀਆਂ ਦਾ ਸਾਥ ਮਾਨਣ ਲਈ ਅਤੇ 'ਅਨਵਰ' ਵਰਗੀ ਕੰਜਰੀ ਦੀ ਇੱਕ ਝਲਕ ਲਈ ਸੇਠ, ਪੰਡਿਤ ਅਤੇ ਵੱਡੇ–ਵੱਡੇ ਰਾਠ ਉਹਨਾਂ ਦੇ ਤਲਵੇ ਚੱਟਣ ਤੱਕ ਜਾਂਦੇ ਹਨ। ਇਹੋ ਜਿਹੇ ਅਨੇਕਾਂ ਵੇਰਵੇ ਇਸ ਨਾਵਲ ਵਿੱਚ ਦਰਜ ਹਨ ਜਿਹੜੇ ਅਖੌਤੀ ਉੱਚੀਆਂ ਜਾਤਾਂ ਦੇ ਮਰਦਾਂ ਦੇ ਪਰਦੇ ਚਾਕ ਕਰਦੇ ਹਨ। ਪਾਲਾ ਸਿੰਘ ਦੇ ਇਹ ਬੋਲ ਨਾ ਸਿਰਫ਼ ਸਿੱਖਾਂ ਵੱਲੋਂ ਧਾਰਨ ਕੀਤੇ ਵਖਾਵੇ ਦੇ ਵਿਹਾਰ ਨੂੰ ਹੀ ਰੇਖਾਂਕਿਤ ਕਰਦੇ ਹਨ ਸਗੋਂ ਉਸ ਅੰਦਰਲੀ ਹਿਰਸ ਪੂਰਤੀ ਅਤੇ ਕੰਮੀਨਗੀ ਨੂੰ ਵੀ ਬਿਆਨ ਕਰਦੇ ਹਨ:–

> "ਓਏ ਛੱਡ ਪਰੇ ਵਿਹਲੀਆਂ ਗੱਲਾਂ। ਸਿੱਖਾਂ ਨੂੰ ਕੀ ਲੱਗੇ ਇਹੋ ਜਿਹੇ ਵਹਿਮਾਂ ਨਾਲ। ਤੁਸੀਂ ਬੱਸ ਗੁਰੂ ਦਾ ਨਾਂ ਲੈ ਕੇ ਰਾਤੀ ਉਹਨੂੰ ਲਿਆਉਣ ਦੀ ਕਰੋ।" (ਚਿੱਟਾ ਲਹੂ, ਪੰਨਾ–179)

ਇਸੇ ਤਰ੍ਹਾਂ ਇਸ ਨਾਵਲ ਵਿੱਚ ਮੁੱਲਾਂ ਅਤੇ ਬ੍ਰਾਹਮਣਾਂ/ਪੰਡਿਤ ਲਾਣੇ ਦੀ ਆਪਸੀ ਮਿਲੀਭੁਗਤ ਰਾਹੀਂ ਕਿਵੇਂ ਆਮ ਸਧਾਰਨ ਲੋਕਾਂ ਨੂੰ ਧਰਮ ਦੇ ਨਾਂ ਉਪਰ ਪਾੜ ਕੇ ਰੱਖਿਆ ਜਾਂਦਾ ਹੈ ਤੇ ਧਾਰਮਿਕ ਰਵਾਇਤ ਦੇ ਉਹਲੇ ਵਿੱਚ ਲੋਕਾਂ ਨੂੰ ਡਰਾਵੇ ਦੇ ਕੇ ਠੱਗਿਆ ਕਿਵੇਂ ਜਾਂਦਾ ਹੈ ਇਸ ਸੱਚਾਈ ਨੂੰ ਵੀ ਬਿਆਨ ਕੀਤਾ ਜਾਂਦਾ ਗਿਆ ਹੈ:–

"ਇਸ ਵੇਲੇ ਤੱਕ ਸ਼ਰਾਬ ਹੌਲੀ–ਹੌਲੀ ਸਭਨਾਂ 'ਤੇ ਅਸਰ ਕਰ ਚੁੱਕੀ ਸੀ, ਤੇ ਇਸ ਦੇ ਲੋਰ ਵਿੱਚ ਸਭ ਆਪੋ–ਆਪਣੀਆਂ ਗੱਲਾਂ ਛੇੜ ਬੈਠੇ ਸਨ।"

ਪੰਡਿਤ ਹੋਰਾਂ ਝੂਮਦਿਆਂ ਹੋਇਆਂ ਸਾਰਿਆਂ ਵੱਲ ਧਿਆਨ ਕਰਕੇ ਕਿਹਾ,

"ਮਿੱਤਰ ਜਨੋਂ ਕੈਸਾ ਸੁਭਾਗ ਸਮਾਂ ਹੈ, ਕੈਸੀ ਏਕਤਾ ਅਰ ਪਰਸਪਰ ਪ੍ਰੇਮ ਦਾ ਰਾਜ ਹੈ। ਸੱਚਮੁੱਚ ਜਦ ਮੈਂ ਹਿੰਦੂ ਮੁਸਲਮਾਨਾਂ ਨੂੰ ਇੱਕੋ ਜਗ੍ਹਾ ਖਾਣ–ਪਾਣ ਕਰਦਿਆਂ ਵੇਖਦਾ ਹਾਂ ਤਾਂ ਮੇਰਾ ਮਨ ਪ੍ਰਸੰਨਤਾ ਨਾਲ ਗਦ–ਗਦ ਹੋ ਜਾਂਦਾ ਹੈ। ਪਰਮਾਤਮਾ ਕਰੇ ਸਾਰੇ ਭਾਰਤ ਵਿੱਚ ਐਸਾ ਹੀ ਮੈਤਰੀ ਭਾਵ ਹੋ ਜਾਵੇ।" (ਚਿੱਟਾ ਲਹੂ, ਪੰਨਾ–32)

ਪਰ ਉਹੀ ਪੰਡਿਤ ਜਦੋਂ ਰਾਮ ਚੰਦ ਦੀ ਘਰਵਾਲੀ ਗੁਰਦੇਈ ਨੂੰ ਇੱਕ ਸਧਾਰਨ ਮੁਸਲਮਾਨ ਮੁੰਡੇ ਨਾਲ ਆਪਣੇ ਘਰ ਆਈ ਦੇਖਦਾ ਹੈ ਤਾਂ ਉਸਦਾ ਵਿਵਹਾਰ ਅਤਿ ਦਾ ਫਿਰਕੂ ਹੋ ਜਾਂਦਾ ਹੈ:–

ਆਉਂਦਿਆਂ ਹੀ ਪੰਡਿਤ ਹੋਰਾਂ ਕਿਹਾ:– "ਬੂਹੇ ਤੋਂ ਰਤਾ ਪਿਛਾਂਹ ਹੋ ਕੇ ਖੜ੍ਹੇ ਹੋਵੋ। ਜਾਣਦੇ ਨਹੀਂ ਇਹ ਬ੍ਰਾਹਮਣ ਦਾ ਘਰ ਏ?" (ਚਿੱਟਾ ਲਹੂ, ਪੰਨਾ–33)

ਇਸੇ ਤਰ੍ਹਾਂ ਵਿਧਵਾ ਵਿਆਹ ਦੇ ਸਮਾਜਕ ਮਸਲੇ ਨੂੰ ਵੀ ਇਸ ਨਾਵਲ ਵਿੱਚ ਯਥਾਰਥਕ ਰੂਪ ਵਿੱਚ ਚਿਤਰਿਆ ਗਿਆ ਹੈ। ਉੱਚੀ ਜਾਤ ਵਾਲੇ ਰਸੂਖਵਾਨਾਂ ਪੰਡਿਤਾਂ ਆਦਿ ਦੇ ਘਰ ਦੀ ਕੋਈ ਬਹੁ–ਬੇਟੀ ਵਿਧਵਾ ਹੋ ਜਾਵੇ ਤਾਂ ਉਸ ਲਈ ਘਰ ਵਿੱਚ ਅਤੇ ਇਨ੍ਹਾਂ ਦੇ ਦਿਲਾਂ ਵਿੱਚ ਕੋਈ ਤਰਸ ਅਤੇ ਮਾਨਵੀ ਭਾਵਨਾ ਨਹੀਂ ਬਣਦੀ। ਪਰ ਵਿਡੰਬਣਾ ਇਹ ਹੈ ਕਿ ਉਹੀ ਹਿੰਦੂ ਔਰਤ ਜੇਕਰ ਮੁਸਲਿਮ ਵੇਸ਼ਵਾ ਬਣ ਕੇ ਪਿੰਡ ਵਿੱਚ ਮੁਜਰਾ ਕਰਨ ਆਉਂਦੀ ਹੈ ਤਾਂ ਅਖੌਤੀ ਉੱਚੀਆਂ ਜਾਤਾਂ ਦੀ ਪ੍ਰਤਿਨਿੱਧਤਾ ਕਰਨ ਵਾਲੇ ਪੰਡਿਤ ਅਤੇ ਵੱਡੇ ਸੇਠ ਉਸ ਦੀਆਂ ਸਰਦਲਾਂ ਤੇ ਮੱਥੇ ਰਗੜਦੇ ਫਿਰਦੇ ਹਨ। ਇਸੇ ਤਰ੍ਹਾਂ ਜੇਕਰ ਕੋਈ ਗਰੀਬ ਜਾਂ ਦਲਿਤ ਔਰਤ ਗੁਰਦੁਆਰੇ ਮੱਥਾ ਟੇਕਣ ਲਈ ਚਲੀ ਜਾਵੇ ਤਾਂ ਕੜਾਹ ਪ੍ਰਸ਼ਾਦਿ ਤੇ ਗੁਰੂ ਭਿੱਟਿਆ ਜਾਂਦਾ ਹੈ ਪਰ ਕਿਸੇ ਸਰਦਾਰ ਜਾਂ ਲੰਬਰਦਾਰ ਦਾ ਕੁੱਤਾ ਗੁਰਦੁਆਰੇ ਅੰਦਰ ਆ ਕੇ ਝੋਲੀ ਵਿੱਚ ਬੈਠ ਜਾਣ ਨਾਲ ਇਹਨਾਂ ਦਾ ਰੁਤਬਾ ਵੱਧਦਾ ਹੈ। ਇਉਂ ਨਾਨਕ ਸਿੰਘ ਸਾਡੇ ਅਖੌਤੀ ਸਭਿਅਕ ਸਮਾਜ ਦੇ ਅਲੰਬਰਦਾਰ ਅਤੇ ਚੌਧਰੀਆਂ ਦੇ ਅਸਲ ਕਿਰਦਾਰ ਨੂੰ ਵਿਅੰਗ ਅਤੇ ਮਸ਼ਕਰੀ ਦੀ ਜੁਗਤ ਨਾਲ ਬਿਆਨ ਕਰ ਜਾਂਦਾ

ਹੈ। ਪੰਡਿਤ ਰਾਧੇ ਸ਼ਿਆਮ ਵਰਗੇ ਅਜਿਹੇ ਚੌਧਰੀ ਜਿਹੜੇ ਆਪ ਤਾਂ ਮੁਸਲਮਾਨਾਂ ਨਾਲ ਵਰਤੇਬਾ ਵੀ ਰੱਖਦੇ ਹਨ, ਉਹਨਾਂ ਨਾਲ ਰਲ ਕੇ ਸ਼ਰਾਬਾਂ ਵੀ ਪੀਂਦੇ ਹਨ ਇੱਥੋਂ ਤੱਕ ਕੇ ਪਿੰਡ ਵਿੱਚ ਹੋਣ ਵਾਲੇ ਹਰ ਇੱਕ ਮਾੜੇ ਕੰਮ ਦੇ ਸ਼ਾਅਦੀ/ਭਾਗੀਦਾਰ ਵੀ ਬਣਦੇ ਹਨ ਪਰ ਲੋਕਾਂ ਨੂੰ ਆਪਸ ਵਿੱਚ ਪਾੜੀ ਰੱਖਣ ਅਤੇ ਸੁੱਚ–ਭਿੱਟ ਦੇ ਹਥਿਆਰ ਨੂੰ ਹਮੇਸ਼ਾ ਵਰਤ ਕੇ ਵੀ ਆਪ ਚੰਗੇ ਬਣੇ ਰਹਿੰਦੇ ਹਨ।

ਇਸ ਨਾਵਲ ਵਿੱਚ ਇੱਕ ਮਸਲਾ ਸਾਡੇ ਲੇਖਕਾਂ ਦੀ ਮੰਦੀ ਆਰਥਿਕ ਹਾਲਤ ਨਾਲ ਵੀ ਜੁੜਿਆ ਹੋਇਆ ਹੈ। ਗੁਪਤੇਸ਼ਵਰ ਦੇ ਪਾਤਰ ਰਾਹੀਂ ਨਾਨਕ ਸਿੰਘ ਨੇ ਲੇਖਕਾਂ ਦੀ ਫਾਕੇ ਕੱਟਣ ਵਾਲੀ ਜ਼ਿੰਦਗੀ ਦਾ ਯਥਾਰਥ ਪੇਸ਼ ਕੀਤਾ ਹੈ।

ਇਸ ਨਾਵਲ ਵਿੱਚ ਇੱਕ ਸਭ ਤੋਂ ਅਹਿਮ ਵਿਸ਼ਾ ਜਿਹੜਾ ਇਸ ਨਾਵਲ ਦੇ ਆਰ–ਪਾਰ ਫੈਲਿਆ ਹੋਇਆ ਹੈ ਉਹ ਹੈ ਪਿਆਰ। ਪ੍ਰੇਮ ਦੀ ਸ਼ਿੱਦਤ ਭਰਪੂਰ ਪੇਸ਼ਕਾਰੀ। ਇਹ ਪ੍ਰੇਮ ਮੂਕ ਮੁਹੱਬਤ ਤੋਂ ਸ਼ੁਰੂ ਹੋ ਕੇ ਰੂਹਾਂ ਤੱਕ ਤੇ ਉਸਤੋਂ ਵੀ ਅੱਗੇ ਸਰਬੰਸ ਵਾਰ ਕੇ ਤਿਆਗੀ ਹੋ ਜਾਣ ਤੱਕ ਦਾ ਸਫਰ ਕਰਦਾ ਹੈ। ਬਚਨ ਸਿੰਘ ਤੇ ਸੁੰਦਰੀ ਦਾ ਇਸ਼ਕ ਇਹੋ ਜਿਹੇ ਰਿਸ਼ਤਿਆਂ ਦੀ ਤਾਮੀਰ ਕਰਨ ਦਾ ਯਤਨ ਹੈ ਜਿਹੜਾ ਗਰਜ਼ ਰਹਿਤ ਅਤੇ ਇਸ਼ਕ ਦੀ ਸ਼ਿੱਦਤ ਨੂੰ ਜ਼ਿੰਦਗੀ ਦੇ ਅੰਗ–ਸੰਗ ਲੈ ਕੇ ਤੁਰਦਾ ਹੈ।

ਇਸ ਨਾਵਲ ਦਾ ਨਾ ਸਿਰਫ਼ ਅੰਤ ਦੁਖਾਂਤਕ ਹੈ ਸਗੋਂ ਇਸ ਨਾਵਲ ਦੀ ਸਮੁੱਚੀ ਕਹਾਣੀ ਹੀ ਇੱਕ ਤਰ੍ਹਾਂ ਦੀ ਦੁਖਾਂਤਕ ਗਾਥਾ ਹੈ। ਇੱਕ ਤਣਾਓ ਦਾ ਮਹੌਲ ਪੂਰੇ ਨਾਵਲ ਵਿੱਚ ਸ਼ੁਰੂ ਤੋਂ ਅਖੀਰ ਤੱਕ ਬਣਿਆ ਰਹਿੰਦਾ ਹੈ। ਸਾਰੀਆਂ ਹੀ ਧਿਰਾਂ ਦੇ ਰਿਸ਼ਤਿਆਂ ਵਿੱਚ ਕੁਝ ਅਜਿਹਾ ਦੁਖਾਂਤਕ ਵਾਪਰਨ ਦੀਆਂ ਸੰਭਾਵਨਾਵਾਂ ਹਮੇਸ਼ਾਂ ਬਣੀਆਂ ਰਹਿੰਦੀਆਂ ਹਨ। ਇਸ ਨਾਵਲ ਦੇ ਕਿੰਨੇ ਹੀ ਪਾਤਰ ਹਨ ਜਿਨ੍ਹਾਂ ਦੀ ਜ਼ਿੰਦਗੀ ਵਿੱਚ ਦੁਖਾਂਤ ਵਾਪਰਦੇ ਹਨ। ਰੋਡੂ ਸ਼ਾਹ, ਕਲੰਦਰ, ਸੁੰਦਰੀ ਦੀ ਮਾਂ ਗੁਰਦੇਈ, (ਅਨਵਰ), ਸੁੰਦਰੀ, ਬਚਨ ਸਿੰਘ, ਗੁਪਤੇਸ਼ਵਰ ਆਦਿ ਪਾਤਰ ਦੇਖੇ ਜਾ ਸਕਦੇ ਹਨ। ਕੁਲ ਮਿਲਾ ਕੇ ਨਾਨਕ ਸਿੰਘ ਦਾ ਨਾਵਲ 'ਚਿੱਟਾ ਲਹੂ' ਦੁਖਾਂਤਕ ਰੁਮਾਂਸਵਾਦੀ ਸ਼ੈਲੀ ਦਾ ਨਾਵਲ ਹੈ ਜਿਹੜਾ ਸਾਡੇ ਸਭਿਅਕ ਸਮਾਜ ਦੇ ਕੋਹਜਾਂ ਨੂੰ ਯਥਾਰਥਕ ਰੂਪ ਵਿੱਚ ਫੜਨ ਦਾ ਯਤਨ ਕਰਦਾ ਹੈ। ਇਹ ਪੇਂਡੂ ਪੰਜਾਬੀ ਰਹਿਤਲ ਦੀਆਂ ਕੁੱਲ ਘਾਟਾਂ–ਕਮਜੋਰੀਆਂ ਤੇ ਤਾਂ ਉਂਗਲ ਧਰਦਾ ਹੀ ਹੈ, ਪਿੰਡਾਂ ਵਿੱਚ ਚਲਦੀ ਸ਼ਰੀਕੇਬਾਜੀ ਨੂੰ ਵੀ ਬਿਆਨ ਕਰਦਾ ਹੈ।

**ਨਾਨਕ ਸਿੰਘ ਦੀ ਨਾਵਲ ਦ੍ਰਿਸ਼ਟੀ/ਗਲਪ ਚੇਤਨਾ/ਨਾਨਕ ਸਿੰਘ ਇੱਕ ਆਦਰਸ਼ਵਾਦੀ ਲੇਖਕ ਹੈ ਸਪੱਸ਼ਟ ਕਰੋ**

ਨਾਨਕ ਸਿੰਘ ਪੰਜਾਬੀ ਗਲਪ ਸਾਹਿਤ ਦਾ ਸਭ ਤੋਂ ਵੱਧ ਚਰਚਾ ਖੱਟਣ ਵਾਲਾ ਅਤੇ ਸਭ ਤੋਂ ਵੱਧ ਪੜ੍ਹਿਆ ਜਾਣ ਵਾਲਾ ਨਾਵਲਕਾਰ ਹੈ। ਇਸਦਾ ਕਾਰਨ ਉਸਦੀ ਸਵਾਦਲੀ ਕਥਾ ਬੁਣਤੀ ਅਤੇ ਆਪਣੇ ਘੜ੍ਹੇ ਆਦਰਸ਼ਕ ਪਾਤਰਾਂ ਪ੍ਰਤੀ ਉਸਦਾ ਨਰਮ ਰਵੱਈਆ ਹੈ। ਉਸ ਕੋਲ ਪੰਜਾਬੀ ਸਭਿਆਚਾਰ ਅਤੇ ਸਮਾਜਕ ਪ੍ਰਬੰਧ ਦੀਆਂ ਬਹੁਤ ਸਾਰੀਆਂ ਘਾਟਾਂ–ਕਮਜ਼ੋਰੀਆਂ ਅਤੇ ਉਣਤਾਈਆਂ ਦੀ ਸਮਝ ਹੈ ਤੇ ਇਹਨਾਂ ਨੂੰ ਦੂਰ ਕਰਨ ਲਈ ਲੋੜੀਂਦਾ ਤਰਕ ਸਿਰਜਣ ਦੀ ਕਲਾ ਵੀ ਹੈ।

ਨਾਨਕ ਸਿੰਘ ਦੀ ਨਾਵਲਕਾਰੀ ਦਾ ਘੇਰਾ ਲੱਗਭੱਗ ਪੰਜਾਹ ਸਾਲਾਂ ਦੇ ਵਕਫ਼ੇ ਵਿੱਚ ਫੈਲਿਆ ਹੋਇਆ ਹੈ। ਇਸ ਲੰਮੇ ਸਮੇਂ ਦੌਰਾਨ ਪੰਜਾਬ ਦੀ ਧਰਤੀ ਉੱਪਰ ਬਹੁਤ ਸਾਰੀਆਂ ਚੰਗੀਆਂ–ਮਾੜੀਆਂ ਘਟਨਾਵਾਂ ਅਤੇ ਉਥਲ–ਪੁਥਲ ਹੁੰਦੀ ਰਹੀ ਹੈ। ਇਹਨਾਂ ਕਾਰਨਾਂ ਕਰਕੇ ਪੰਜਾਬ ਦੀਆਂ ਸਮਾਜਕ, ਧਾਰਮਿਕ, ਰਾਜਸੀ ਅਤੇ ਸਭਿਆਚਾਰਕ ਸਥਿਤੀਆਂ ਵਿੱਚ ਵੀ ਕਈ ਤਰ੍ਹਾਂ ਦੀਆਂ ਤਬਦੀਲੀਆਂ ਵਾਪਰਦੀਆਂ ਰਹੀਆਂ ਹਨ। ਨਾਨਕ ਸਿੰਘ ਨੇ ਨਾ ਸਿਰਫ਼ ਇਨ੍ਹਾਂ ਘਟਨਾਵਾਂ ਨੂੰ ਅੱਖੀਂ ਵੇਖਿਆ ਸਗੋਂ ਇਹਨਾਂ ਤੋਂ ਗਲਪੀ ਵਿਸ਼ੇ ਚੁਣ ਕੇ ਨਾਵਲੀ ਕਥਾਨਕਾਂ ਵਿੱਚ ਵੀ ਸੰਜੋਇਆ ਹੈ।

ਨਾਨਕ ਸਿੰਘ ਦੀ ਦ੍ਰਿਸ਼ਟੀ ਨੂੰ ਘੜ੍ਹਨ ਵਿੱਚ ਭਾਰਤੀ ਸਮਾਜਕ ਬਣਤਰ ਦੀ ਚੀੜ੍ਹੀ ਜਾਤ ਪਾਤੀ ਜਕੜਬੰਧੀ ਵਿਸ਼ੇਸ਼ ਦਖਲ ਹੈ। ਉਸਨੇ ਪੰਜਾਬੀ ਸਭਿਆਚਾਰ ਦੀ ਰਵਾਦਾਰੀ ਵਾਲੀ ਅਤੇ ਮੋਕਲੇ ਵਿਵਹਾਰ ਵਾਲੀ ਪਛਾਣ ਨੂੰ ਆਦਰਸ਼ਵਾਦੀ ਵਿਚਾਰਧਾਰਕ ਦ੍ਰਿਸ਼ਟੀ ਦੇ ਲੜ ਲਾਇਆ ਹੈ। ਮੱਧਕਾਲੀ ਚੇਤਨਾ ਅਤੇ ਪੰਜਾਬੀ ਲੋਕ ਨਾਇਕ ਦੀ ਪਰੰਪਰਾ ਨੇ ਉਸ ਅੰਦਰ ਮੱਧਵਰਗੀ ਆਦਰਸ਼ਵਾਦੀ ਮਨੁੱਖ ਵਾਲੀ ਪ੍ਰਵਿਰਤੀ ਨੂੰ ਪ੍ਰਬਲ ਕੀਤਾ ਹੈ। ਇਹੋ ਹੀ ਵਜ੍ਹਾ ਹੈ ਕਿ ਨਾਨਕ ਸਿੰਘ ਸਪੱਸ਼ਟ ਭਾਂਤ ਵਿਚਾਰਧਾਰਕ ਚੇਤਨਾ ਨੂੰ ਅਪਣਾ ਸਕਣ ਤੋਂ ਅਸਰਮੱਥ ਰਿਹਾ ਹੈ। ਉਸ ਅੰਦਰ ਆਦਰਸ਼ਵਾਦੀ ਵਿਅਕਤੀ ਕੇਂਦਰਤ ਸੁਧਾਰ ਦੀਆਂ ਰੁਚੀਆਂ ਹੀ ਭਾਰੂ ਰਹਿੰਦੀਆਂ ਹਨ।

ਸੰਤ ਸਿੰਘ ਸੇਖੋਂ ਦੇ ਅਨੁਸਾਰ, "ਨਾਨਕ ਸਿੰਘ ਦਾ ਸਧਾਰਨ ਮੱਧ–ਸ਼੍ਰੇਣੀ ਜੀਵਨ ਯਥਾਰਥ ਨੂੰ ਦੇਖਣ ਤੋਂ ਅਸਮਰੱਥ ਰਹਿਣ ਦਾ ਇੱਕ ਵੱਡਾ ਕਾਰਨ ਉਸ ਵਿੱਚ ਜੀਵਨ ਉੱਤੇ ਬੌਧਿਕ ਤੇ ਵਿਅੰਗਮਈ ਦ੍ਰਿਸ਼ਟੀ ਪਾ ਸਕਣ ਦੀ

ਸਮਰੱਥਾ ਦਾ ਨਾ ਹੋਣਾ ਹੈ। ਇਕੱਲੇ ਦੁਕੱਲੇ ਵਿਅਕਤੀ ਉੱਤੇ ਨਾਨਕ ਸਿੰਘ ਵਿਅੰਗ ਕਰ ਸਕਦਾ ਹੈ; ਉਹ ਵੀ ਸਪਸ਼ਟ ਭਾਂਤ ਪਖੰਡੀ ਗ੍ਰੰਥੀਆਂ, ਪੰਡਿਤਾਂ ਤੇ ਸੰਤਾਂ ਉੱਤੇ ਪਰ ਸਮੁੱਚੇ ਰੂਪ ਵਿੱਚ ਸਮਾਜਕ ਸਥਿਤੀ ਨੂੰ ਵਿਅੰਗਮਈ ਦ੍ਰਿਸ਼ਟੀ ਨਾਲ ਉਹ ਨਹੀਂ ਦੇਖ ਸਕਦਾ। ਇਸ ਦਾ ਕਾਰਨ ਉਸ ਦਾ ਆਦਰਸ਼ਵਾਦੀ ਦ੍ਰਿਸ਼ਟੀਕੋਣ ਹੈ।"[1]

ਇਉਂ ਨਾਨਕ ਸਿੰਘ ਦੀ ਦ੍ਰਿਸ਼ਟੀ ਵਿਅਕਤੀ ਕੇਂਦਰਤ ਅਤੇ ਆਦਰਸ਼ਵਾਦੀ ਹੋਣ ਕਾਰਨ ਉਹ ਸਮੂਹਕ ਚੇਤਨਾ ਪੈਦਾ ਕਰਨ ਤੋਂ ਵੀ ਅਸਮਰੱਥ ਰਹਿੰਦਾ ਹੈ। ਉਸ ਦੇ ਆਦਰਸ਼ਕ ਨਾਇਕ ਕੁੱਲਵਕਤੀ ਪ੍ਰਭਾਵ ਸਿਰਜਣ ਜਾਂ ਯਥਾਰਥਕ ਲੀਹ ਪਾਉਣ ਦੀ ਥਾਂ ਥੋੜਚਿਰਾ, ਅਨੰਦਭਾਵੀ ਅਤੇ ਵਕਤੀ ਪ੍ਰਭਾਵ ਸਿਰਜਦੇ ਹਨ। ਉਸਦੇ ਨਾਵਲ 'ਚਿੱਟਾ ਲਹੂ' ਵਿਚਲਾ ਘਟਨਾਕ੍ਰਮ ਕੁਝ ਅਜਿਹਾ ਹੀ ਪ੍ਰਭਾਵ ਸਿਰਜਦਾ ਹੈ।

ਇਸ ਨਾਵਲ ਦੇ ਨਾਇਕ ਬਚਨ ਸਿੰਘ ਵਿੱਚ ਹਕੀਕੀ ਅਤੇ ਯਥਾਰਥਕ ਹਾਲਾਤਾਂ ਦੇ ਅਨੁਸਾਰ ਪ੍ਰਮਾਣਕ ਜੀਵਨ ਵਿਧੀ ਦੀ ਥਾਂ ਭਾਵੁਕ ਅਤੇ ਆਦਰਸ਼ਕ ਜੀਵਨ ਕੀਮਤਾਂ ਭਾਰੂ ਨਜ਼ਰ ਆਉਂਦੀਆਂ ਹਨ। ਸੁੰਦਰੀ ਪ੍ਰਤੀ ਉਸਦਾ ਸਮੁੱਚਾ ਵਿਵਹਾਰ ਇਸੇ ਹਕੀਕਤ ਨਾਲ ਜੁੜਿਆ ਹੋਇਆ ਹੈ। ਆਪਣੀ ਮਾਂ ਅਤੇ ਪੂਰੇ ਪਿੰਡ ਦੇ ਵਿਰੋਧ ਦੇ ਬਾਵਜੂਦ ਉਹ ਇਕੱਲਾ ਹੀ 'ਸੁੰਦਰੀ ਦੇ ਭਾਵੁਕ ਮੋਹ ਵਿੱਚ ਗਰੱਸਿਆ ਹੋਇਆ ਹਰ ਕੀਮਤ ਤੇ ਉਸ ਨੂੰ ਆਪਣੇ ਘਰ ਰੱਖ ਕੇ ਉਸਦਾ ਇਲਾਜ ਵੀ ਕਰਾਉਂਦਾ ਹੈ ਅਤੇ ਉਸਦੀ ਪੜ੍ਹਾਈ-ਲਿਖਾਈ ਦਾ ਸਾਰਾ ਖਰਚਾ ਵੀ ਚੁੱਕਦਾ ਹੈ, ਨਾਨਕ ਸਿੰਘ ਦੀ ਦ੍ਰਿਸ਼ਟੀ ਜਿੱਥੇ ਨਾਵਲੀ ਕਥਾਨਕ ਨੂੰ ਰਸਦਾਇਕ ਅਤੇ ਸਵਾਦਲਾ ਬਣਾਉਂਦੀ ਹੈ ਉੱਥੇ ਉਸ ਦੀਆਂ ਭਾਵੁਕ ਅਤੇ ਆਦਰਸ਼ਕ ਸਮਾਜ ਸੁਧਾਰ ਵਾਲੀਆਂ ਰੁਚੀਆਂ ਦੀ ਸੂਚਕ ਵੀ ਹੈ। ਉਸ ਦੀ ਅਜਿਹੀ ਦ੍ਰਿਸ਼ਟੀ ਸੰਬੰਧੀ ਡਾ. ਜਗਬੀਰ ਸਿੰਘ ਦਾ ਕਥਨ ਹੈ ਕਿ, "ਨਾਨਕ ਸਿੰਘ ਨੇ ਆਪਣੇ ਵੇਲੇ ਦੇ ਪਤਨ-ਮੁਖੀ ਸਮਾਜ ਸਭਿਆਚਾਰ ਦਾ ਚਿਤਰਣ ਸਮੱਸਿਆਵਾਂ ਵਿੱਚ ਘਿਰੇ ਹੋਏ ਨਾਇਕ ਦੀ ਪਰਿਕਲਪਨਾ ਰਾਹੀਂ ਕੀਤਾ ਜੋ ਪ੍ਰਮਾਣਿਕ ਜੀਵਨ ਮੁੱਲਾਂ ਦੀ ਤਲਾਸ਼ ਵਿੱਚ ਆਪਣੇ ਨਿੱਜੀ ਹਿੱਤਾਂ ਅਤੇ ਭਾਵੁਕ ਲੋੜਾਂ ਦੀ ਆਹੂਤੀ ਦੇਣ ਵੱਲ ਰੁਚਿਤ ਹੁੰਦਾ ਹੈ। ਉਸਦੇ ਨਾਵਲਾਂ ਵਿਚਲੇ ਨਾਇਕ/ਨਾਇਕਾਵਾਂ ਜੀਵਨ ਦੀ ਵਾਸਤਵਿਕਤਾ ਨਾਲ ਜੁੜੇ ਹੋਏ ਸਧਾਰਨ ਮਨੁੱਖ ਹੋ ਕੇ ਵੀ ਆਪਣੀ ਆਦਰਸ਼ਕ/ਨੈਤਿਕ ਜੀਵਨ-ਵਿਧੀ ਦਾ ਪ੍ਰਮਾਣ ਪ੍ਰਸਤੁਤ ਕਰਦੇ ਹਨ ਜੋ ਨਾਵਲ ਵਿਧਾ ਨਾਲੋਂ ਵਧੇਰੇ ਰੋਮਾਨੀ ਵਿਧਾ

---

[1] ਸੰਤ ਸਿੰਘ ਸੇਖੋਂ, "ਨਾਨਕ ਸਿੰਘ ਵਿੱਚ ਯਥਾਰਥ ਚਿਤਰਣ, ਨਾਨਕ ਸਿੰਘ ਇੱਕ ਆਲੋਚਨਾਤਮਕ ਅਧਿਐਨ, ਪੰਨਾ-68

ਦਾ ਪੱਖ ਪੂਰਨ ਵਾਲੀ ਸਥਿਤੀ ਹੋ ਨਿਬੜਦੀ ਹੈ। ਪਰ ਤਾਂ ਵੀ ਨਾਨਕ ਸਿੰਘ ਸ਼ਹਿਰੀ ਮੱਧ ਸ਼੍ਰੇਣੀ ਦੀ ਪਰੰਪਰਕ ਮਾਨਸਿਕਤਾ ਦਾ ਪੱਖ ਪੂਰਦਾ ਹੈ। ਉਹ ਵਿਅਕਤੀਗਤ ਸੁਪਨਿਆਂ ਦੇ ਪਰੰਪਰਾਗਤ ਨੈਤਿਕਤਾ ਨਾਲ ਟਕਰਾ ਕੇ ਚੂਰ ਹੋਣ ਦੀ ਦੁਖਾਂਤਕ ਸਥਿਤੀ ਨੂੰ ਬਹੁਤ ਪ੍ਰਭਾਵਸ਼ਾਲੀ ਰੂਪ ਵਿੱਚ ਉਸਾਰਦਾ ਹੈ।"[2] ਇਉਂ ਨਾਨਕ ਸਿੰਘ ਦੀ ਰੋਮਾਨੀ ਪਰ ਦੁਖਾਂਤਕ ਦ੍ਰਿਸ਼ਟੀ ਦੇ ਜਲੌਅ ਨੂੰ ਅਸੀਂ ਉਸਦੇ ਨਾਵਲ 'ਚਿੱਟਾ ਲਹੂ' ਵਿੱਚ ਵੇਖ ਸਕਦੇ ਹਾਂ।

ਨਾਨਕ ਸਿੰਘ ਦੀ ਦ੍ਰਿਸ਼ਟੀ ਦੀ ਇਹ ਇੱਕ ਵਿਸ਼ੇਸ਼ਤਾ ਹੈ ਕਿ ਉਸਦੇ ਨਾਇਕ–ਨਾਇਕਾਵਾਂ ਦੇ ਸਨਮੁੱਖ ਇੱਕ ਆਦਰਸ਼ਕ ਨਿਸ਼ਾਨਾ ਹੁੰਦਾ ਹੈ ਅਤੇ ਉਹ ਇਸ ਦੀ ਪ੍ਰਤੀ ਪੂਰਤੀ ਦੇ ਲਈ ਪੂਰੀ ਤਰ੍ਹਾਂ ਦ੍ਰਿੜ੍ਹ ਇਰਾਦੇ ਨਾਲ ਅਤੇ ਆਤਮ ਵਿਸ਼ਵਾਸ ਨਾਲ ਕਾਰਜ ਕਰਦੇ ਹਨ। ਕੁਝ ਬਾਹਰੀ ਆਦਰਸ਼ਕ ਸ਼ਕਤੀਆਂ ਇਹਨਾਂ ਦੀ ਮਦਦ ਕਰਦੀਆਂ ਹਨ ਤੇ ਨਾਨਕ ਸਿੰਘ ਦੇ ਗਲਪੀ ਨਾਇਕ ਸਮੁੱਚੀਆਂ ਸਮੱਸਿਆਵਾਂ ਦਾ ਹੱਲ ਕਰਨ ਦੇ ਸਮਰੱਥ ਹੋ ਜਾਂਦੇ ਹਨ। 'ਚਿੱਟਾ ਲਹੂ' ਨਾਵਲ ਵਿੱਚ ਬਚਨ ਸਿੰਘ ਅਤੇ ਸੁੰਦਰੀ ਦਾ ਚਰਿੱਤਰ ਨਿਰਮਾਣ ਇਸੇ ਵਿਧੀ ਨਾਲ ਕੀਤਾ ਗਿਆ ਹੈ। ਇਸੇ ਤਰ੍ਹਾਂ ਸੁੰਦਰੀ ਦੀ ਮਾਂ ਦਾ ਕਿਰਦਾਰ ਵੀ ਇਸੇ ਸ਼੍ਰੇਣੀ ਦੇ ਅੰਤਰਗਤ ਆਉਂਦਾ ਹੈ। ਨਾਨਕ ਸਿੰਘ ਦੀ ਅਜਿਹੀ ਗਲਪੀ ਵਿਧੀ ਅਤੇ ਦ੍ਰਿਸ਼ਟੀ ਸੰਬੰਧੀ ਗੁਰਪਾਲ ਸਿੰਘ ਸੰਧੂ ਦਾ ਕਥਨ ਹੈ ਕਿ, "ਨਾਨਕ ਸਿੰਘ ਦਾ ਸਮੁੱਚਾ ਵਾਤਾਵਰਨ ਨਾਇਕਮੁੱਖੀ ਹੈ ਅਤੇ ਨਾਇਕ ਆਦਰਸ਼ਕ ਪ੍ਰੇਰਿਕਤਾ ਦੀ ਜੁਗਤ ਰਾਹੀਂ ਉਦਾਤੀਕ੍ਰਿਤ ਸਰੂਪ ਧਾਰਨ ਕਰਦੇ ਹਨ। ਆਪਣੇ ਆਦਰਸ਼ ਦੀ ਪ੍ਰਤਿਬੱਧਤਾ ਉਹਨਾਂ ਨੂੰ ਅਜਿਹੀ ਸ਼ਕਤੀ ਪ੍ਰਦਾਨ ਕਰਦੀ ਹੈ ਕਿ ਉਹ ਸਮੁੱਚੀਆਂ ਗਲਪੀ ਸਮੱਸਿਆਵਾਂ ਦਾ ਹੱਲ ਪੇਸ਼ ਕਰਨ ਦੇ ਸਮਰੱਥ ਹੋ ਜਾਂਦਾ ਹੈ। ਨਾਇਕ ਆਪਣੇ ਕਰਮ ਵਿੱਚ ਵਿਸ਼ਵਾਸ ਰੱਖਦਾ ਹੋਇਆ, ਕਰਮ–ਮੂਲਕਤਾ ਰਾਹੀਂ ਗਲਪੀ ਵਾਤਾਵਰਨ ਨੂੰ ਪ੍ਰਭਾਵਿਤ ਕਰਦਾ ਹੈ। ਇਹ ਹੀ ਕਾਰਨ ਹੈ ਕਿ ਇਸ ਪੀੜ੍ਹੀ ਦੇ ਨਾਵਲਾਂ ਵਿੱਚ ਕਾਰਜਾਂ ਦੀ ਭਰਮਾਰ ਹੈ।"[3]

ਨਾਨਕ ਸਿੰਘ ਨੇ ਆਪਣੇ ਪੂਰਵਲੇ ਮੁੱਢਲੇ ਪੜਾਅ ਦੇ ਨਾਵਲਕਾਰਾਂ ਦੇ ਵਿਪਰੀਤ ਆਪਣੇ ਆਪ ਨੂੰ ਨਾਵਲ ਸਿਰਜਣਾ ਉੱਤੇ ਕੇਂਦਰਿਤ ਕਰਕੇ ਨਾਵਲ ਦੀ ਰੂਪ–ਵਿਧਾ ਦੀ ਸ਼ੁੱਧਤਾ ਉੱਤੇ ਕੇਂਦਰਤ ਕੀਤਾ ਹੈ। ਪੰਜਾਬੀ ਨਾਵਲ ਪਹਿਲੀ ਵਾਰ ਨਾਨਕ ਸਿੰਘ ਦੇ ਹੱਥਾਂ ਵਿੱਚ ਸਿਰਜਨਾਤਮਕ ਖੁਦਮੁਖਤਿਆਰੀ ਪ੍ਰਾਪਤ ਕਰਦਾ ਹੋਇਆ ਨਿਵੇਕਲੀ

---

[2]. ਜਗਬੀਰ ਸਿੰਘ, ਉਹੀ, ਪੰਨਾ–69

[3]. ਗੁਰਪਾਲ ਸਿੰਘ ਸੰਧੂ, ਪੰਜਾਬੀ ਨਾਵਲ ਦਾ ਇਤਿਹਾਸ, ਪੰਨਾ–25

ਪਛਾਣ ਬਣਾਉਂਦਾ ਹੈ। ਨਾਨਕ ਸਿੰਘ ਦੇ ਨਾਵਲ ਮੁੱਢਲੇ ਨਾਵਲਕਾਰਾਂ ਨਾਲੋਂ ਸਮੱਸਿਆਵਾਂ ਨੂੰ ਸਿਰਜਣ, ਪਾਤਰਾਂ ਨੂੰ ਉਸਾਰਨ, ਕਹਾਣੀ ਨੂੰ ਰਸਦਾਇਕ ਰੂਪ ਵਿੱਚ ਸਿਰਜਣ, ਬਹੁਪਰਤੀ ਜਟਿੱਲ ਪਲਾਟ ਸਿਰਜਣ ਅਤੇ ਵਿਸ਼ਿਆਂ ਦੀ ਵੰਨ–ਸੁਵੰਨਤਾ ਕਾਰਨ ਵਧੇਰੇ ਯਥਾਰਥਕ ਜਾਪਦੇ ਹਨ। ਪਰੰਤੂ, ਇਸ ਦੇ ਬਾਵਜੂਦ ਮੌਕਾ ਮੇਲ ਉਤੇ ਉਸਦੇ ਕਥਾਨਕ, ਪਾਤਰਾਂ ਦੇ ਕਾਲੇ ਚਿੱਟੇ ਰੰਗ, ਉਪਦੇਸ਼ਆਤਮਕ ਸ਼ੈਲੀ, ਆਦਰਸ਼ਵਾਦੀ ਸੁਧਾਰਵਾਦੀ ਦ੍ਰਿਸ਼ਟੀ ਨਾਨਕ ਸਿੰਘ ਨੂੰ ਪੂਰਬਲੇ ਨਾਵਲਕਾਰਾਂ ਅਤੇ ਮੱਧਕਾਲੀ ਬਿਰਤਾਂਤ ਸਾਹਿਤ ਦੀਆਂ ਰੂੜ੍ਹੀਆਂ ਨਾਲ ਜੋੜੀ ਰੱਖਦੀ ਹੈ।"[4] ਨਾਨਕ ਦਾ ਨਾਵਲ 'ਚਿੱਟਾ ਲਹੂ' ਵੀ ਇਸੇ ਤਰ੍ਹਾਂ ਦੀ ਗਲਪੀ ਵਿਧੀ ਅਤੇ ਦ੍ਰਿਸ਼ਟੀ ਤਹਿਤ ਉਸਾਰਿਆ ਗਿਆ ਹੈ।

ਸੁਧਾਰਵਾਦ ਨਾਨਕ ਸਿੰਘ ਦੀ ਦ੍ਰਿਸ਼ਟੀ ਦਾ ਵਿਸ਼ੇਸ਼ ਲੱਛਣ ਹੈ। 'ਚਿੱਟਾ ਲਹੂ' ਨਾਵਲ ਇਸ ਦੀ ਪ੍ਰਤੀਨਿੱਧ ਮਿਸਾਲ ਹੈ। ਇਸ ਨਾਵਲ ਰਾਹੀਂ ਉਹ ਭਾਰਤੀ ਸਮਾਜ ਵਿੱਚ ਔਰਤ ਦੀ ਹੋਂਦ ਅਤੇ ਹਸਤੀ ਨਾਲ ਜੁੜੇ ਹੋਏ ਗੰਭੀਰ ਮਸਲੇ ਉਠਾਉਂਦਾ ਹੈ। ਇਸੇ ਤਰ੍ਹਾਂ ਭਾਰਤ ਦੀਆਂ ਅਖੌਤੀ ਉੱਚੀਆਂ ਜਾਤੀਆਂ ਦੇ ਵਿਵਹਾਰ ਅਤੇ ਕਿਰਦਾਰ ਨੂੰ ਵੀ ਯਥਾਰਥਕ ਰੂਪ ਵਿੱਚ ਪ੍ਰਸਤੁਤ ਕਰਦਾ ਹੈ। ਇਸ ਨਾਵਲ ਵਿੱਚ ਉਸਦੀ ਦ੍ਰਿਸ਼ਟੀ ਉਪਰ ਗੁਰੂਦੁਆਰਾ ਸੁਧਾਰ ਲਹਿਰ ਦਾ ਪ੍ਰਭਾਵ ਵੀ ਪ੍ਰਤੱਖ ਨਜ਼ਰ ਆਉਂਦਾ ਹੈ। ਇਸੇ ਤਰ੍ਹਾਂ ਪੰਜਾਬ ਦੀ ਸਿੱਖ ਵਸੋਂ ਵਿੱਚ ਚੀੜ੍ਹੀ ਜਾਤ–ਪਾਤੀ ਅਤੇ ਉੱਚ–ਨੀਚ ਵਾਲੀ ਮਾਨਸਿਕਤਾ ਦੀ ਵੀ ਨਿਸ਼ਾਨਦੇਹੀ ਕਰਦਾ ਹੈ। ਉਹ ਸਿੱਖ ਧਰਮ ਅਤੇ ਫ਼ਲਸਫ਼ੇ ਵਿੱਚ ਆ ਰਹੀਆਂ ਕੁਰੈਹਤਾਂ ਤੋਂ ਵੀ ਚਿੰਤਤ ਹੈ। ਸਿੱਖ ਧਰਮ ਜਿਹੜਾ 'ਮਾਨਸ ਕੀ ਜਾਤ ਸਭੈ ਏਕਾ ਪਹਿਚਾਨਬੋ' ਦੇ ਸੰਕਲਪ ਨਾਲ ਜੁੜਿਆ ਹੋਇਆ ਹੈ ਉਸ ਨੂੰ ਉਭਾਰਨ ਦਾ ਯਤਨ ਉਹ ਬਚਨ ਸਿੰਘ ਦੇ ਪਾਤਰ ਰਾਹੀਂ ਕਰਦਾ ਹੈ। ਨਾਨਕ ਸਿੰਘ ਦਾ ਮਕ਼ਸਦ ਸਿੱਖ ਧਰਮ ਦੀ ਮਾਨਵ ਹਿਤੈਸ਼ੀ ਵਿਚਾਰਧਾਰਾ ਨੂੰ ਪੇਸ਼ ਕਰਨਾ ਹੈ।

'ਚਿੱਟਾ ਲਹੁ' ਨਾਵਲ ਵਿੱਚ ਨਾਨਕ ਸਿੰਘ ਨੇ ਵੇਸ਼ਵਾ ਗਮਨੀ ਵਰਗੇ ਕਿੱਤੇ ਵਿੱਚ ਪਈਆਂ ਔਰਤਾਂ ਦੇ ਜੀਵਨ ਅਤੇ ਸਮੱਸਿਆਵਾਂ ਨੂੰ ਵੀ ਯਥਾਰਥਕ ਰੂਪ ਵਿੱਚ ਪ੍ਰਸਤੁਤ ਕੀਤਾ ਹੈ। ਇਸੇ ਤਰ੍ਹਾਂ ਉਸਨੇ ਸਾਡੇ ਸਭਿਅਕ ਸਮਾਜ ਦੇ ਅਖੌਤੀ ਚੌਧਰੀਆਂ, ਸੇਠਾਂ ਅਤੇ ਵੱਡੇ ਰਾਠਾਂ ਦੇ ਕਿਰਦਾਰ ਦੀਆਂ ਵੀ ਧੱਜੀਆਂ ਉੜਾਈਆਂ ਹਨ। ਉਹੀ ਚੌਧਰੀ ਅਤੇ ਮੁਲੇ ਮੁਲਾਣੇ ਜਿਹੜੇ ਦਿਨ ਦੇ ਚਾਨਣ ਵਿੱਚ ਲੋਕਾਂ ਨਾਲ ਛੂਤ ਛਾਤ, ਉਚ-ਨੀਚ ਅਤੇ ਸੁੱਚ ਭਿੱਟ ਕਰਦੇ ਹਨ ਰਾਤਾਂ ਦੇ

[4] ਡਾ. ਮਾਨ ਸਿੰਘ ਢੀਂਡਸਾ, ਪੰਜਾਬੀ ਨਾਵਲ ਪਰੰਪਰਾ ਤੇ ਪਰਵਾਹ, ਪੰਨਾ–25

ਹਨੇਰਿਆਂ ਵਿੱਚ ਉਸੇ ਹੀ ਨੀਵੀਂ ਜਾਤੀ ਦੀਆਂ ਔਰਤਾਂ ਦੇ ਕੋਠਿਆਂ ਤੇ ਜਾ ਕੇ ਉਹਨਾਂ ਦੇ ਤਲਵੇ ਚਟਦੇ ਨਜ਼ਰ ਆਉਂਦੇ ਹਨ। ਨਾਨਕ ਸਿੰਘ ਨੇ ਅਜਿਹੇ ਦੋਗਲੇ ਲੋਕਾਂ ਦੇ ਅਸਲ ਕਿਰਦਾਰ ਨੂੰ ਵਿਅੰਗ ਦੀ ਵਿਧੀ ਅਤੇ ਆਲੋਚਨਾਤਮਕ ਦ੍ਰਿਸ਼ਟੀ ਤੋਂ ਪੇਸ਼ ਕੀਤਾ ਹੈ।

ਕੁੱਲਾ ਮਿਲਾ ਕੇ ਨਾਨਕ ਸਿੰਘ ਦਾ ਨਾਵਲ 'ਚਿੱਟਾ ਲਹੂ' ਪੰਜਾਬੀ ਨਾਵਲ ਪਰੰਪਰਾ ਵਿੱਚ ਵਿੱਢ ਪਾਉਣ ਵਾਲਾ ਨਾਵਲ ਹੈ। ਇਸ ਨਾਵਲ ਨਾਲ ਜਿੱਥੇ ਨਾਨਕ ਨੂੰ ਇੱਕ ਸਥਾਪਤ ਨਾਵਲਕਾਰ ਦੇ ਤੌਰ 'ਤੇ ਨਵੀਂ ਪਛਾਣ ਮਿਲਦੀ ਹੈ ਉੱਥੇ ਪੰਜਾਬੀ ਨਾਵਲ ਨੂੰ ਇੱਕ ਨਵਾਂ ਪੜਾ ਅਤੇ ਨਵੀਂ ਦਿਸ਼ਾ ਮਿਲਦੀ ਹੈ। ਬੇਸ਼ੱਕ ਇਸ ਨਾਵਲ ਵਿੱਚ ਨਾਨਕ ਸਿੰਘ ਦੀ ਦ੍ਰਿਸ਼ਟੀ ਸੁਧਾਰਵਾਦੀ ਆਦਰਸ਼ਵਾਦ ਵਾਲੀ ਰਹਿੰਦੀ ਹੈ ਪਰ ਇਸ ਨਾਵਲ ਰਾਹੀਂ ਨਾਨਕ ਸਿੰਘ ਨੇ ਨਵੀਆਂ ਗਲਪੀ ਜੁਗਤਾਂ ਵਰਤ ਕੇ(ਲੁਕਾਅ–ਛੁਪਾਅ) ਪੰਜਾਬੀ ਨਾਵਲ ਨੂੰ ਇੱਕ ਅਲੱਗ ਪਹਿਚਾਣ ਦਿੱਤੀ ਹੈ।

**ਇਸ ਭਾਗ ਨਾਲ ਸਬੰਧਿਤ ਸਵਾਲ**

1.ਨਾਨਕ ਸਿੰਘ ਦੇ ਨਾਵਲ 'ਚਿੱਟਾ ਲਹੁ' ਸੰਖੇਪ ਸਾਰ ਲਿਖੋ

2.ਨਾਨਕ ਸਿੰਘ ਦੇ ਨਾਵਲ ਚਿੱਟਾ ਲਹੂ ਦਾ ਵਿਸ਼ਾ ਵਸਤੂ ਅਪਣੇ ਸ਼ਬਦਾਂ ਵਿੱਚ ਲਿਖੋ

3. ਨਾਨਕ ਸਿੰਘ ਇਕ ਆਦਰਸ਼ਵਾਦੀ ਨਾਵਲਕਾਰ ਹੈ ਸਪੱਸ਼ਟ ਕਰੋ

4.ਨਾਨਕ ਸਿੰਘ ਦੀ ਗਲਪ ਦ੍ਰਿਸ਼ਟੀ ਉਪਰ ਨੋਟ ਲਿਖੋ

5. ਨਾਨਕ ਸਿੰਘ ਨਾਲ਼ ਪੰਜਾਬੀ ਨਾਵਲ ਵਿੱਚ ਕੀ ਮੋੜ ਆਉਂਦਾ ਹੈ ਸਪੱਸ਼ਟ ਕਰੋ।

6. ਨਾਨਕ ਸਿੰਘ ਦਾ ਨਾਵਲ 'ਚਿੱਟਾ ਲਹੁ' ਇਕ ਵਿੱਢ ਪਾਊ ਰਚਨਾ ਹੈ ਸ਼ਪੱਸ਼ਟ ਕਰੋ

# ਭਾਗ - ਅ.1
# ਗੁਰਦਿਆਲ ਸਿੰਘ: ਅਣਹੋਏ

**ਗੁਰਦਿਆਲ ਸਿੰਘ ਦੇ ਨਾਵਲ 'ਅਣਹੋਏ' ਦੀ ਵਿਚਾਰਧਾਰਕ ਦ੍ਰਿਸ਼ਟੀ/ ਗਲਪ ਚੇਤਨਾ**

ਗੁਰਦਿਆਲ ਸਿੰਘ ਪੰਜਾਬੀ ਸਾਹਿਤ ਦਾ ਸਭ ਤੋਂ ਵੱਧ ਸਲਾਹਿਆ ਅਤੇ ਗੌਲਿਆ ਜਾਣ ਵਾਲਾ ਨਾਵਲਕਾਰ ਹੈ। ਉਸਦਾ ਜਲੌਅ ਸਿਰਫ ਰਾਸ਼ਟਰੀ ਪੱਧਰ ਤੱਕ ਹੀ ਨਹੀਂ ਫੈਲਦਾ ਸਗੋਂ ਅੰਤਰਰਾਸ਼ਟਰੀ ਪੱਧਰ ਤੱਕ ਫੈਲਦਾ ਹੈ। ਪੰਜਾਬੀ ਨਾਵਲ ਨੂੰ ਗੁਰਦਿਆਲ ਸਿੰਘ ਨਾਲ ਇੱਕ ਨਵੀਂ ਵਿਚਾਰਧਾਰਕ ਚੇਤਨਾ ਮਿਲਦੀ ਹੈ। ਉਹ ਪੇਂਡੂ ਪੰਜਾਬੀ ਸਮਾਜ ਦੀਆਂ ਯਥਾਰਥਕ ਸਥਿਤੀਆਂ ਨੂੰ ਉਹਨਾਂ ਦੇ ਡੂੰਘੇ ਧਰਾਤਲ ਤੇ ਜਾ ਕੇ ਫੜਦਾ ਹੈ। ਉਹ ਪੇਂਡੂ ਸਮਾਜਕ ਬਣਤਰ ਦੀਆਂ ਸਾਰੀਆਂ ਨਰੋਈਆਂ ਕਦਰਾਂ–ਕੀਮਤਾਂ ਦੇ ਨਾਲ–ਨਾਲ ਇਸ ਦੀਆਂ ਘਾਟਾਂ–ਕਮਜੋਰੀਆਂ ਨੂੰ ਵੀ ਯਥਾਰਥਕ ਰੂਪ ਵਿੱਚ ਰੇਖਾਂਕਿਤ ਕਰਦਾ ਹੈ।

ਉਹ ਪੇਂਡੂ ਸਮਾਜਕ ਬਣਤਰ ਵਿੱਚ ਬਣਦੇ–ਬਿਣਸਦੇ ਸਬੰਧਾਂ ਨੂੰ ਉਹਨਾਂ ਦੀਆਂ ਸਮਾਜਕ, ਸਭਿਆਚਾਰਕ ਅਤੇ ਆਰਥਕ, ਧਾਰਮਿਕ ਧਰਾਤਲ ਪਰਿਸਥਿਤੀਆਂ ਦੇ ਪਰਿਪੇਖ ਵਿੱਚ ਪਛਾਣਦਾ ਹੈ। ਇਹੋ ਕਾਰਨ ਹੈ ਕਿ ਉਹ ਪੇਂਡੂ ਰਹਿਤਲ ਦੀ ਸਮੁੱਚੀ ਸੰਰਚਨਾ ਵਿਚਲੇ ਤਣਾਓ ਤੇ ਟਕਰਾਓ ਨੂੰ ਇਨੀ ਯਥਾਰਥਕਤਾ ਨਾਲ ਪਕੜ ਸਕਿਆ ਹੈ। ਉਹ ਆਦਰਸਵਾਦੀ ਨਹੀਂ ਸਗੋਂ ਜ਼ਿੰਦਗੀ ਦੇ ਯਥਾਰਥ ਦਾ ਚਿਤੇਰਾ ਹੈ। 'ਅਣਹੋਏ' ਨਾਵਲ ਦੇ ਪਾਤਰ ਬਿਸ਼ਨੇ ਦੁਆਰਾ ਪਹਿਲਾਂ ਪਿੰਡ ਤੋਂ ਸ਼ਹਿਰ ਵੱਲ ਪਾਇਆ ਚਾਲਾ ਸਥਿਤੀ ਦੀ ਗੰਭੀਰ ਤ੍ਰਾਸਦੀ ਨੂੰ ਉਭਾਰਦਾ ਹੈ ਅਤੇ ਫਿਰ ਪੂੰਜੀਵਾਦੀਵਾਦੀ ਮੁਨਾਫ਼ਾਖੋਰੀ ਸਥਿਤੀਆਂ ਨਾਲ ਟਕਰਾ ਕੇ ਮੁੜ ਪਿਛੋਕੜ ਵੱਲ ਹੋ ਤੁਰਨਾ ਸਧਾਰਣ ਬੱਦੇ ਦੀਆਂ ਮਜਬੂਰੀਆਂ ਨੂੰ ਦਰਸਾਉਂਦਾ ਹੈ। ਸ਼ਹਿਰ ਦੀ ਗਰਜ ਭਰਪੂਰ ਅਤੇ ਵਿਅਕਤੀ ਮੁਨਾਫ਼ਿਆਂ ਵਾਲੀ ਰਹਿਤਲ ਤੋਂ ਕਿਨਾਰਾ ਕਰਕੇ ਪਿੰਡ ਆ ਵਸਣ ਵਿੱਚ ਹੀ ਬਿਸ਼ਨੇ ਨੂੰ ਜਿਉਣ ਦਾ ਰਾਹ ਦਿਸਦਾ ਹੈ।

ਗੁਰਦਿਆਲ ਸਿੰਘ 'ਅਣਹੋਏ' ਨਾਵਲ ਰਾਹੀਂ ਜਗੀਰਦਾਰੀ ਵਿਵਸਥਾ ਤੋਂ ਸਰਮਾਏਦਾਰੀ ਪ੍ਰਬੰਧ ਵਿੱਚ ਤਬਦੀਲ ਹੋ ਰਹੇ ਆਰਥਿਕ ਨਿਜ਼ਾਮ ਨੂੰ ਪੇਸ਼ ਕਰਦਾ ਹੈ ਜਿਸ ਵਿੱਚ ਘਰ, ਪਰਿਵਾਰ, ਸਮਾਜ, ਪਿੰਡ ਸਭ ਦਾ ਮੁਹਾਂਦਰਾ ਬਦਲ ਗਿਆ ਹੈ ਸਗੋਂ ਓਪਰਾ ਹੋ ਗਿਆ ਹੈ। ਬਿਸ਼ਨੇ ਅਤੇ ਭਗਤੇ ਦੇ ਪਰਿਵਾਰ ਵਿੱਚ ਬਟਵਾਰਾ ਇਸਦੀ

ਮਿਸਾਲ ਹੈ।

ਅਣਹੋਏ' ਨਾਵਲ ਦਰਸਾਉਂਦਾ ਹੈ ਕਿਸਰਮਾਏਦਾਰੀ ਪ੍ਰਬੰਧ ਵਿੱਚ ਰਿਸ਼ਤੇ–ਨਾਤੇ, ਆਪਸੀ ਸੰਬੰਧ, ਸਾਝਾਂ, ਸਭ ਮੰਡੀ ਦੀ ਵਸਤ ਬਣ ਗਏ ਹਨ। ਅਰਥਚਾਰਾ ਹੀ ਹੁਣ ਰਿਸ਼ਤਿਆਂ ਦੀਆਂ ਸਮੀਕਰਨਾਂ ਘੜਦਾ ਅਤੇ ਸਥਿਤੀਆਂ ਦੇ ਅਨੁਕੂਲ ਉਹਨਾਂ ਨੂੰ ਵਿਉਂਤਦਾ ਹੈ। ਜ਼ਿੰਦਗੀ ਦੇ ਇਨ੍ਹਾਂ ਪੇਚੀਦਾ ਸਵਾਲਾਂ ਦੇ ਸਨਮੁੱਖ ਖੜ੍ਹਾ ਬਿਸ਼ਨਾ ਅਤੇ ਦਇਆ ਕੌਰ ਮਜਬੂਰ ਨਜ਼ਰ ਆਉਂਦੇ ਹਨ। ਪਰ ਉਹ ਆਪਣੇ ਸਕੇ ਸੰਬੰਧੀ/ਸ਼ਰੀਕ ਭਗਤੇ ਲਈ ਅਜੇ ਵੀ ਉਸਾਰੂ ਸੋਚ ਰੱਖਦੇ ਹਨ। ਇਹੀ ਨਹੀਂ ਉਹ ਆਪਣੇ ਘਰ ਵਿੱਚ ਲੰਮੇ ਸਮੇਂ ਤੋਂ ਕੰਮ ਕਰ ਰਹੇ ਬੁੱਧੇ ਦੇ ਪ੍ਰਤੀ ਵੀ ਹਮੇਸ਼ਾ ਸੁਹਿਰਦਤਾ ਨਾਲ ਪੇਸ਼ ਆਉਂਦੇ ਹਨ।

ਗੁਰਦਿਆਲ ਸਿੰਘ ਦੇ ਨਾਵਲਾਂ ਦੀ ਵਿਸ਼ੇਸ਼ਤਾ ਇਹ ਹੈ ਕਿ ਉਸਦੇ ਪਾਤਰ ਘੋਰ ਆਰਥਿਕ ਮੰਦਹਾਲੀ ਵਿੱਚ ਵੀ ਸੰਘਰਸ਼ ਦਾ ਤਿਆਗ ਨਹੀਂ ਕਰਦੇ ਸਗੋਂ ਆਪਣੀ ਪੂਰੀ ਸਮਰੱਥਾ ਨਾਲ ਜ਼ਿੰਦਗੀ ਦੀ ਲੜਾਈ ਲੜਦੇ ਹਨ। 'ਅਣਹੋਏ' ਨਾਵਲ ਦੇ ਪਾਤਰ ਬਿਸ਼ਨੇ ਦੀ ਜ਼ਿੰਦਗੀ ਦਾ ਇੱਕੋ ਇੱਕ ਲਕਸ਼ ਸੰਘਰਸ਼ ਹੈ। ਗੁਰਦਿਆਲ ਸਿੰਘ ਨੇ ਉਸਨੂੰ ਇੱਕ ਮਜਬੂਤ, ਸਿਰੜੀ ਅਤੇ ਖ਼ਰਵੇ ਸੁਭਾਅ ਵਾਲੇ ਪਾਤਰ ਦੇ ਤੌਰ ’ਤੇ ਚਿਤਰਿਆ ਹੈ। ਉਹ ਕਦੇ ਧੀਮੇ, ਕਦੇ ਉੱਚੇ, ਕਦੇ ਖਰ੍ਹਵੇਂ ਅਤੇ ਰੋਹਮਈ ਬੋਲਾਂ ਜ਼ਰੀਏ ਜ਼ਿੰਦਗੀ ਨੂੰ ਜਿਉਂਣ ਜੋਗਾ ਬਣਾਉਣ ਲਈ ਸੰਘਰਸ਼ ਕਰਦਾ ਨਜ਼ਰ ਆਉਂਦਾ ਹੈ। ਇਹਨਾਂ ਥੁੜੇ-ਟੁੱਟੇ ਪਾਤਰਾਂ ਦੀ ਅਮਰਗਾਥਾ ਲਿਖਦਿਆਂ ਗੁਰਦਿਆਲ ਸਿੰਘ ਬਿਸ਼ਨੇ ਸਮੇਤ ਸਾਰੇ ਪਾਤਰਾਂ ਨੂੰ ਉਨ੍ਹਾਂ ਦੀਆਂ ਸਮਾਜ–ਆਰਥਿਕ ਸਥਿਤੀਆਂ ਵਿੱਚੋਂ ਨਿਕਲਣ ਲਈ ਸੰਘਰਸ਼ ਦੇ ਰਾਹ ਤੋਰਦਾ ਹੈ। ਇਹ ਸੰਘਰਸ਼ ਜੀਣ ਲਈ ਵੀ ਹੈ ਤੇ ਹੋਣ–ਥੀਣ ਲਈ ਵੀ ਜ਼ਰੂਰੀ ਹੈ। ‘ਅਣਹੋਏ’ ਨਾਵਲ ਸਰਮਾਏਦਾਰੀ ਪ੍ਰਬੰਧ ਵਿੱਚ ਵਿਯੋਗੇ ਮਨੁੱਖ ਦੀ ਤ੍ਰਾਸਤਕ ਦਾਸਤਾਨ ਅਤੇ ਉਸਦੇ ਅਚੇਤ ਵਿਦ੍ਰੋਹ ਦੀ ਦੁਖਾਂਤਕ ਪੇਸ਼ਕਾਰੀ ਹੈ। ਨਾਵਲਕਾਰ ਸੁਚੇਤ ਤੌਰ ’ਤੇ ਸਾਡੇ ਸਮਾਜਕ ਪ੍ਰਬੰਧ ਦੇ ਉਸ ਸਮੇਂ ਦੇ ਯਥਾਰਥ ਨੂੰ ਪੇਸ਼ ਕਰ ਰਿਹਾ ਹੈ ਜਦੋਂ ਜਗੀਰਦਾਰੀ ਪ੍ਰਬੰਧ ਟੁੱਟ ਰਿਹਾ ਸੀ ਤੇ ਸਰਮਾਏਦਾਰੀ ਪ੍ਰਬੰਧ ‘ਮੰਡੀ’ ਦੇ ਰੂਪ ਵਿੱਚ ਪਸਰ/ਵਿਕਸਤ ਹੋ ਰਿਹਾ ਸੀ। ਸਾਡਾ ਪੇਂਡੂ, ਜਗੀਰੂ, ਨਿੱਕ ਬੁਰਜੂਆ ਤੇ ਕ੍ਰਿਤੀ ਸ਼੍ਰੇਣੀ ਵੀ ਪ੍ਰਭਾਵਤ ਹੋ ਕੇ ਪਿੰਡ ਛੱਡ ਸ਼ਹਿਰ ਵੱਲ ਪਲਾਇਨ ਕਰ ਰਿਹਾ ਸੀ। ਇਹ ਨਾਵਲ ਨਵੀਂ ਉਭਰ ਰਹੀ ਪੂੰਜੀਵਾਦੀ ਮੰਡੀ ਕੇਂਦਰਿਤ ਸੰਸਕ੍ਰਿਤੀ ਅਤੇ ਪੇਂਡੂ ਤੇ ਮਾਨਵਵਾਦੀ ਸੰਸਕ੍ਰਿਤੀ ਦੇ ਆਪਸੀ ਅੰਤਰ–ਵਿਰੋਧਾਂ ਅਤੇ ਸੰਕਟਾਂ

ਨੂੰ ਪੇਸ਼ ਕਰਦਾ ਹੈ। ਇਨ੍ਹਾਂ ਸਥਿਤੀਆਂ ਵਿੱਚੋਂ ਪੈਦਾ ਹੋ ਰਿਹਾ ਤਣਾਓ ਅਤੇ ਇਸਦੇ ਸਿੱਟੇ ਵਜੋਂ ਇੱਕ ਪਾਸੇ ਉਹ ਕਦਰਾਂ–ਕੀਮਤਾਂ ਜੋ ਸੁਆਰਥ ਪਾਲਦੀਆਂ ਹਨ ਅਤੇ ਸਮਾਜਕ ਤਰਜੇ ਜ਼ਿੰਦਗੀ ਨਾਲ ਇਕਸੁਰ ਹੋ ਕੇ ਤੁਰਦੀਆਂ ਹਨ ਤੇ ਦੂਜੇ ਪਾਸੇ ਉਹ ਨਵੀਆਂ ਪੂੰਜੀਵਾਦੀ ਜੀਵਨ–ਕੀਮਤਾਂ ਹਨ ਜਿਹੜੀਆਂ ਨਾ ਤਾਂ ਸਮਾਜ ਦੀਆਂ ਨਾਂ–ਮੁੱਖੀ ਤਾਕਤਾਂ ਨਾਲ ਸਮਝੌਤਾ ਕਰਦੀਆਂ ਹਨ ਨਾ ਹੀ ਇਹਨਾਂ ਕੋਲ ਸਮਾਜਕ, ਰਾਜਨੀਤਿਕ ਚੇਤਨਾ ਹੈ ਜੋ ਇਨ੍ਹਾਂ ਨੂੰ ਕੋਈ ਸਹੀ ਦਿਸ਼ਾ ਪ੍ਰਦਾਨ ਕਰ ਸਕੇ। ਇਸ ਚੇਤਨਾ ਦੀ ਅਣਹੋਂਦ ਵਿੱਚ ਹੀ ਬਿਸ਼ਨ ਸਿੰਘ ਦਾ ਸਾਰਾ ਸੰਘਰਸ਼ ਵਿਅਕਤੀਗਤ ਵਿਦਰੋਹ ਅਤੇ (ਸਵੈਪੀੜ ਦੀ) ਨਿੱਜੀ ਪ੍ਰਤੀ–ਪੂਰਤੀਆਂ ਤੱਕ ਘੱਟ ਕੇ ਰਹਿ ਜਾਂਦਾ ਹੈ ਤੇ ਕਿਸੇ ਸਮੂਹਕ ਸੰਘਰਸ਼ ਵਿੱਚ ਬਦਲਣ ਤੋਂ ਆਤੁਰ ਰਹਿ ਜਾਂਦਾ ਹੈ। ਇਸ ਲਈ ਪ੍ਰੋ. ਜਲੌਰ ਸਿੰਘ ਨੇ ਕਿਹਾ ਹੈ ਕਿ ਮੰਡੀਕਰਨ ਦੇ ਸੰਦਰਭ ਵਿੱਚ ਬਦਲਦੇ ਤੇ ਟੁੱਟਦੇ ਮਨੁੱਖੀ ਰਿਸ਼ਤਿਆਂ ਅਤੇ ਮੱਧਸ਼੍ਰੇਣੀ ਦੀਆਂ ਬੁਰਜ਼ੂਆ ਕਦਰਾਂ–ਕੀਮਤਾਂ ਦੇ ਦਬਾਅ ਹੇਠ ਪਿਸਣ ਦੇ ਬਾਵਜੂਦ ਆਦਿਮ ਮਾਨਵ ਦੇ ਵਿਦਰੋਹ ਪੜਾਅ ਦਾ ਤੇਜਸਵੀ ਤੇ ਓਜਪੂਰਨ ਚਿਤਰ ਹੈ। ... ਨਾਵਲ ਵਿੱਚ ਬਿਸ਼ਨੇ ਨੂੰ ਕਿਸੇ ਖ਼ਾਸ ਸਥਿਤੀ ਵਿੱਚ ਪੇਸ਼ ਕਰਨ ਦੀ ਬਜਾਏ ਉਸਦੇ ਅਸਧਾਰਨ ਸਵੈਮਾਨ ਰਾਹੀਂ ਉਸਾਰਿਆ ਗਿਆ ਹੈ। ਉਸਦਾ ਅੜਬ ਸੁਭਾਅ ਅਤੇ ਕੱਬਾ ਵਿਵਹਾਰ ਉਸ ਚਰਿੱਤਰ ਦੀ ਨਿਰਮਾਣਕਾਰੀ ਵਿੱਚ ਸਹਾਈ ਤਾਂ ਹੁੰਦਾ ਹੈ ਪਰ ਇਸ ਕੌੜੇ ਸੁਭਾਅ ਕਾਰਨ ਨਾ ਤਾਂ ਸਾਰੀ ਉਮਰ ਸਥਿਤੀਆਂ ਨਾਲ ਸਮਝੌਤਾ ਕਰਦਾ ਹੈ ਤਾਂ ਹੀ ਇਹਨਾਂ ਦੇ ਬਦਲ ਸਕਣ ਦੀ ਸੋਝੀ ਤੋਂ ਜਾਣੂ ਹੈ। ਇਸ ਲਈ ਉਹ ਸਿਰਫ਼ ਦੰਦ ਪੀਸਦਾ ਰਹਿ ਜਾਂਦਾ ਹੈ ਤੇ ਸਰਮਾਏਦਾਰੀ ਦੇ ਵਿਰੁੱਧ ਸੰਘਰਸ਼ ਜਾਂ ਕ੍ਰਾਂਤੀ ਦੇ ਸੂਤਰ ਤੋਂ ਦੂਰ ਖੜ੍ਹਾ ਦਿਸਦਾ ਹੈ। ਉਸ ਅੰਦਰ ਜਮੀਰਦਾਰਾਂ ਜਾਂ ਨਵੀਂ ਸਰਮਾਏਦਾਰੀ ਵਿਰੁੱਧ ਨਿੱਜੀ ਆਕ੍ਰੋਸ਼ ਤਾਂ ਹੈ ਪਰ ਇਸ ਨੂੰ ਹੱਕ–ਸੱਚ ਦੀ ਕਮਾਈ ਦੇ ਸੂਤਰ ਤੱਕ ਘਟਾਈ ਰੱਖਦਾ ਹੈ। ਇਸ ਲਈ ਉਹ ਆਪਣਾ ਹੱਕ ਨਾ ਮਿਲਣ ਦੀ ਸੂਰਤ ਵਿੱਚ ਉਸਦਾ ਪ੍ਰਤਿਕਰਮ ਕਰਦਾ ਹੈ ਤੇ ਅਣਖ–ਇੱਜਤ ਦੇ ਜਗੀਰੂ ਵਿਦਰੋਹ ਤੱਕ ਪਹੁੰਚਦਾ ਹੈ ਪਰ ਉਸਦਾ ਇਹ ਵਿਦਰੋਹ ਇਤਿਹਾਸਕ ਚੇਤਨਾ ਦੀ ਅਣਹੋਂਦ ਵਿੱਚ ਸਮੱਸਿਆਵਾਂ ਨੂੰ ਸੁਲਜਾਉਣ ਦੀ ਥਾਂ ਹੋਰ ਉਲਝਾਉਣ ਵਾਲੀ ਤ੍ਰਾਸਦੀ ਬਣ ਜਾਂਦਾ ਹੈ।

ਗੁਰਦਿਆਲ ਸਿੰਘ ਦੀ ਵਿਚਾਰਧਾਰਕ ਪ੍ਰਤੀਬੱਧਤਾ ਪੇਂਡੂ ਥੁੜੇ–ਤੁੱਟੇ ਅਤੇ ਨਿਮਨ ਮਜ਼ਦੂਰ ਕਿਸਾਨਾਂ ਨਾਲ ਹੈ। ਡਾ. ਕਰਮਜੀਤ ਸਿੰਘ ਅਨੁਸਾਰ "ਵਿਵਸਥਾ ਵਿੱਚ ਜਕੜੇ ਹੋਣ ਦੇ ਬਾਵਜੂਦ ਵਿਦਰੋਹ ਦੀ ਆਦਿਮ ਭਾਵਨਾ ਵਿੱਚ ਰਿਝਦੇ, ਖੌਲ੍ਹਦੇ ਤੇ ਗੜ੍ਹਕਦੇ ਪਾਤਰ ਉਸਦੀ ਗਲਪ–ਸੰਵੇਦਨਾ ਦੀ ਸ਼ਕਤੀ ਦਾ ਬੜਾ ਤਗੜਾ ਤੇ ਨਰੋਆ ਅਹਿਸਾਸ

ਦੇਂਦੇ ਹਨ। ਜਾਗੀਰਦਾਰੀ ਤੇ ਪੂੰਜੀਵਾਦੀ ਰਿਸ਼ਤਿਆਂ ਦੇ ਵਿਵੇਕ ਨੇ ਹੋਣੀਆਂ ਦੇ ਇਹਨਾਂ ਸਿਰਜਣ ਹਾਰਿਆਂ ਨੂੰ ਅਣਹੋਏ ਬਣਾ ਕੇ ਸਦੀਆਂ ਤੀਕ ਇਨ੍ਹਾਂ ਦਾ ਲਹੂ ਵੀਟਿਆ ਹੈ।" ਗੁਰਦਿਆਲ ਸਿੰਘ ਨੇ ਨਾ ਇਹਨਾਂ ਵਿੱਚ ਨਵੀਂ ਚੇਤਨਾ ਜਗਾਉਣ ਦਾ ਯਤਨ ਕੀਤਾ ਹੈ, ਨਾ ਇਨ੍ਹਾਂ ਨੂੰ ਕੋਈ ਨਾਹਰਾ ਦਿੱਤਾ ਹੈ, ਨਾ ਸੇਧ। ਉਸ ਨੇ ਕੇਵਲ ਉਨ੍ਹਾਂ ਦੀ ਇਤਿਹਾਸਕ ਸਧਾਰਨਤਾ ਵਿੱਚ ਵਰਤਮਾਨ ਸਥਿਤੀ ਦੇ ਵਿਵੇਕ ਦਾ ਸਿਰਜਣ ਕੀਤਾ ਹੈ।

ਗੁਰਦਿਆਲ ਸਿੰਘ ਨੇ ਆਪਣੇ ਨਾਵਲਾਂ ਵਿੱਚ ਜੰਗੀਰਦਾਰੀ ਪ੍ਰਬੰਧ ਦੀ ਰਹਿੰਦ–ਖੂੰਹਦ ਦੇ ਪ੍ਰਭਾਵ ਅਧੀਨ ਅਖੌਤੀ ਉਚ–ਸ਼੍ਰੇਣੀ ਵੱਲੋਂ ਕੀਤੀ ਜਾਂਦੀ ਨਫ਼ਰਤ ਅਤੇ ਵਿਤਕਰੇਬਾਜ਼ੀ ਦੇ ਕਾਰਨਾਂ ਨੂੰ ਪੇਂਡੂ ਪਿਛੋਕੜ ਵਿੱਚੋਂ ਤਲਾਸ਼ ਕੀਤਾ ਹੈ। ਉਹ ਜਗੀਰੂ ਕਦਰਾਂ–ਕੀਮਤਾਂ ਅਤੇ ਪੂੰਜੀਵਾਦੀ ਸਰਮਾਏਦਾਰੀ ਦੁਆਰਾ ਪੈਦਾ ਕੀਤੀ ਜਾ ਰਹੀ ਨਾਬਰਾਬਰੀ ਦੇ ਦਵੰਦ ਨੂੰ ਯਥਾਰਥਕ ਰੂਪ ਵਿੱਚ ਪਕੜਦਾ ਹੈ। ਡਾ. ਸੁਰਿੰਦਰ ਕੁਮਾਰ ਦਵੇਸ਼ਵਰ ਦੇ ਅਨੁਸਾਰ, "ਗੁਰਦਿਆਲ ਸਿੰਘ ਦੇ ਨਾਵਲਾਂ ਵਿੱਚ ਉਸ ਦਾ ਯਥਾਰਥ ਰੂਪਵਾਦੀ ਸੰਸਕ੍ਰਿਤੀ ਦੀ ਵਿਸਮਤਾ ਦੇ ਪ੍ਰਸੰਗ ਵਿੱਚ ਮਨੁੱਖੀ ਜੂਨ/ਹੋਣੀ ਪ੍ਰਤਿ ਅਸੰਤੁਸ਼ਟਤਾ, ਨਫ਼ਰਤ ਅਤੇ ਵਿਯੋਗ ਦੇ ਵਿਵੇਕ ਨੂੰ ਸਧਾਰਨ ਮਨੁੱਖ ਦੇ ਟੁੱਟ ਜਾਣ ਜਾਂ ਹਾਰ ਜਾਣ ਨਾਲ ਜੋੜਦਾ ਹੈ। ਉਸ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਅਤੇ ਪ੍ਰਾਪਤੀ ਇਸ ਗੱਲ ਵਿੱਚ ਹੈ ਕਿ ਉਸ ਦੇ ਨਾਵਲਾਂ ਵਿੱਚ ਜਾਤੀ–ਜਮਾਤੀ ਸੰਸਕ੍ਰਿਤੀ ਦੇ ਪ੍ਰਸੰਗ ਵਿੱਚ ਮਨੁੱਖੀ ਹੋਂਦ ਦਾ ਸੰਕਟ ਪੂਰੀ ਸੰਸਕ੍ਰਿਤੀ ਦਾ ਸੰਕਟ ਬਣ ਕੇ ਉਭਰਦਾ ਹੈ।"[1]

ਇਸ ਨਾਵਲ ਦੀ ਦ੍ਰਿਸ਼ਟੀ ਅਤੇ ਵਿਚਾਰਧਾਰਕ ਪ੍ਰਤਿਬੱਧਤਾ ਦੇ ਕਈ ਪਾਸਾਰ ਖੁੱਲ੍ਹਦੇ ਹਨ। ਨਾਵਲਕਾਰ ਦੀ ਹਮਦਰਦੀ ਥੁੜੇ–ਟੁੱਟੇ ਪਾਤਰਾਂ ਨਾਲ ਹੈ। ਪੰਜਾਬੀ ਨਾਵਲ ਵਿੱਚ ਪਹਿਲੀ ਵਾਰ ਨਿਮਾਣੇ ਅਤੇ ਨਿਤਾਣੇ, ਮਜ਼ਦੂਰ ਅਤੇ ਦਲਿਤ ਬੰਦੇ ਨੂੰ ਨਾਵਲ ਦੇ ਕੇਂਦਰ ਵਿੱਚ ਲਿਆਂਦਾ ਗਿਆ ਹੈ। ਗੁਰਦਿਆਲ ਸਿੰਘ ਪੰਜਾਬੀ ਨਾਵਲ ਜਗਤ ਦਾ ਪਹਿਲਾ ਅਜਿਹਾ ਨਾਵਲਕਾਰ ਹੈ ਜਿਸ ਨੇ ਨਾਨਕ ਸਿੰਘ, ਜਸਵੰਤ ਸਿੰਘ ਕੰਵਲ ਦੀ ਆਦਰਸ਼ਕ ਨਾਇਕ ਸਿਰਜਣਾ ਦੀ ਪਰੰਪਰਾ ਦਾ ਤਿਆਗ ਕਰਕੇ ਅਸਲੋਂ ਸਧਾਰਨ ਬੰਦੇ ਨੂੰ ਉਸ ਦੀ ਸਧਾਰਤਾ ਸਮੇਤ ਨਾਵਲ ਦੇ ਕੇਂਦਰ ਵਿੱਚ ਲਿਆਂਦਾ ਹੈ। ਭਗਤਾ ਬਿਸ਼ਨਾ, ਬੁੱਧਾ, ਬਚਨਾ, ਦਇਆ ਕੌਰ, ਕਰਮੋ ਅਜਿਹੇ ਹੀ ਸਧਾਰਨ ਪਾਤਰ ਹਨ। ਉਸ ਨੇ ਆਪਣੇ ਨਾਵਲਾਂ ਵਿੱਚ ਮਾਲਵੇ ਦੀ ਆਂਚਲਿਕਤਾ ਵਿੱਚ ਵਿਚਰਦੇ ਨਿਮਨ ਮੱਧਸ਼੍ਰੇਣਿਕ ਪਾਤਰਾਂ ਨੂੰ ਉਹਨਾਂ ਦੀ ਸਮੁੱਚਤਾ ਵਿੱਚ ਪੇਸ਼ ਕੀਤਾ ਹੈ। ਡਾ. ਸੁਰਿੰਦਰ ਕੁਮਾਰ ਦਵੇਸ਼ਵਰ ਦੇ ਅਨੁਸਾਰ, "ਜਾਤ–ਜਮਾਤ 'ਤੇ ਆਧਾਰਿਤ ਸਾਡੀ ਜਗੀਰੂ ਸੁਭਾਅ

ਵਾਲੀ ਆਰਥਿਕ-ਸੰਸਕ੍ਰਿਤਕ ਬਣਤਰ ਵਿੱਚ ਨਿਮਨ ਤੇ ਨਿਤਾਣੀਆਂ ਸ਼੍ਰੇਣੀਆਂ ਦੇ ਪਿਛੋਕੜ ਵਿੱਚ ਗਿਆਨ ਗ੍ਰਹਿਣ ਕਰਨ ਦੀ ਕੋਈ ਠੋਸ ਪਰੰਪਰਾ ਨਹੀਂ। ਇਸੇ ਕਾਰਨ ਜਿਉਣਾ ਉਹਨਾਂ ਦੀ ਮਰਜ਼ੀ ਨਾਲੋਂ ਮਜ਼ਬੂਰੀ ਜ਼ਿਆਦਾ ਹੈ। ਅਮਲੀ ਪੱਧਰ 'ਤੇ ਵੀ ਇਨ੍ਹਾਂ ਨਾਲ ਹੁੰਦੇ ਵਿਤਕਰਿਆਂ ਨੇ ਇਨ੍ਹਾਂ ਲੋਕਾਂ ਵਿੱਚ ਹੀਣ ਭਾਵਨਾ/ਨੀਚ/ਦੂਜੇ ਹੋਣ ਦੇ ਸੰਸਕਾਰਾਂ ਨੂੰ ਹੋਰ ਮਜ਼ਬੂਤ ਕੀਤਾ ਹੈ। ਗੁਰਦਿਆਲ ਸਿੰਘ ਕਿਉਂਕਿ ਯਥਾਰਥਵਾਦੀ ਵਿਧੀ ਅਤੇ ਦ੍ਰਿਸ਼ਟੀ ਦਾ ਨਾਵਲਕਾਰ ਹੈ, ਇਸੇ ਲਈ ਉਹ ਸਮਾਜ ਦੇ ਇਨ੍ਹਾਂ ਥੁੜੇ-ਟੁੱਟੇ ਲੋਕਾਂ ਦੇ ਤ੍ਰਾਸਦਬੋਧ ਨੂੰ ਆਪਣੇ ਨਾਵਲ ਵਿੱਚ ਪ੍ਰਸਤੁਤ ਕਰਦਾ ਹੈ।"[2]

ਕੁੱਲ ਮਿਲਾ ਕੇ ਗੁਰਦਿਆਲ ਸਿੰਘ ਦਾ ਨਾਵਲ ਪੇਂਡੂ ਪੰਜਾਬੀ ਰਹਿਤਲ ਵਿੱਚ ਵਿਚਰ ਰਹੇ ਮਨੁੱਖ ਦੀਆਂ ਤਮਾਮ ਸਮੱਸਿਆਵਾਂ, ਅਕਾਂਖਿਆਵਾਂ, ਘਾਟਾਂ, ਕਮਜ਼ੋਰੀਆਂ ਅਤੇ ਪੰਜਾਬੀ ਸੁਭਾਅ ਦੀਆਂ ਵਿਭਿੰਨ ਪਰਤਾਂ ਨੂੰ ਫੜਦਾ ਹੈ। ਉਸਦੀ ਵਿਚਾਰਧਾਰਕ ਪ੍ਰਤੀਬੱਧਤਾ ਅਣਹੋਇਆਂ ਦੀ ਜ਼ਿੰਦਗੀ ਹੰਢਾਅ ਰਹੇ ਪਾਤਰਾਂ ਨਾਲ ਹੈ। ਇਹ ਨਾਵਲ ਥੁੜਾਂ ਮਾਰੇ ਲੋਕਾਂ ਦੀ ਜ਼ਿੰਦਗੀ ਦੇ ਯਥਾਰਥ ਨੂੰ ਪਕੜਦਾ ਹੈ ਅਤੇ ਆਧੁਨਿਕ ਯੁੱਗ ਦੀਆਂ ਪੂੰਜੀਵਾਦੀ ਕਦਰਾਂ-ਕੀਮਤਾਂ ਦੇ ਤਣਾਓ ਨੂੰ ਇੱਕ ਚੇਤਨ ਮਨੁੱਖ ਵਾਂਗ ਸਮਝਦਾ ਅਤੇ ਪੇਸ਼ ਕਰਦਾ ਹੈ। ਇਸ ਤਰ੍ਹਾਂ ਦੇ ਯਥਾਰਥਕ ਜੀਵਨ ਨੂੰ ਦਰਸਾ ਸਕਣਾ ਗੁਰਦਿਆਲ ਸਿੰਘ ਦੇ ਹਿੱਸੇ ਆਇਆ ਹੈ, ਇਸ ਵਿੱਚ ਹੀ ਉਸਦੀ ਪ੍ਰਾਪਤੀ ਹੈ।

**ਹਵਾਲੇ ਅਤੇ ਟਿੱਪਣੀਆਂ**

1.ਵਿਸ਼ਵੀਕਰਨ ਦਾ ਪ੍ਰਵਚਨ ਤੇ ਪੰਜਾਬੀ ਨਾਵਲ, ਪੰਨੇ-77-78.

2.ਉਹੀ, ਪੰਨਾ-134.

**'ਅਣਹੋਏ ਨਾਵਲ ਦਾ ਵਿਸ਼ਾ ਵਸਤੂ/ ਸੰਖੇਪ ਸਾਰ**

ਸ੍ਰ: ਗੁਰਦਿਆਲ ਸਿੰਘ ਪੰਜਾਬੀ ਗਲਪ ਵਿੱਚ ਮੰਨੀ ਪ੍ਰਮੰਨੀ ਸਖ਼ਸੀਅਤ ਹਨ। ਗੁਰਦਿਆਲ ਸਿੰਘ ਦਾ ਜਨਮ 10 ਜਨਵਰੀ 1933 ਨੂੰ ਜੈਤੋ ਵਿਖੇ ਹੋਇਆ । ਉਹਨਾਂ ਨੇ ਨਾਵਲ, ਕਹਾਣੀ, ਨਾਟਕ ਆਦਿ ਵਿਧਾਵਾਂ ਉਪਰ ਕਲਮਕਾਰੀ ਕੀਤੀ ਹੈ । ਉਸ ਨੇ ਨਾਨਕ ਸਿੰਘ ਅਤੇ ਜਸਵੰਤ ਸਿੰਘ ਕੰਵਲ ਦੀ ਪਰੰਪਰਾ ਤੋਂ ਵਿੱਥ ਬਣਾ ਕੇ ਪਹਿਲੀ ਵਾਰ ਹੇਠਲੀ ਨਿਮਨ ਸ਼੍ਰੇਣੀ ਦਾ ਪਾਤਰਾਂ ਨੂੰ ਉਹਨਾਂ ਦੀਆਂ ਸਮੁੱਚੀਆਂ ਸਮਾਜਿਕ ਸਭਿਆਚਾਰਕ ਸਥਿਤੀਆਂ ਸਮੇਤ ਪੰਜਾਬੀ ਨਾਵਲ ਦਾ ਵਿਸ਼ਾ ਬਣਾਇਆ ਹੈ। ਗੁਰਦਿਆਲ ਸਿੰਘ ਦੀ ਇਕ ਹੋਰ ਵਿਸ਼ੇਸ਼ਤਾ ਇਹ ਹੈ ਕਿ ਉਹ ਜਗੀਰਦਾਰੀ ਵਿਵਸਥਾ ਤੋਂ ਪੂੰਜੀਵਾਦੀ ਵਿਵਸਥਾ ਵਿੱਚ ਹੋ ਰਹੀ ਤਬਦੀਲੀ ਦੇ ਨਤੀਜੇ ਵਜੋਂ ਪੰਜਾਬੀ ਸਮਾਜਿਕ ਪ੍ਰਬੰਧ ਵਿੱਚ ਆ ਰਹੀਆਂ ਨਵੀਆਂ ਚੁਣੌਤੀਆਂ ਨੂੰ ਪ੍ਰਸਤੁਤ ਕਰਦਾ ਹੈ। ਉਸਨੇ ਨੇ ਸਾਹਕਾਰ ਰਚਨਾਵਾਂ ਪਾਠਕਾਂ ਦੀ ਝੋਲੀ ਪਾਈਆਂ ਹਨ। 'ਮੜ੍ਹੀ ਦਾ ਦੀਵਾ', 'ਅੱਧ ਚਾਨਣੀ ਰਾਤ', 'ਅਣਹੋਏ', 'ਕੁਵੇਲ਼ਾ', 'ਰੇਤੇ ਦੀ ਇੱਕ ਮੁੱਠੀ', 'ਆਥਣ ਉਗਣ', 'ਅੰਨੇ ਘੋੜੇ ਦਾ ਦਾਨ','ਅੱਧ ਚਾਨਣੀ ਰਾਤ', 'ਪੁਹ-ਫੁਟਾਲੇ ਤੋਂ ਪਹਿਲਾਂ' ਅਤੇ 'ਪਰਸਾ' ਆਦਿ ਉਸ ਦੀਆਂ ਮਹੱਤਵਪੂਰਣ ਨਾਵਲ ਰਚਨਾਵਾਂ ਹਨ । ਗੁਰਦਿਆਲ ਸਿੰਘ ਦੀਆਂ ਕਈ ਰਚਨਾਵਾਂ ਦੂਸਰੀਆਂ ਭਾਸ਼ਾਵਾਂ ਵਿੱਚ ਅਨੁਵਾਦ ਵੀ ਹੋ ਚੁੱਕੀਆਂ ਹਨ । ਉਹਨਾਂ ਨੂੰ ਭਾਰਤੀ ਸਾਹਿਤ ਅਕਾਦਮੀ(ਅੱਧ ਚਾਨਣੀ ਰਾਤ) ਅਤੇ ਗਿਆਨ ਪੀਠ(ਪਰਸਾ) ਵਰਗੇ ਵਕਾਰੀ ਮਾਣ ਸਨਮਾਨ ਪ੍ਰਾਪਤ ਹੋ ਚੁੱਕੇ ਹਨ। ਉਸਦੇ ਨਾਵਲ 'ਮੜੀ ਦਾ ਦੀਵਾ' ਅਤੇ ਹੋਰ ਕਈ ਨਾਵਲਾਂ ਉਪਰ ਫ਼ਿਲਮਾਂ ਵੀ ਬਣਾਈਆਂ ਜਾ ਚੁੱਕੀਆਂ ਹਨ।

ਗੁਰਦਿਆਲ ਸਿੰਘ ਦੇ ਨਾਵਲ 'ਅਣਹੋਏ' ਨਾਲ ਪੰਜਾਬੀ ਸਾਹਿਤ ਵਿੱਚ ਵਿੱਢ ਪਾਉਣ ਵਾਲੀ ਸ਼ਿਫਟ ਵਾਪਰਦੀ ਹੈ। ਇਹ ਨਾਵਲ 34 ਕਾਂਡਾ ਵਿੱਚ ਵੰਡਿਆ ਹੋਇਆ ਹੈ । ਇਸ ਨਾਵਲ ਵਿੱਚ ਪੰਜਾਬ ਦੇ ਜਗੀਰਦਾਰੀ ਪ੍ਰਬੰਧ ਤੋਂ ਪੂੰਜੀਵਾਦੀ ਆਰਥਿਕ ਵਿਵਸਥਾ ਵਿੱਚ ਹੋਣ ਵਾਲੇ ਪਰਿਵਰਤਨ ਦੇ ਪ੍ਰਤੀਫ਼ਲ ਵਜੋਂ ਪੈਦਾ ਹੋਣ ਵਾਲੇ ਸੰਕਟਾਂ ਅਤੇ ਤ੍ਰਾਸਦਿਕ ਜੀਵਨ ਪ੍ਰਸਥਿਤੀਆਂ ਨੂੰ ਪੇਸ਼ ਕੀਤਾ ਗਿਆ ਹੈ। ਇਹਨਾਂ ਕਠੋਰ ਅਤੇ ਸੰਕਟਗ੍ਰਸਤ ਸਥਿਤੀਆਂ ਦੇ ਸਨਮੁੱਖ ਸਧਾਰਣ ਮਨੁੱਖ ਦੀ ਨਿਗੁਣੀ ਹੋਂਦ ਦੀ ਤ੍ਰਾਸਦੀ 'ਅਣਹੋਏ' ਨਾਵਲ ਦਾ ਮੂਲ ਵਿਸ਼ਾ ਹੈ। ਇਸ ਨਾਵਲ ਵਿੱਚ ਜਗੀਰਦਾਰੀ ਵਿਵਸਥਾ ਦੀ ਰਹਿੰਦ-ਖੂੰਹਦ ਅਤੇ ਤਾਨਾਸ਼ਾਹ ਅੰਗਰੇਜ਼ੀ ਸਰਕਾਰ ਦੀ ਅਫ਼ਸਰਸ਼ਾਹੀ ਦੇ ਕਠੋਰ ਵਿਵਹਾਰ ਅਤੇ ਆਮ ਲੋਕਾਈ ਵਿੱਚ ਟੱਕਰ ਹੈ। ਜਿੱਥੇ ਆਮ ਲੋਕ ਸਰਕਾਰ ਦੇ ਫੈਸਲੇ ਨੂੰ ਜਿਉਂ–ਤਿਉਂ ਪ੍ਰਵਾਨ ਕਰ ਲੈਂਦੇ ਹਨ ਉੱਥੇ ਬਿਸ਼ਨੇ ਵਰਗੇ ਨਾਬਰ ਆਦਮੀ ਸਰਕਾਰ ਅਤੇ ਉਸਦੇ ਲੋਟੂ ਟੋਲਿਆਂ ਨਾਲ ਟੱਕਰ ਲੈਣ ਲਈ ਹਮੇਸ਼ਾ ਤਤਪਰ ਰਹਿੰਦੇ ਹਨ । ਨਾਵਲ ਵਿੱਚ ਬਿਸ਼ਨਾ ਅਤੇ ਉਸਦੀ ਘਰਵਾਲੀ ਦਿਆਕੁਰ, ਬਿਸ਼ਨੇ ਦਾ ਭਰਾ ਭਗਤਾ ਅਤੇ ਉਸਦੇ ਘਰ ਵਾਲੀ ਕਰਤਾਰੀ, ਉਹਨਾਂ ਦੇ ਦੋ ਸਪੁੱਤਰ ਮਾਘੀ, ਕਾਲਾ, ਬਿਸ਼ਨੇ ਅਤੇ ਭਗਤੇ ਨਾਲ ਕੰਮ ਕਰਾਉਣ ਵਾਲਾ ਬੁੱਧਾ, ਕਾਨੀਆ, ਹੇਤੀਆ ਅਤੇ ਬੂਟਾ ਇਕ ਧਿਰ ਦੇ ਪਾਤਰ ਹਨ ਅਤੇ ਇਸ ਤੋਂ ਬਿਨਾ ਵੱਡਾ ਵਜ਼ੀਰ, ਗੋਕਲ, ਸ਼ਿਵ ਰਾਮ, ਚੌਧਰੀ ਥੰਮਣ, ਠੇਲਾ, ਕਿਸ਼ਨਾ, ਤੋਤੀ ਮੱਲ ਆਦਿ ਦੂਸਰੀ ਧਿਰ ਦੇ ਪਾਤਰ ਹਨ ।

ਨਾਵਲ ਵਿੱਚ ਅਸੀਂ ਵੇਖਦੇ ਹਾਂ ਕਿ ਬਿਸ਼ਨੇ ਦਾ ਘਰ ਸਰਕਾਰੀ ਦੁਆਰਾ ਬਣਾਈ ਜਾ ਰਹੀ ਵੱਡੀ ਸੜਕ ਦੇ ਰਸਤੇ ਵਿੱਚ ਆ ਜਾਂਦਾ ਹੈ। ਸਰਕਾਰ ਘਰ ਛੱਡਣ ਲਈ ਕਹਿੰਦੀ ਹੈ ਪ੍ਰੰਤੂ ਬਿਸ਼ਨਾ ਅਤੇ ਉਸਦੀ ਘਰ ਵਾਲੀ ਘਰ ਛੱਡਣ ਲਈ ਤਿਆਰ ਨਹੀਂ ਹਨ ਨਤੀਜ਼ੇ ਵਜੋਂ ਸਰਕਾਰੀ ਮੁਲਾਜਮਾਂ ਅਤੇ ਬਿਸ਼ਨੇ ਵਿਚਕਾਰ ਟੱਕਰ ਹੋ ਜਾਂਦੀ ਹੈ। ਇਸ ਤੋਂ ਬਾਅਦ ਭਗਤੇ ਅਤੇ ਬਿਸ਼ਨੇ ਨੂੰ ਕੈਦ ਹੋ ਜਾਂਦੀ ਹੈ। ਸਜਾ ਪੂਰੀ ਹੋਣ ਉਪਰੰਤ ਵੀ ਬਿਸ਼ਨਾ ਅਤੇ ਉਸਦੀ ਘਰਵਾਲੀ ਦਿਆਕੁਰ ਅਣਖ਼ੀ ਸੁਭਾਅ ਨਾਲ ਜਿਉਂਦੇ ਹਨ। ਬਿਸ਼ਨੇ ਦੀ ਅਫ਼ਸਰੇ ਮੰਡੀ ਨਾਲ ਵਰਤਾਲਾਪ ਉਸਦੇ ਅਣਖੀ ਹੋਣ ਦੀ ਗਵਾਹੀ ਭਰਦੀ ਹੈ।

" ਅਜੇ ਕਿਸੇ ਹੋਰ, ਏਦੂੰ ਵੱਡੀ ਬੇਇਨਸਾਫੀ ਦੀ ਵੀ ਕਸਰ ਰਹਿਗੀ ਹਜ਼ੂਰ ? ਬਿਸ਼ਨੇ ਨੇ ਪਹਿਲਾਂ ਨਾਲੋਂ ਕੁੱਝ ਹੋਰ ਖਰ੍ਹਵੀਂ ਆਵਾਜ਼ ਨਾਲ ਕਿਹਾ," ਸਾਥੋਂ ਸਰਕਾਰੀ ਰਿਸਟਰੀਆਂ 'ਚ ਲਿਖਿਆ ਸਾਡਾ ਘਰ, ਸਰਕਾਰ ਨੇ ਮੱਲੋ ਜੋਰੀ ਖੋਹਿਆ। ਸਾਨੂੰ ਹੱਥ ਕੜ੍ਹੀਆਂ ਲਾ ਕੇ ਡਾਕੂਆਂ ਆਗੂੰ ਫੜ੍ਹਿਆ। ਜਮਾਨਤਾ ਕਰਾਈਆਂ। ਸਮਾਨ ਸਾਡਾ ਸਾਰਾ ਚੌਧਰੀਆਂ ਹਵਾਲੇ ਕਰ ਦਿੱਤਾ ਦੱਸੋ ਸਾਡਾ ਕਸੂਰ ਕੀ ਸੀ ? ....... ਇਹ ਕੋਈ ਬੇਅਨਸਾਫੀ ਈ ਨੀ ਅਜੇ ?" ( ਅਣਹੋਏ,ਪੰਨਾ 29)

ਇਸ ਤੋਂ ਬਾਅਦ ਉਹ ਇੱਕ ਅਹਾਤੇ ਵਿੱਚ ਰਹਿਣ ਬਸੇਰਾ ਕਰ ਲੈਂਦੇ ਹਨ। ਭਗਤੇ ਦੇ ਘਰ ਵਾਲੀ ਕਰਤਾਰੀ ਆਪਣੇ ਸੁਭਾਅ ਕਰਕੇ ਭਗਤੇ ਨੂੰ ਹਮੇਸ਼ਾ ਤਾਹਨੇ-ਮਿਹਣੇ ਮਾਰਦੀ ਰਹਿੰਦੀ ਹੈ। ਉਹ ਭਗਤੇ ਨੂੰ ਬਿਸ਼ਨੇ ਅਤੇ ਦਿਆਕੁਰ ਨਾਲ ਬੋਲਣ ਤੋਂ ਰੋਕਦੀ ਹੈ। ਪਰ ਬਿਸ਼ਨੇ ਅਤੇ ਦਿਆਕੁਰ ਲਈ ਪੁੱਤਾਂ ਵਾਗੂੰ ਪਾਲਿਆ ਭਗਤਾ ਜਦੋਂ ਕੰਨੀ ਕਤਰਾਉਣ ਲਗਦਾ ਹੈ ਤੇ ਇਹ ਗੱਲ ਬਿਸ਼ਨੇ ਅਤੇ ਦਿਆਕੁਰ ਲਈ ਅਸਹਿ ਹੋ ਜਾਂਦੀ ਹੈ। ਦਿਆਕੁਰ ਕਰਤਾਰੀ ਦੀ ਨਫ਼ਰਤ ਦੇ ਬਾਵਜੂਦ ਵੀ ਭਗਤੇ ਦੇ ਦੋਵੇਂ ਪੁੱਤਰਾਂ ਨੂੰ ਆਪਣੇ ਪੁੱਤਰਾਂ ਵਾਗ ਸਮਝਦੀ ਹੈ ਉਹਨਾਂ ਨੂੰ ਚੋਰੀ ਚੋਰੀ ਕੁੱਝ ਨਾ ਕੁੱਝ ਖਾਣ – ਪੀਣ ਲਈ ਦਿੰਦੀ ਰਹਿੰਦੀ ਹੈ। ਕਰਤਾਰੀ ਦੇ ਰੋਜ ਰੋਜ ਦੇ ਕਲੇਸ਼ ਕਰਕੇ ਭਗਤਾ ਆਪਣਾ ਕੰਮ ਬਿਸ਼ਨੇ ਤੋਂ ਅਲੱਗ ਕਰ ਲੈਂਦਾ ਹੈ। ਨਾਵਲ ਦੇ ਬਿਰਤਾਂਤ ਵਿੱਚ ਉਸ ਸਮੇਂ ਫਿਰ ਤਣਾਅ ਵਾਪਰਦਾ ਹੈ ਜਦੋਂ ਬਿਸ਼ਨੇ ਨੂੰ ਫਿਰ ਤੋਂ ਕੈਦ ਹੋ ਜਾਂਦੀ ਹੈ। ਇਸ ਕੈਦ ਦਾ ਕਾਰਨ ਅਹਾਤਾ ਹੀ ਸੀ। ਇਹ ਅਹਾਤਾ ਤੋਤੀ ਮੱਲ ਦੁਆਰਾ ਬਿਸ਼ਨੇ ਕੇ ਪਰਿਵਾਰ ਨੂੰ ਦਿੱਤਾ ਗਿਆ ਸੀ ਤੇ ਇਸਦੇ ਬਦਲੇ ਉਹ ਕਿਰਾਇਆ ਲੈਂਦਾ ਸੀ। ਉਸ ਸਮੇਂ ਇਸਦੀ ਕੀਮਤ ਵੀ ਘੱਟ ਸੀ। ਉਸਨੇ ਇਹ ਆਹਾਤਾ ਘੱਟ ਕਿਰਾਇਆ ਲੈ ਕੇ ਮੱਲੋ ਜੋਰੀ ਬਿਸ਼ਨੇ ਦੇ ਪਰਿਵਾਰ ਨੂੰ ਏਥੇ ਬਿਠਾ ਦਿੱਤਾ ਸੀ ਪਰ ਇਸ ਥਾਂ ਦੀ ਕੀਮਤ ਵੱਧ ਜਾਣ ਤੇ ਹੁਣ ਉਹ ਇਸ ਅਹਾਤੇ ਨੂੰ ਖਾਲੀ ਕਰਵਾਉਣਾ ਚਹੁੰਦਾ ਸੀ। ਇੱਥੇ ਵੀ ਬਿਸ਼ਨਾ ਅਤੇ ਦਿਆਕੁਰ ਉਸ ਵਿਰੁੱਧ ਡਟ ਕੇ ਖੜ੍ਹ ਜਾਂਦੇ ਹਨ ਤੇ ਬਿਸ਼ਨੇ ਨੂੰ ਫਿਰ ਤੋਂ ਤਿੰਨ ਮਹੀਨੇ ਦੀ ਸ਼ਜਾ ਹੋ ਜਾਂਦੀ ਹੈ। ਦਿਆਕੁਰ ਉਸ ਸਮੇਂ ਦੌਰਾਨ ਅਹਾਤੇ ਵਿੱਚ ਹੀ ਰਹਿੰਦੀ ਹੈ ਤੇ ਬਿਸ਼ਨੇ ਦੇ ਕਹੇ ਅਨੁਸਾਰ ਬੂਟੇ ਤੇਲੀ ਨੂੰ ਇਸ ਅਹਾਤੇ ਵਿੱਚ ਕੋਹਲੂ ਲਾਉਣ ਲਈ ਕਹਿੰਦੀ ਹੈ। ਬੂਟਾ ਅਤੇ ਉਸਦੇ ਬੱਚੇ ਇਸ ਅਹਾਤੇ ਵਿੱਚ ਹੀ ਰਹਿਣ ਲੱਗ ਜਾਂਦੇ ਹਨ। ਨਾਵਲ ਵਿੱਚ ਜਿੱਥੇ ਬਿਸ਼ਨਾ ਅਤੇ ਦਿਆਕੁਰ ਅਜਿਹੀਆਂ ਪ੍ਰਸਥਿਤੀਆਂ ਦਾ ਡਟ ਕੇ ਸਾਹਮਣਾ ਕਰਦੇ ਹਨ ਉੱਥੇ ਪਿੰਡ ਵਾਲੇ ਦੋਵਾਂ ਨੂੰ ਰੁੱਖੇ ਸੁਭਾਅ ਦੇ ਆਖਦੇ ਹਨ। ਉਹਨਾਂ ਦੇ ਘਰ ਵਿੱਚ ਬੁੱਧਾ, ਕਾਨੀਆ ਤੇ ਹੇਤੀਏ ਵਰਗੇ ਪਾਤਰ ਹਮੇਸ਼ਾ

ਵਾਂਗ ਮਿਲਵਰਤਨ ਰੱਖਦੇ ਹਨ। ਬੁੱਧਾ ਤੇ ਬੂਟਾ ਦਿਆਕੁਰ ਨਾਲ ਹਮਦਰਦੀ ਰੱਖਦੇ ਹਨ ਅਤੇ ਹਮੇਸ਼ਾ ਕੰਮਕਾਰ ਵਿੱਚ ਸਹਾਇਤਾ ਕਰਦੇ ਹਨ। ਦਿਆਕੁਰ ਵੀ ਡੋਲਦੀ ਨਹੀਂ ਪਰ ਉਸਦੀ ਸਮਾਜ ਦੇ ਤਾਹਨਿਆ ਕਰਕੇ ਮਾਨਸਿਕ ਹਾਲਤ ਵਿਗੜ ਜਾਂਦੀ ਹੈ ਤੇ ਉਹ ਖੇਡਣ ਲੱਗ ਜਾਂਦੀ ਹੈ।

ਜਦੋਂ ਬਿਸ਼ਨਾ ਕੈਦ ਕੱਟਣ ਗਿਆ ਸੀ ਉਸ ਸਮੇਂ ਭਗਤੇ ਨੇ ਤੋਤੀ ਦੀ ਸਲਾਹ ਮੰਨ ਕੇ ਸਰਕਾਰ ਪਾਸੋਂ ਪਹਿਲਾਂ ਖੁੱਸੇ ਅਹਾਤੇ ਦੇ ਅੱਧ ਦੇ ਬਦਲੇ ਵੀਹ ਮਰਲੇ ਹੋਰ ਥਾਂ ਲੈ ਲਈ ਸੀ। ਇਸ ਵਿੱਚ ਤੇਰਾਂ ਮਰਲੇ ਤੋਤੀ ਨੂੰ ਦੇ ਕੇ ਉਸਨੇ ਬਿਸ਼ਨੇ ਦਾ ਰਹਿਣ ਵਾਲਾ ਅਹਾਤਾ ਤੋਤੀ ਤੋਂ ਲੈ ਲਿਆ। ਬੁੱਧੇ ਨੇ ਇਹ ਸਾਰੀ ਗੱਲ ਬਿਸ਼ਨੇ ਨੂੰ ਦੱਸ ਦਿੱਤੀ ਸੀ। ਬਿਸ਼ਨੇ ਅਤੇ ਦਿਆਕੁਰ ਨੂੰ ਭਗਤੇ ਦੀ ਇਹ ਗੱਲ ਚੰਗੀਂ ਨਹੀਂ ਲੱਗੀ ਅਤੇ ਬਿਸ਼ਨਾ ਕੈਦ ਕੱਟਣ ਤੋਂ ਬਾਅਦ ਆਪਣੀ ਪਤਨੀ ਸਮੇਤ ਅਹਾਤਾ ਛੱਡ ਕੇ ਆਪਣੇ ਪਿੰਡ ਚਲੇ ਜਾਂਦੇ ਹਨ। ਇਸ ਤੋਂ ਬਾਅਦ ਉਹ ਦੋਵੇਂ ਪਿੰਡ ਜਾ ਵਸਦੇ ਹਨ। ਏਥੇ ਵੀ ਉਹ ਆਪਣਾ ਨਿਰਬਾਹ ਅਣਖ਼ ਨਾਲ ਕਰਦੇ ਹਨ। ਉਹਨਾਂ ਦੀ ਕੁੱਝ ਘਰਾਂ ਨਾਲ ਨਿਭਦੀ ਹੈ। ਇਸੇ ਥਾਂ ਸੰਤੂ ਅਤੇ ਉਸਦਾ ਪਰਿਵਾਰ ਉਹਨਾਂ ਦਾ ਸਹਾਰਾ ਬਣਦੇ ਹਨ ਪਰ ਫਿਰ ਵੀ ਉਹ ਖੁਦਦਾਰੀ ਭਰਿਆ ਜੀਵਨ ਜਿਉਂਦੇ ਹਨ। ਬਿਮਾਰੀ ਤੋਂ ਬਾਅਦ ਦਿਆਕੁਰ ਦੀ ਮੌਤ ਹੋ ਜਾਂਦੀ ਹੈ। ਬਿਸ਼ਨੇ ਨੂੰ ਭਗਤਾ ਮਿੰਨਤਾ ਕਰਕੇ ਮੰਡੀ ਲੈ ਆਉਂਦਾ ਹੈ। ਏਥੇ ਮਾਘੀ ਤੋਂ ਕਾਲੇ ਦੇ ਗਲਤ ਰਸਤੇ ਤੇ ਚੱਲਣ ਦੀਆਂ ਗੱਲਾਂ ਸੁਣ ਕੇ ਬਿਸ਼ਨੇ ਦੁਆਰਾ ਕਾਲੇ ਵਿੱਚ ਵੇਖੀ ਅਣਖ਼ ਤੇ ਨਵੀਂ ਸੋਚ ਬਿਸ਼ਨੇ ਨੂੰ ਫਿਰ ਤੋਂ ਹਲੂਣਦੀ ਹੈ। ਏਥੇ ਹੀ ਬਿਸ਼ਨੇ ਦੀ ਮੌਤ ਹੋ ਜਾਂਦੀ ਹੈ।

ਨਾਵਲਕਾਰ ਨੇ ਬਿਸ਼ਨੇ ਅਤੇ ਦਿਆਕੁਰ ਵਰਗੇ ਅਜਿਹੇ ਪਾਤਰਾਂ ਦਾ ਜਿਕਰ ਕੀਤਾ ਹੈ ਜੋ ਖ਼ਤਰਨਾਕ ਅਤੇ ਕਠੋਰ ਪ੍ਰਸਥਿਤੀਆਂ ਵਿੱਚ ਵੀ ਝੁਕਣਾ ਨਹੀਂ ਜਾਣਦੇ। ਇਹ ਪਾਤਰ ਜਿੱਥੇ ਅਣਖੀ ਸੁਭਾਅ ਰੱਖਦੇ ਹਨ ਉੱਥੇ ਕਾਨੀਏ, ਹੇਤੀਏ, ਬੂਟੇ ਵਰਗੇ ਪਾਤਰਾਂ ਨਾਲ ਦਿਆਲਤਾ ਦਿਖਾ ਕੇ ਮਾਨਵਤਾ ਦਾ ਸਬੂਤ ਦਿੰਦੇ ਹਨ। ਕਾਨੀਏ ਲਈ ਬਿਸ਼ਨਾ ਰੇੜੀਆਂ ਬਣਾ ਕੇ ਦਿੰਦਾ ਹੈ ਤਾਂ ਜੋ ਉਹ ਆਪਣਾ ਰੁਜਗਾਰ ਚਲਾ ਸਕੇ ਅਤੇ ਬੂਟੇ ਨੂੰ ਆਪਣੇ ਅਹਾਤੇ ਵਿੱਚ ਕੋਹਲੂ ਬਨਾਉਣ ਲਈ ਥਾਂ ਦਿੰਦਾ ਹੈ। ਹੇਤੀਏ ਨਾਲ ਉਹਨਾਂ ਦੀ ਹਮਦਰਦੀ ਅੰਤ ਤੱਕ ਬਣੀ ਰਹਿੰਦੀ ਹੈ। ਬੁੱਧੇ ਨੂੰ ਵੀ ਆਪਣਿਆਂ ਵਾਂਗ ਸਮਝਦੇ ਹੋਏ ਕਦੀ ਉਸ ਤੋਂ ਮੂੰਹ ਨਹੀਂ ਮੋੜਦੇ। ਨਾਵਲਕਾਰ ਦੇ ਆਪਣੇ ਸ਼ਬਦ ਇਸ ਗੱਲ ਦੀ ਗਵਾਹੀ ਭਰਦੇ ਹਨ:-

"ਬਿਸ਼ਨੇ ਨੇ ਅੱਜ ਤਾਈ ਬੁੱਧੇ ਨੂੰ ਭਗਤੇ ਨਾਲੋਂ ਵੱਧ ਰੱਖਿਆ ਸੀ। ਭਾਵੇਂ ਜਦੋਂ ਉਹ ਕੰਮ ਲੱਗਿਆ ਸੀ ਉਹਦੇ ਨਾਲ ਸੌ ਰੁਪਇਆ ਸਾਲ ਦਾ ਰੋਟੀ ਕੱਪੜਾ ਈ ਕਾਰਮਿਆ ਸੀ, ਪਰ ਇਸ ਪਿੱਛੋਂ ਕਈ ਵਾਰ ਇੱਕੜ ਦੁੱਕੜ ਕਰਕੇ ਬਿਸ਼ਨੇ ਨੇ ਦੋ – ਦੋ, ਤਿੰਨ ਤਿੰਨ ਸੌ ਵੀ ਸਾਲ ਦਾ ਉਹਨੂੰ ਦੇ ਛੱਡਿਆ ਸੀ । ਹੋਰ ਵੀ ਕਿਸੇ ਚੀਜ ਵੱਲੋਂ ਵਾਹ ਲਗਦੀ ਉਹਨੂੰ ਕਦੀ ਥੁੜਨ ਨਹੀਂ ਦਿੱਤਾ ਸੀ।" (ਅਣਹੋਏ, ਪੰਨਾ 50)

ਨਾਵਲ ਦਾ ਇੱਕ ਹੋਰ ਮਹੱਤਵਪੂਰਨ ਪੱਖ ਭਾਰਤੀ ਅਜਾਦੀ ਦੀ ਲਹਿਰ ਨਾਲ ਵੀ ਸੰਬੰਧਿਤ ਹੈ। ਇਹਨਾਂ ਵਿੱਚ ਇੱਕ ਲਹਿਰ ਪਰਜਾ ਮੰਡਲੀਆਂ ਦੀ ਲਹਿਰ ਵੀ ਸੀ। ਨਾਵਲ ਦਾ ਪਾਤਰ ਬੂਟਾ ਸਿੰਘ ਇਸੇ ਲਹਿਰ ਨਾਲ ਜੁੜਿਆ ਹੋਇਆ ਹੈ ਜਿਸ ਕਰਕੇ ਕਈ ਵਾਰ ਜੇਲ ਵੀ ਜਾਣਾ ਪੈਂਦਾ ਹੈ। ਇਹ ਸਿਰਫ ਸ਼ੰਕੇਤਮਈ ਰੂਪ ਵਿੱਚ ਹੈ।

ਗੁਰਦਿਆਲ ਸਿੰਘ ਇਸ ਨਾਵਲ ਰਾਹੀਂ ਪੇਂਡੂ ਪੰਜਾਬੀ ਸਮਾਜ ਵਿੱਚ ਪੁਰਾਣੇ ਰਵਾਦਾਰੀ ਵਾਲੇ ਰਿਸ਼ਤਿਆਂ ਅਤੇ ਅਧੁਨਿਕ ਪੂੰਜੀਵਾਦੀ ਰਿਸ਼ਤਿਆਂ ਦੇ ਤਣਾਉ ਅਤੇ ਸੰਕਟ ਨੂੰ ਪੇਸ਼ ਕਰਦਾ ਹੈ। ਇਕ ਦੌਰ ਵਿੱਚ ਪਿੰਡ ਇੱਕ ਸਵੈਨਿਰਭਰ ਆਰਥਿਕ ਇਕਾਈ ਸੀ। ਪਿੰਡ ਦੇ ਸਾਰੇ ਕਾਸ਼ਤਕਾਰ ਅਤੇ ਬਾਕੀ ਦੇ ਲੋਕ ਇਕ ਦੂਸਰੇ ਦੇ ਸਹਿਯੋਗੀ ਸਨ। ਪਿੰਡ ਦੀ ਉਪਜ ਨੂੰ ਕਿੱਤਿਆਂ ਦੀ ਨਿਰਭਰਤਾ ਕਰਕੇ ਪਿੰਡ ਵਿੱਚ ਹੀ ਵੰਡ ਕੇ ਛੱਕ ਲਿਆ ਜਾਂਦਾ ਸੀ। ਪੂੰਜੀਵਾਦੀ ਆਰਥਿਕ ਪ੍ਰਬੰਧ ਨੇ ਪਿੰਡ ਦੀ ਉਪਜ ਨੂੰ ਮੰਡੀ ਦੇ ਰਾਹ ਪਾ ਦਿੱਤਾ। ਪਿੰਡ ਦਾ ਮਜ਼ਦੂਰ ਅਤੇ ਦਸਤਕਾਰ ਵੀ ਮੰਡੀ ਨੂੰ ਹੋ ਤੁਰਿਆ। ਹੌਲੀ ਹੌਲੀ ਮੰਡੀ ਪਿੰਡ ਵਿੱਚ ਵੀ ਆ ਵੜੀ। ਪੂੰਜੀਵਾਦ ਨੇ ਪਿੰਡ ਦੀ ਸਵੈਨਿਰਭਰਤਾ ਨੂੰ ਖਤਮ ਕਰਕੇ ਮੰਡੀ ਉਪਰ ਨਿਰਭਰ ਕਰ ਦਿੱਤਾ। ਬਸ ਇਥੋਂ ਹੀ ਪੇਂਡੂ ਪੰਜਾਬੀ ਰਹਿਤਲ ਦਾ ਸੰਕਟ ਸ਼ੁਰੂ ਹੁੰਦਾ ਹੈ। 'ਅਣਹੋਏ' ਨਵਲ ਵਿੱਚ ਇਸੇ ਪ੍ਰਬੰਧਕਾਰੀ ਹੱਥੋਂ ਖੱਜਲ ਖੁਆਰ ਹੋ ਰਹੇ ਬੰਦੇ ਦੀ ਜ਼ਿੰਦਗੀ ਦੀਆਂ ਵਿਭਿੰਨ ਪਰਤਾਂ ਨੂੰ ਪ੍ਰਸਤੁਤ ਕੀਤਾ ਗਿਆ ਹੈ।

ਨਾਵਲਕਾਰ ਦੀ ਭਾਸ਼ਾ ਮਲਵਈ ਹੈ ਤੇ ਪਾਤਰਾਂ ਅਨੁਸਾਰ ਬਦਲਦੀ ਵੀ ਰਹਿੰਦੀ ਹੈ। ਇਸ ਵਿੱਚ ਮਲਵਈ ਆਂਚਲਿਕਤਾਂ ਨੂੰ ਸਪੱਸ਼ਟ ਕਰਦੇ ਭੁੱਲੇ ਵਿੱਸਰੇ ਸ਼ਬਦ ਵੇਖਣ ਨੂੰ ਮਿਲਦੇ ਹਨ। ਗੁਰਦਿਆਲ ਸਿੰਘ ਦੀ ਇਸ ਅਦੁੱਤੀ ਰਚਨਾ ਨੂੰ ਪੰਜਾਬੀ ਸਾਹਿਤ ਵਿੱਚ ਮਹੱਤਵਪੂਰਣ ਸਥਾਨ ਪ੍ਰਾਪਤ ਹੈ।

## ਗੁਰਦਿਆਲ ਸਿੰਘ ਦੇ ਪਾਤਰ

### ਬਿਸ਼ਨਾ

ਬਿਸ਼ਨਾ 'ਅਣਹੋਏ' ਨਾਵਲ ਦਾ ਮੁੱਖ ਪਾਤਰ ਹੈ। ਉਹ ਦਿਆਕੁਰ ਦਾ ਪਤੀ ਅਤੇ ਭਗਤੇ ਦਾ ਭਰਾ ਹੈ। ਨਾਵਲ ਦਾ ਸਮੁੱਚਾ ਬਿਰਤਾਂਤ ਉਸਦੇ ਇਰਦ – ਗਿਰਦ ਘੁੰਮਦਾ ਹੈ। ਵੱਖ–ਵੱਖ ਸਾਹਿਤਕਾਰਾਂ ਨੇ ਨਾਵਲ ਦੇ ਪਾਤਰ ਬਿਸ਼ਨੇ ਦੀ ਤੁਲਨਾ ਪੱਛਮੀ ਨਾਵਲਾਂ ਦੇ ਮਹਾਨ ਪਾਤਰਾਂ ਨਾਲ ਕੀਤੀ ਹੈ।

ਅਣਖੀ ਤੇ ਦਲੇਰ : ਬਿਸ਼ਨਾ ਨਾਵਲ ਵਿੱਚ ਅੰਤ ਤੱਕ ਆਪਣਾ ਅਣਖ਼ੀ ਸੁਭਾਅ ਰੱਖਦਾ ਹੈ। ਨਾਵਲ ਵਿੱਚ ਉਹ ਨਾ ਤਾਂ ਸਰਕਾਰ ਦੀ ਈਨ ਮੰਨਦਾ ਹੈ ਅਤੇ ਨਾ ਹੀ ਪਿੰਡ ਦੇ ਕਿਸੇ ਧਨਾਢ ਦੀ ਸੁਣਦਾ ਹੈ। ਉਸਦੇ ਅਣਖ਼ੀ ਸੁਭਾਅ ਕਰਕੇ ਹੀ ਉਸ ਦੀ ਕਿਸੇ ਨਾਲ ਦਾਲ ਨਹੀਂ ਗਲਦੀ। ਸਾਰੇ ਉਸ ਤੋਂ ਡਰਦੇ ਹਨ। ਉਹ ਸਿੱਧੀ ਅਤੇ ਸਪੱਸ਼ਟ ਗੱਲ ਕਰਨ ਵਾਲਾ ਪਾਤਰ ਹੈ। ਮੰਡੀ ਵਿੱਚ ਵੱਡੇ ਵਜ਼ੀਰ ਅਤੇ ਅਹਿਲਕਾਰਾਂ ਦੇ ਸਾਹਮਣੇ ਵੀ ਉਹ ਅਣਖ਼ ਅਤੇ ਦਲੇਰੀ ਨਾਲ ਗੱਲ ਕਰਦਾ ਹੈ। ਮੰਡੀ ਛੱਡਣ ਉਪਰੰਤ ਵੀ ਉਹ ਅਤੇ ਦਿਆਕੁਰ ਅਣਖ਼ ਨਾਲ ਰਹਿੰਦੇ ਹਨ। ਸੁਰਜਣ ਵਰਗੇ ਧਾਕੜ ਬੰਦੇ ਦੇ

ਬਿਸ਼ਨੇ ਨੂੰ 'ਕਾਰੀਗਰ' ਕਹਿਣ ਤੇ ਬਿਸ਼ਨਾ ਗੁੱਸੇ ਵਿੱਚ ਆ ਜਾਂਦਾ ਹੈ। ਉਹ ਕਰਤਾਰੀ ਦੇ ਬੋਲ, "ਮੈਥੋਂ ਨਹੀਂ ਸਰੀਕਾਂ ਦੀਆਂ ਰੋਟੀਆਂ ਪਕਦੀਆਂ " ਨੂੰ ਸਹਿਣ ਨਹੀਂ ਕਰਦਾ।

ਸਾਰਿਆਂ ਦੀ ਫਿਕਰ ਕਰਨ ਵਾਲਾ : ਭਾਵੇਂ ਨਾਵਲ ਵਿੱਚ ਬਿਸ਼ਨੇ ਦਾ ਅੜਬੀ ਚਰਿੱਤਰ ਉਘੜ ਕੇ ਸਾਹਮਣੇ ਆਉਂਦਾ ਹੈ ਪਰ ਉਹ ਦੂਸਰਿਆਂ ਦੀ ਫਿਕਰ ਕਰਨ ਵਾਲਾ ਇਨਸਾਨ ਹੈ। ਪੁੱਤਾਂ ਵਾਗੂੰ ਪਾਲਿਆ ਹੋਇਆ ਉਸਦਾ ਭਰਾ ਭਗਤਾ ਜਦੋਂ ਉਸ ਤੋਂ ਅੱਡ ਰਹਿਣ ਦੀ ਗੱਲ ਕਰਦਾ ਹੈ ਤਾਂ ਉਹ ਇੱਕ ਵਾਰ ਤਾਂ ਨਿਰਾਸ਼ ਹੋ ਜਾਂਦਾ ਹੈ ਪਰ ਬਾਅਦ ਵਿੱਚ ਉਸਦੀ ਸਹਾਇਤਾ ਕਰਦਾ ਹੈ। ਭਗਤੇ ਦੇ ਬਿਮਾਰ ਹੋਣ ਤੇ ਵੀ ਉਹ ਉਸਦੀ ਬਹੁਤ ਫਿਕਰ ਕਰਦਾ ਹੈ। ਹੇਤੀਏ ਵਰਗੇ ਪਾਤਰਾਂ ਨਾਲ ਉਸਦਾ ਮੋਹ ਵਿਖਾਇਆ ਗਿਆ ਹੈ। ਕਾਨੀਏ ਦੀ ਗਰੀਬੀ ਵੇਖ ਕੇ ਉਸਨੂੰ ਰੇੜ੍ਹੀ ਬਣਾ ਕੇ ਦਿੰਦਾ ਹੈ ਅਤੇ ਘੱਟ ਕਿਰਾਇਆ ਲੈਂਦਾ ਹੈ। ਜਿਸ ਨਾਲ ਕਾਨੀਏ ਦਾ ਗੁਜ਼ਾਰਾ ਚੰਗਾ ਹੋਣ ਲੱਗਦਾ ਹੈ। ਦਿਆਕੁਰ ਨਾਲ ਵੀ ਆਪਣੀ ਸਾਂਝ ਅੰਤ ਤੱਕ ਨਿਭਾਉਂਦਾ ਹੈ। ਜੇਲ੍ਹ ਜਾਣ ਵੇਲੇ ਉਸਦੀ ਫਿਕਰ ਕਰਦਾ ਹੈ। ਬੂਟੇ ਤੇਲੀ ਨੂੰ ਹਾਤੇ ਵਿੱਚ ਕੋਹਲੂ ਲਗਾਉਣ ਲਈ ਕਹਿੰਦਾ ਹੈ। ਬੁੱਧੇ ਦਾ ਸਹਾਰਾ ਬਣਦਾ ਹੈ।

ਕਿਰਤ ਕਰਨ ਵਾਲਾ : ਉਹ ਕਿਰਤ ਵਿੱਚ ਵਿਸ਼ਵਾਸ ਕਰਨ ਵਾਲਾ ਹੈ। ਉਹ ਪੱਕਾ ਮਿਸਤਰੀ ਹੈ। ਖੇਤੀ ਦੇ ਸੰਦਾਂ ਤੋਂ ਬਿਨਾਂ ਘਰੇਲੂ ਵਸਤੂਆਂ ਵੀ ਬਣਾਉਂਦਾ ਹੈ। ਬੁੱਧੇ ਦੇ ਭਗਤੇ ਨਾਲ ਜਾ ਰਲਣ ਤੇ ਉਹ ਇਕੱਲਾ ਹੀ ਹਾਤੇ ਵਿੱਚ ਕੰਮ ਕਰਦਾ ਰਹਿੰਦਾ ਹੈ। ਸਾਰਾ ਦਿਨ ਕੋਈ ਨਾ ਕੋਈ ਵਿਉਂਤਬੰਦੀ ਕਰਦਾ ਰਹਿੰਦਾ ਹੈ। ਕਿਰਤੀ ਹੋਣ ਕਰਕੇ ਹੀ ਉਹਨਾਂ ਦਾ ਨਾਂ ਸਾਰੇ ਪਿੰਡ ਵਿੱਚ ਮਸ਼ਹੂਰ ਸੀ।

ਗਾਉਣ ਵਾਲਾ : ਕੰਮ ਦੇ ਨਾਲ – ਨਾਲ ਉਹ ਗਾਉਂਦਾ ਵੀ ਰਹਿੰਦਾ ਹੈ। ਨਾਵਲ ਵਿੱਚ ਕਈ ਥਾਵਾਂ ਤੇ ਉਸਦੇ ਗਾਉਂਦੇ ਹੋਏ ਦੀ ਤਸ਼ਵੀਰਕਸ਼ੀ ਕੀਤੀ ਗਈ ਹੈ। ਰੋਟੀ ਖਾਣ ਤੋਂ ਬਾਅਦ ਮੰਜੇ ਤੇ ਪੈਂਦਾ ਹੈ ਤੇ ਮੂੰਹ ਵਿੱਚੋਂ ਸ਼ਬਦ ਗਾਉਂਦਾ ਹੈ :

ਦਿਲ ਰੱਖੀਏ ਪਹਾੜਾਂ ਵਰਗੇ

ਬਈ, ਪਹਾੜਾਂ ਵਰਗੇ

ਮਸ਼ਤੀ ਸ਼ੇਰਾਂ ਦੀ।

ਹਾਸ-ਰਾਸ ਪੈਦਾ ਕਰਨ ਵਾਲਾ : ਬਿਸ਼ਨਾ ਕਈ ਥਾਵਾਂ ਤੇ ਨਾਵਲ ਵਿੱਚ ਹਾਸ – ਰਾਸ ਪੈਦਾ ਕਰਦਾ ਹੈ। ਬੱਚਿਆਂ ਨਾਲ ਅਤੇ ਬੂਟੇ, ਕਾਨੀਏ ਵਰਗੇ ਕਈ ਪਾਤਰਾਂ ਨਾਲ ਗੱਲਾਂ ਗੱਲਾਂ ਵਿੱਚ ਮਖੌਲ ਕਰਦਾ ਰਹਿੰਦਾ ਹੈ। ਗੋਕਲ ਦੇ ਮੁੰਡੇ ਨਾਲ ਗੱਲਾਂ ਕਰਦਾ ਉਹ ਉਸਦੀ ਮਾਂ ਨੂੰ ਮਖੌਲ ਕਰਦਾ ਹੈ।

ਅਨਪੜ੍ਹ : ਬਿਸ਼ਨਾ ਅਨਪੜ੍ਹ ਹੈ। ਉਹ ਸਿਰਫ਼ ਕੰਮਕਾਰ ਤੇ ਅਣਖ਼ ਨਾਲ ਜਿਉਣ ਵਾਲਾ ਵਿਅਕਤੀ ਹੈ। ਉਸ ਨੂੰ ਕਾਗਜ਼ੀ ਕਾਰਵਾਈ ਦੀ ਘੱਟ ਜਾਣਕਾਰੀ। ਉਹ ਸੰਮਨਾਂ ਉੱਤੇ ਅੰਗੂਠਾ ਲਗਾਉਂਦਾ ਹੈ। ਬੂਟਾ ਜੋ ਕਿ ਪਰਜਾ ਮੰਡਲੀ ਹੈ ਬਿਸ਼ਨੇ ਨੂੰ ਅੰਗਰੇਜ ਸਰਕਾਰ ਦੁਆਰਾ ਪੰਜਾਬੀਆਂ ਨੂੰ ਗੁਲਾਮ ਬਨਾਉਣ ਦੀ ਵਾਰ –ਵਾਰ ਜਾਣਕਾਰੀ ਦਿੰਦਾ ਹੈ।

**ਦਿਆਕੁਰ**

ਦਿਆਕੁਰ 'ਅਣਹੋਏ' ਨਾਵਲ ਦੀ ਮਹੱਤਵਪੂਰਣ ਪਾਤਰ ਹੈ। ਉਹ ਬਿਸ਼ਨੇ ਦੀ ਘਰ ਵਾਲੀ, ਭਗਤੇ ਦੀ ਭਾਬੀ ਹੈ। ਨਾਵਲ ਵਿੱਚ ਬਿਸ਼ਨੇ ਵਾਂਗ ਉਸਦਾ ਅਣਖ਼ੀ ਚਿੱਤਰ ਉੱਘੜ ਕੇ ਸਾਹਮਣੇ ਆਉਂਦਾ ਹੈ। ਦਿਆਕੁਰ ਦੇ ਪੰਜ ਮੁੰਡੇ ਤੇ ਇੱਕ ਕੁੜੀ, ਹੋਈ ਸੀ ਪਰ ਸਾਰਿਆਂ ਦੀ ਮੌਤ ਹੋ ਗਈ ਸੀ। ਬਿਸ਼ਨੇ ਦਾ ਸਾਥ ਦਿੰਦੀ ਹੋਈ ਉਹ ਅੰਤ ਵਿੱਚ ਰੱਬ ਨੂੰ ਪਿਆਰੀ ਹੋ ਜਾਂਦੀ ਹੈ। ਉਸਦੇ ਚਰਿੱਤਰ ਵਿੱਚ ਅੱਗੇ ਲਿਖੇ ਪੱਖ ਸਾਹਮਣੇ ਆਉਂਦੇ ਹਨ।

ਅਣਖੀ : ਬਿਸ਼ਨੇ ਵਾਂਗ ਦਿਆਕੁਰ ਵੀ ਅਣਖ਼ੀ ਸੁਭਾਅ ਦੀ ਮਾਲਿਕ ਹੈ। ਉਹ ਕਿਸੇ ਦੀ ਹੇਠੀ ਨਹੀਂ ਮੰਨਦੀ। ਪਿੰਡ ਵਾਲੇ ਬਿਸ਼ਨੇ ਦੇ ਨਾਲ – ਨਾਲ ਦਿਆਕੁਰ ਬਾਰੇ ਵੀ ਨੁਕਤਾਚੀਨੀ ਕਰਦੇ ਹਨ ਪਰ ਉਹ ਕਿਸੇ ਦੀ ਨਹੀਂ ਸੁਣਦੀਂ। ਜਦ ਬਿਸ਼ਨੇ ਨੂੰ ਪੁਲਿਸ ਫੜ੍ਹਦੀ ਹੈ ਤਾਂ ਉਹ ਸਮੇਂ ਡਰਦੀ ਨਹੀਂ ਸਗੋਂ ਬਿਸ਼ਨੇ ਦਾ ਸਾਥ ਦਿੰਦੀ ਹੈ। ਬਿਸ਼ਨੇ ਦੇ ਜੇਲ ਦੌਰਾਨ ਵੀ ਉਹ ਕਿਸੇ ਤੋਂ ਪੈਸਾ ਨਹੀਂ ਫੜ੍ਹਦੀ ਸਗੋਂ ਆਪਣਾ ਗੁਜ਼ਾਰਾ ਆਪ ਕਰਦੀ ਹੈ। ਝੂਠੀ ਗਵਾਹੀ ਦੇਣ ਵਾਲੇ ਠੋਲੇ ਨਾਂ ਦੇ ਪਾਤਰ ਦਾ ਵੀ ਡਟ ਕੇ ਮੁਕਾਬਲਾ ਕਰਦੀ ਹੈ।

ਮਮਤਾ ਭਰੀ : ਦਿਆਕੁਰ ਦੇ ਛੇ ਬੱਚੇ ਹੋਏ ਸਨ ਪਰ ਕੋਈ ਵੀ ਬੱਚਾ ਬਚਿਆਂ ਨਹੀਂ ਸੀ। ਸਾਰਿਆਂ ਦੀ ਮੌਤ ਹੋ ਗਈ ਸੀ। ਬੇਔਲਾਦ ਹੋਣ ਕਰਕੇ ਇਹ ਮਮਤਾ ਦਾ ਵਿਜੋਗ ਸਾਰੀ ਉਮਰ ਹੀ ਉਸਦੇ ਨਾਲ ਬੱਝਿਆ ਰਿਹਾ ਸੀ।

ਉਹ ਭਗਤੇ ਦੇ ਬੱਚਿਆਂ ਨੂੰ ਵੀ ਆਪਣੇ ਬੱਚੇ ਸਮਝਦੀ ਸੀ। ਉਹ ਚੋਰੀ ਛਿਪੇ ਭਗਤੇ ਦੇ ਬੱਚਿਆਂ ਨੂੰ ਕੁੱਝ ਨਾ ਕੁੱਝ ਖਾਣ ਲਈ ਦਿੰਦੀ ਰਹਿੰਦੀ ਸੀ। ਉਹ ਬੂਟੇ ਦੇ ਜਵਾਕਾਂ ਨੂੰ ਵੀ ਬਹੁਤ ਪਿਆਰ ਕਰਦੀ ਹੈ, ਉਹਨਾਂ ਦਾ ਧਿਆਨ ਰੱਖਦੀ ਹੈ।

ਹਿੰਮਤੀ ਤੇ ਹੌਂਸਲੇ ਵਾਲੀ : ਉਹ ਹਿੰਮਤੀ ਅਤੇ ਹੌਂਸਲੇ ਵਾਲੀ ਤੀਂਵੀ ਹੈ। ਆਪਣੇ ਪਹਿਲਾਂ ਵਾਲੇ ਘਰ ਖੁੱਸ਼ਣ ਦੇ ਬਾਵਜੂਦ ਵੀ ਉਹ ਹਿੰਮਤ ਨਹੀਂ ਹਾਰਦੀ ਤੇ ਬਿਸ਼ਨੇ ਨਾਲ ਰਲ ਕੇ ਦੁਬਾਰਾ ਫਿਰ ਹਾਤਾ ਸੁਆਰ ਲੈਂਦੀ ਹੈ। ਉਹ ਬਿਸ਼ਨੇ ਨਾਲ ਕੰਮ ਵਿੱਚ ਹੱਥ ਵਟਾਉਂਦੀ ਹੈ। ਉਹ ਹੌਂਸਲੇ ਵਾਲੀ ਹੈ ਅਤੇ ਬਿਸ਼ਨੇ ਅਤੇ ਬੁੱਧੇ ਨੂੰ ਹਮੇਸ਼ਾ ਹੌਂਸਲਾ ਦਿੰਦੀ ਰਹਿੰਦੀ ਹੈ।

ਦਿਆਲੂ : ਬੇਸ਼ੱਕ ਬਿਨਾ ਸਮਝੇ ਲੋਕ ਉਸਦੀ ਨੁਕਤਾਚੀਨੀ ਕਰਦੇ ਰਹਿੰਦੇ ਹਨ ਪਰ ਦਿਆਕੁਰ ਇੱਕ ਦਿਆਲੂ ਔਰਤ ਹੈ। ਭਗਤੇ ਅਤੇ ਕਰਤਾਰੀ ਦੇ ਵੱਖ ਹੋਣ ਤੇ ਵੀ ਉਹ ਉਹਨਾਂ ਨਾਲ ਹਮੇਸ਼ਾ ਦਿਆਲਤਾ ਨਾਲ ਪੇਸ਼ ਆਉਂਦੀ ਹੈ। ਉਹ ਕਰਤਾਰੀ ਦੀਆਂ ਉੱਚੀਆਂ ਨੀਵੀਆਂ ਸੁਣਦੀ ਹੈ ਪਰ ਉਹਨਾਂ ਦੀ ਮਾੜੀ ਹਾਲਤ ਵੇਖ ਕੇ ਉਹਨਾਂ ਦੇ ਘਰ ਕਣਕ ਭੇਜਦੀ

ਹੈ। ਬੁੱਧੇ ਅਤੇ ਬੂਟੇ ਨੂੰ ਆਪਣੇ ਘਰੋਂ ਚਾਹ ਪੀਤੇ ਬਿਨਾਂ ਅਤੇ ਰੋਟੀ ਖਾਧੇ ਬਿਨਾਂ ਜਾਣ ਨਹੀਂ ਦਿੰਦੀ। ਚਾਹੇ ਕਰਤਾਰੀ ਹਰ ਵੇਲੇ ਗਾਲਾਂ ਕੱਢਦੀ ਰਹਿੰਦੀ ਹੈ ਪਰ ਦਿਆਕੁਰ ਉਸ ਨਾਲ ਸ਼ਰੀਕਾ ਨਹੀਂ ਕਰਦੀ।

ਖੇਡਣ ਵਾਲੀ : ਮਾਨਸਿਕ ਹਾਲਤ ਵਿਗੜਨ ਤੇ ਉਹ ਦੀਵੇ ਬਾਲਦੀ ਹੈ ਅਤੇ ਵਾਲ ਖੋਲ੍ਹ ਕੇ ਵਿਹੜੇ ਵਿੱਚ ਮੰਜੀ ਉੱਤੇ ਬਹਿ ਕੇ ਸਿਰ ਮਾਰਨ ਲੱਗ ਜਾਂਦੀ ਹੈ। ਉਹ ਆਪਣੇ ਪਰਿਵਾਰ ਤੇ ਮਾੜੀ ਕਰਨ ਵਾਲਿਆਂ ਦੇ ਅਗਲੇ ਪਿਛਲੇ ਪੁਣਨ ਲੱਗ ਜਾਂਦੀ ਹੈ।

ਜਾਤ – ਪਾਤ ਵਿੱਚ ਵਿਸ਼ਵਾਸ ਨਾ ਰੱਖਣ ਵਾਲੀ : ਦਿਆਕੁਰ ਜਾਤ – ਪਾਤ ਵਿੱਚ ਵਿਸ਼ਵਾਸ ਨਹੀਂ ਰੱਖਦੀ। ਆਪ ਉਹਨਾਂ ਦੀ ਜਾਤ ਬਿਰਾਦਰੀ ਭਾਵੇਂ ਮਿਸਤਰੀ ਹੈ ਪਰ ਉਹ ਦੂਸਰਿਆਂ ਜਾਤਾਂ ਨਾਲ ਕਦੇ ਨਫਰਤ ਨਹੀਂ ਕਰਦੀ। ਉਸਨੇ ਕਦੇ ਵੀ ਬੁੱਧੇ ਅਤੇ ਬੂਟੇ ਨਾਲ ਨਫ਼ਰਤ ਨਹੀਂ ਕੀਤੀ ਸਗੋਂ ਬੂਟੇ ਅਤੇ ਬੁੱਧੇ ਦਾ ਫਿਕਰ ਕਰਦੀ ਹੈ। ਬੂਟੇ ਦੇ ਬੱਚਿਆਂ ਦਾ ਵੀ ਧਿਆਨ ਰੱਖਦੀ ਹੈ।

ਦੁਖੀ : ਉਹ ਸਮਾਜ ਦੇ ਤਾਹਨਿਆਂ ਮੇਹਣਿਆਂ ਤੋਂ ਦੁਖੀ ਹੈ। ਉਹ ਆਪਣੇ ਪਰਿਵਾਰ ਤੇ ਦੁੱਖ ਦੇ ਸਮੇਂ ਝੂਠੀਆਂ ਗਵਾਹੀਆਂ ਦੇਣ ਵਾਲਿਆਂ ਤੋਂ ਬਹੁਤ ਦੁਖੀ ਹੋ ਜਾਂਦੀ ਹੈ।

ਇੱਜਤ ਵਾਲੀ : ਉਹ ਇੱਕ ਇੱਜਤ ਵਾਲੀ ਔਰਤ ਹੈ। ਉਹ ਕਿਸੇ ਦਾ ਅਹਿਸਾਨ ਨਹੀਂ ਮੰਨਦੀ ਅਤੇ ਬਿਸ਼ਨੇ ਦੇ ਜੇਲ ਜਾਣ ਵੇਲੇ ਵੀ ਸਬਰ ਸੰਤੋਖ ਵਿੱਚ ਰਹਿੰਦੀ ਹੈ। ਉਸਦੇ ਬਾਰੇ ਗਲਤ ਬੋਲਣ ਵਾਲੀਆਂ ਔਰਤਾਂ ਨੂੰ ਉਹ ਵੇਖ ਨਹੀਂ ਜਰਦੀ।

**ਭਗਤਾ**

ਭਗਤਾ 'ਅਣਹੋਏ' ਨਾਵਲ ਦਾ ਮਹੱਤਵਪੂਰਣ ਪਾਤਰ ਹੈ। ਉਹ ਨਾਵਲ ਦੇ ਮੁੱਖ ਪਾਤਰ ਬਿਸ਼ਨੇ ਦਾ ਭਰਾ ਅਤੇ ਦਿਆਕੁਰ ਦਾ ਦਿਉਰ ਹੈ। ਉਹ ਕਰਤਾਰੀ ਦਾ ਪਤੀ ਹੈ ਅਤੇ ਉਸਦੇ ਦੋ ਸਪੁੱਤਰ ਕਾਲਾ ਅਤੇ ਮਾਘੀ ਹਨ। ਬਿਸ਼ਨੇ ਅਤੇ ਭਗਤੇ ਦਾ ਸਾਝਾਂ ਘਰ ਸਰਕਾਰੀ ਸਕੀਮ ਅਧੀਨ ਆਉਣ ਕਰਕੇ ਉਹਨਾਂ ਦੁਆਰਾ ਵਿਰੋਧ ਕਰਨ ਕਰਕੇ ਦੋਵਾਂ ਭਰਾਵਾਂ ਨੂੰ ਸ਼ਜਾ ਹੋ ਜਾਂਦੀ ਹੈ। ਭਾਵੇਂ ਨਾਵਲ ਵਿੱਚ ਅਸੀਂ ਵੇਖਦੇ ਹਾਂ ਕਿ ਭਗਤੇ ਨੂੰ ਵੀ ਬਰਾਬਰ ਦੀ ਸ਼ਜਾ ਕੱਟਣੀ ਪੈਂਦੀ ਹੈ ਪਰ ਉਸਦਾ ਸੁਭਅ ਆਪਣੇ ਭਰਾ ਬਿਸ਼ਨੇ ਨਾਲੋਂ ਅਨਿੱਖੜਵਾਂ ਹੈ। ਅੱਗੇ ਅਸੀਂ ਉਸਦੇ ਚਰਿੱਤਰ ਵਿੱਚ ਆਏ ਲੱਛਣਾਂ ਦੀ ਗੱਲ ਕਰਾਂਗੇ।

ਨਰਮ ਦਿਲ : ਭਗਤਾ ਨਰਮ ਦਿਲ ਵਿਅਕਤੀ ਹੈ। ਉਹ ਭਾਵੇਂ ਪਹਿਲਾਂ ਆਪਣੇ ਘਰ ਲਈ ਕੈਦ ਕੱਟ ਕੇ ਆਉਂਦਾ ਹੈ ਪਰ ਵਾਰ – ਵਾਰ ਸਮੱਸਿਆਵਾਂ ਆਉਣ ਕਰਕੇ ਉਹ ਦੁਖੀ ਹੋ ਜਾਂਦਾ ਹੈ। ਉਹ ਬਿਸ਼ਨੇ ਵਾਂਗ ਹਰ ਸਮੇਂ ਸਰਕਾਰ ਅਤੇ

ਵਿਰੋਧੀਆਂ ਨਾਲ ਟੱਕਰ ਲੈਣ ਤੋਂ ਇਨਕਾਰੀ ਹੋ ਜਾਂਦਾ ਹੈ। ਉਹ ਆਪਣੇ ਭਰਾ ਤੋਂ ਆਪਣਾ ਕੰਮ ਅਲੱਗ ਕਰ ਲੈਂਦਾ ਹੈ। ਇਸਦੇ ਨਾਲ ਹੀ ਅਸੀਂ ਵੇਖਦੇ ਹਾਂ ਕਿ ਦਿਆਕੁਰ ਦੇ ਮਰਨ ਉਪਰੰਤ ਉਹ ਇਕੱਲੇ ਰਹਿ ਗਏ ਬਿਸ਼ਨੇ ਨੂੰ ਆਪਣੇ ਕੋਲ ਬੁਲਾ ਲੈਂਦਾ ਹੈ। ਉਸਨੂੰ ਆਪਣੇ ਘਰ ਰੋਟੀ ਖਾਣ ਲਈ ਕਹਿੰਦਾ ਹੈ।

ਦੁਖੀ ਤੇ ਬੇਵੱਸ : ਭਗਤਾ ਸਹਿਜ ਅਵਸਥਾ ਵਿੱਚ ਆਪਣੇ ਘਰ ਦਾ ਗੁਜ਼ਾਰਾ ਕਰਨਾ ਚਾਹੁੰਦਾ ਹੈ ਤੇ ਸ਼ਾਂਤੀ ਵਾਲਾ ਜੀਵਨ ਜਿਊਣਾ ਚਾਹੁੰਦਾ ਹੈ ਪਰ ਘਰ ਵਿੱਚ ਹਰ ਵਖ਼ਤ ਕਲੇਸ਼ ਰਹਿਣ ਕਰਕੇ ਉਹ ਦੁਖੀ ਹੈ। ਕਰਤਾਰੀ ਹਰ ਸਮੇਂ ਉਸਨੂੰ ਤਾਹਨੇ ਮਾਰਦੀ ਰਹਿੰਦੀ ਹੈ। ਉਹ ਦੋਵੇਂ ਘਰਾਂ ਵਿੱਚ ਫਰਕ ਪੈਣ ਤੋਂ ਵੀ ਡਰਦਾ ਹੈ। ਅਜਿਹੇ ਹਾਲਾਤਾਂ ਵਿੱਚ ਉਹ ਬੇਵੱਸ ਹੋ ਜਾਂਦਾ ਹੈ।

ਮਿਹਨਤੀ : ਉਹ ਮਿਹਨਤੀ ਤੇ ਕੰਮ ਦੀ ਫਿਕਰ ਕਰਨ ਵਾਲਾ ਹੈ। ਬਿਸ਼ਨੇ ਤੋਂ ਕੰਮ ਅਲੱਗ ਕਰਨ ਕਰਕੇ ਉਹ ਦੁਬਾਰਾ ਆਪਣੀ ਮਿਹਨਤ ਨਾਲ ਰੁਜ਼ਗਾਰ ਵਿੱਚ ਵਾਧਾ ਕਰਦਾ ਹੈ। ਕੰਮ ਚੱਲਣ ਦੀ ਆਸ ਵਿੱਚ ਉਹ ਬਿਮਾਰੀ ਵਿੱਚੋਂ ਵੀ ਉੱਠ ਖੜ੍ਹਦਾ ਹੈ।

ਗੁੱਸੇ ਵਿੱਚ ਆ ਜਾਣ ਵਾਲਾ : ਬੇਸ਼ੱਕ ਭਗਤਾ ਨਰਮ ਦਿਲ ਇਨਸਾਨ ਹੈ ਪਰ ਘਰ ਵਾਲੀ ਤੋਂ ਤੰਗ ਹੋ ਕੇ , ਗੱਸੇ ਵਿੱਚ ਆ ਕੇ ਉਸਨੂੰ ਕੁੱਟ ਸੁੱਟਦਾ ਹੈ।

ਦੂਸਰਿਆਂ ਦੀਆਂ ਗੱਲਾਂ ਵਿੱਚ ਆ ਜਾਣ ਵਾਲਾ : ਉਹ ਦੂਸਰਿਆਂ ਦੀਆਂ ਗੱਲਾਂ ਵਿੱਚ ਬਹੁਤ ਜਲਦੀ ਆ ਜਾਂਦਾ ਹੈ। ਉਹ ਤੋਤੀ ਦੀਆਂ ਗੱਲਾਂ ਵਿੱਚ ਆ ਕੇ ਆਪਣੇ ਭਰਾ ਬਿਸ਼ਨੇ ਨੂੰ ਨਾਰਾਜ਼ ਕਰ ਬੈਠਦਾ ਹੈ।

**ਕਰਤਾਰੀ**

ਕਰਤਾਰੀ 'ਅਣਹੋਏ' ਨਾਵਲ ਦੀ ਮਹੱਤਵਪੂਰਨ ਪਾਤਰ ਹੈ। ਕਰਤਾਰੀ ਭਗਤੇ ਦੀ ਘਰ ਵਾਲੀ ਹੈ। ਨਾਵਲ ਦਾ ਮੁੱਖ ਪਾਤਰ ਬਿਸ਼ਨਾ ਉਸਦਾ ਜੇਠ ਹੈ। ਕਰਤਾਰੀ ਦੇ ਦੋ ਬੱਚੇ ਮਾਘੀ ਅਤੇ ਕਾਲਾ ਹਨ।

**ਝਗੜਾਲੂ** : ਉਹ ਇੱਕ ਝਗੜਾਲੂ ਔਰਤ ਹੈ। ਉਹ ਆਪਣੇ ਪਤੀ ਭਗਤੇ ਨਾਲ ਹਮੇਸਾ ਝਗੜਾ ਕਰਦੀ ਰਹਿੰਦੀ ਹੈ। ਉਸਦੇ ਹਰ ਵਖ਼ਤ ਕਲੇਸ਼ ਕਰਕੇ ਭਗਤਾ ਵੀ ਉਸ ਤੋਂ ਦੁਖੀ ਹੈ। ਉਹ ਭਗਤੇ ਨੂੰ ਹਰ ਵਖ਼ਤ ਕੋਸਦੀ ਰਹਿੰਦੀ ਹੈ। ਆਪਣੇ ਇਸੇ ਸੁਭਾਅ ਕਰਕੇ ਉਹ ਬਿਸ਼ਨੇ ਅਤੇ ਦਿਆਕੁਰ ਨਾਲ ਝਗੜਾ ਕਰਦੀ ਹੈ ਤੇ ਇਹਨਾਂ ਕਾਰਨਾਂ ਕਰਕੇ ਭਗਤਾ ਇੱਕ ਦਿਨ ਉਸ ਨੂੰ ਕੁੱਟ ਸੁੱਟਦਾ ਹੈ।

**ਈਰਖਾਲੂ** : ਉਹ ਇੱਕ ਈਰਖਾਲੂ ਔਰਤ ਹੈ। ਉਹ ਬਿਸ਼ਨੇ ਦਿਆਕੁਰ ਤੇ ਹੋਰ ਸ਼ਰੀਕੇ ਵਾਲਿਆਂ ਨਾਲ ਈਰਖਾ ਕਰਦੀ ਰਹਿੰਦੀ ਹੈ। ਈਰਖਾ ਕਰਕੇ ਉਹ ਆਪਣੇ ਦੋਵੇ ਬੱਚਿਆਂ ਨੂੰ ਬਿਸ਼ਨੇ ਦੇ ਘਰ ਜਾਣੋਂ ਵਰਜਦੀ ਹੈ।

**ਪਰਿਵਾਰ ਵਿੱਚ ਫ਼ਰਕ ਪਵਾਉਣ ਵਾਲੀ** : ਉਹ ਪਰਿਵਾਰ ਵਿੱਚ ਫ਼ਰਕ ਪਵਾਉਣ ਵਾਲੀ ਹੈ। ਧਰਮੇ ਦੇ ਵਿਆਹ ਤੋਂ ਪਹਿਲਾਂ ਸਾਰਾ ਪਰਿਵਾਰ ਇਕੱਠਾ ਰਹਿੰਦਾ ਸੀ ਪਰ ਧਰਮੇ ਦੇ ਵਿਆਹ ਤੋਂ ਬਾਅਦ ਸਾਰਾ ਪਰਿਵਾਰ ਅਲੱਗ ਅਲੱਗ ਰਹਿਣ ਲੱਗ ਜਾਂਦਾ ਹੈ। ਦੋਵਾਂ ਭਰਾਵਾਂ ਨੂੰ ਕੈਦ ਹੋਣ ਵੇਲੇ ਉਹ ਧਰਮੇ ਨੂੰ ਕਹਿੰਦੀ ਹੈ ਕਿ ਬਿਸ਼ਨੇ ਕਰਕੇ ਉਹ ਆਪਣੀ ਜ਼ਿੰਦਗੀ ਕਿਉਂ ਖਰਾਬ ਕਰ ਰਿਹਾ ਹੈ ਹੋਲੀ ਹੋਲੀ ਸਾਰੀਆਂ ਗੱਲਾਂ ਦਾ ਅਸਰ ਧਰਮੇ ਤੇ ਪੈਣ ਲਗਦਾ ਤੇ ਉਹ ਦੁਖੀ ਰਹਿਣ ਲੱਗ ਜਾਂਦਾ ਹੈ। ਉਸ ਤੋਂ ਬਾਅਦ ਦੋਵੇਂ ਪਰਿਵਾਰਾਂ ਵਿੱਚ ਫਰਕ ਪੈ ਜਾਂਦਾ ਹੈ।

**ਭਲਾ ਕਰਨ ਤੇ ਖੁਸ਼ ਨਾ ਹੋਣ ਵਾਲੀ** : ਜਦੋਂ ਦਿਆਕੁਰ ਕਰਤਾਰੀ ਦੇ ਦੁਖ ਦੇ ਦਿਨਾਂ ਵਿੱਚ ਸਹਾਇਤਾ ਕਰਦੀ ਹੈ ਤਾਂ ਕਰਤਾਰੀ ਫੇਰ ਵੀ ਖੁਸ਼ ਨਹੀਂ ਹੁੰਦੀ ਸਗੋਂ ਸਰੀਕਾ ਕਰਦੀ ਹੈ।

—--------------

**ਇਸ ਭਾਗ ਨਾਲ ਸਬੰਧਿਤ ਸਵਾਲ**

1. ਗੁਰਦਿਆਲ ਸਿੰਘ ਦੇ ਨਾਵਲ 'ਅਣਹੋਏ' ਵਿਸ਼ਾ ਵਸਤੂ ਉਲੀਕੋ

2. 'ਅਣਹੋਏ' ਨਾਵਲ ਦਾ ਸੰਖੇਪ ਸਾਰ ਲਿਖੋ

3.ਗੁਰਦਿਆਲ ਸਿੰਘ ਇਕ ਯਥਾਰਥਵਾਦੀ ਲੇਖਕ ਹੈ ਸਪੱਸ਼ਟ ਕਰੋ

4. ਗੁਰਦਿਆਲ ਸਿੰਘ ਅਣਹੋਏ ਨਾਵਲ ਵਿੱਚ ਪੂੰਜੀਵਾਦ ਅਤੇ ਜਗੀਰਦਾਰ ਵਿਵਸਥਾ ਦੇ ਸੰਕਟ ਨੂੰ ਪੇਸ਼ ਕਰਦਾ ਹੈ ਸਪੱਸ਼ਟ ਕਰੋ।

5. ਗੁਰਦਿਆਲ ਸਿੰਘ ਦੀ ਪ੍ਰਗਤੀਵਾਦੀ ਯਥਾਰਥਵਾਦੀ ਵਿਚਾਰਧਾਰਾ ਦਾ ਨਾਵਲਕਾਰ ਹੈ ਸਪੱਸ਼ਟ ਕਰੋ।

6. ਗੁਰਦਿਆਲ ਸਿੰਘ ਅਣਹੋਇਆਂ ਦਾ ਨਾਵਲਕਾਰ ਹੈ ਉਦਾਹਰਣਾਂ ਸਹਿਤ ਉਤਰ ਦਿਓ

7. ਗੁਰਦਿਆਲ ਸਿੰਘ ਆਪਣੇ ਨਾਵਲ ਵਿਚ ਨਾਇਕ ਖਲਨਾਇਕ ਦੀ ਰੂੜ੍ਹੀ ਨੂੰ ਖੰਡਿਤ ਕਰਦਾ ਹੈ ਸਪੱਸ਼ਟ ਕਰੋ।

# ਭਾਗ - ਅ. 2

# ਮਿੱਤਰ ਸੈਨ ਮੀਤ : ਕੌਰਵ ਸਭਾ

**ਮਿੱਤਰ ਸੈਨ ਮੀਤ ਰਚਿਤ : 'ਕੌਰਵ ਸਭਾ ਦੀ ਅਧਿਐਨ ਦ੍ਰਿਸ਼ਟੀ ਅਤੇ ਵਿਚਾਰਧਾਰਕ ਸਰੋਕਾਰ**

ਕੌਰਵ ਸਭਾ (2003) ਮਿੱਤਰ ਸੈਨ ਮੀਤ ਦਾ ਪੰਜਵਾਂ ਨਾਵਲ ਹੈ। ਇਸ ਤੋਂ ਪਹਿਲਾਂ ਗਲਪ ਖੇਤਰ ਵਿਚ ਮਿੱਤਰ ਸੈਨ ਮੀਤ ਦੇ ਚਾਰ ਨਾਵਲ 'ਅੱਗ ਦੇ ਬੀਜ (1971), ਕਾਫ਼ਲਾ (1986), ਤਫਤੀਸ਼ (1990) ਅਤੇ ਕਟਹਿਰਾ (1993) ਛਪ ਚੁੱਕੇ ਹਨ। ਤਫਤੀਸ ਨਾਵਲ ਨਾਲ ਉਸ ਦੀ ਸਮਰੱਥ ਨਾਵਲਕਾਰ ਵਜੋਂ ਪਛਾਣ ਬਣਨੀ ਸ਼ੁਰੂ ਹੁੰਦੀ ਹੈ। ਕਟਹਿਰਾ ਦੇ ਛਪਣ ਨਾਲ ਉਸ ਦੀ ਪੈਂਠ ਪੂਰੀ ਤਰ੍ਹਾਂ ਜੰਮ ਜਾਂਦੀ ਹੈ। ਤਫਤੀਸ਼ ਅਤੇ ਕਟਹਿਰਾ ਵਿਚ ਉਸ ਨੇ ਪੁਲਿਸ ਪ੍ਰਬੰਧ ਅਤੇ ਨਿਆਂਇਕ ਵਿਵਸਥਾ ਦਾ ਵਿਸ਼ੇਸ਼ ਤਨਜੀਆ ਅਤੇ ਵਿਅੰਗਾਤਮਕ ਸੁਰ ਵਿਚ ਗਲਪੀਬਿੰਬ ਉਸਾਰਿਆ ਹੈ। ਕੌਰਵ ਸਭਾ ਪੰਜਾਬੀ ਗਲਪ ਵਿਚ ਵੱਖਰੀ ਸੁਰ ਅਤੇ ਨਿਵੇਕਲੇ ਵਿਸ਼ੇ ਦਾ ਨਾਵਲ ਹੈ। ਇਹ ਫੌਜਦਾਰੀ ਕਾਨੂੰਨ ਪ੍ਰਬੰਧ ਦੇ ਵਿਭਿੰਨ ਪਾਸਾਰਾਂ ਤੋਂ ਕਟਹਿਰਾ ਅਤੇ ਤਫ਼ਤੀਸ਼ ਵਿਚ ਵਿੱਢੀ ਗਈ ਵਿਢ ਦੀਆਂ ਅਗਲੀਆਂ ਕੁੜੀਆਂ ਪੇਸ਼ ਕਰਦਾ ਹੈ। ਕੌਰਵ ਸਭਾ ਸਾਡੇ ਲੋਕਰਾਜੀ ਪ੍ਰਬੰਧ ਦੀਆਂ ਤਿੰਨੇ ਸ਼ਕਤੀਆਂ ਨਿਆਂ ਪਾਲਿਕਾ, ਕਾਰਜ ਪਾਲਿਕਾ ਅਤੇ ਵਿਧਾਨ ਪਾਲਿਕਾ ਦੇ ਸਮੁੱਚੇ ਕਿਰਦਾਰ ਅਤੇ ਵਿਵਹਾਰ ਦੀ ਅਸਲੀਅਤ, ਵਿਅੰਗ ਅਤੇ ਵਿਡੰਬਣਾ ਦੀ ਜੁਗਤ ਰਾਹੀਂ ਪੇਸ਼ ਕਰਦਾ ਹੈ। ਇਸ ਨਾਵਲ ਦੇ ਕੇਂਦਰ ਵਿਚ ਕਤਲ, ਹਿੰਸਾ, ਬਲਾਤਕਾਰ ਅਤੇ ਡਕੈਤੀ ਦੀ ਘਟਨਾ ਹੈ। ਇਸੇ ਘਟਨਾ ਨੂੰ ਕੇਂਦਰ ਵਿਚ ਰੱਖ ਕੇ ਇਸ ਨਾਲ ਜੁੜੀਆਂ ਵਿਭਿੰਨ ਧਿਰਾਂ ਰਾਜਸੀ ਸ਼ਕਤੀ, ਪੁਲਿਸ ਪ੍ਰਬੰਧ, ਅਦਾਲਤਾਂ, ਹਸਪਤਾਲ ਅਤੇ ਸਟੇਟ ਦੀ ਸ਼ਕਤੀ ਦੇ ਦੋਹਰੇ ਖਾਸੇ ਦਾ ਪਰਦਾਚਾਕ ਕਰਨਾ ਮਿੱਤਰ ਸੈਨ ਮੀਤ ਦੀ ਚੇਸ਼ਟਾ ਹੈ।

ਡਾ. ਕੇਸਰ ਸਿੰਘ ਕੇਸਰ ਹੋਰਾਂ ਇਸ ਨਾਵਲ ਨੂੰ ਪੈਸੇ ਦੀ ਸ਼ਕਤੀ ਦਾ ਪ੍ਰਵਚਨ ਕਿਹਾ ਹੈ। ਪੈਸੇ ਦੀ ਸ਼ਕਤੀ ਇਸ ਨਾਵਲ ਦੇ ਆਰ ਪਾਰ ਫੈਲੀ ਹੋਈ ਹੈ। ਇਹ ਸ਼ਕਤੀ ਸੱਚ ਨੂੰ ਝੂਠ ਅਤੇ ਝੂਠ ਨੂੰ ਸੱਚ ਕਰ ਵਿਖਾਉਂਦੀ ਹੈ। ਸੱਚ ਅਤੇ ਝੂਠ ਦੀ ਸਿਆਸਤ ਪਿੱਛੇ ਕਾਰਜਸ਼ੀਲ ਸ਼ਕਤੀਆਂ, ਧਿਰਾਂ, ਨੀਤੀਆਂ ਅਤੇ ਪਰਿਪੇਖਾਂ ਵਿਚੋਂ ਇਹ ਨਾਵਲ ਆਪਣਾ ਸੰਗਠਨਾਤਮਕ ਸਰੂਪ ਗ੍ਰਹਿਣ ਕਰਦਾ ਹੈ।

ਮਿੱਤਰ ਸੈਨ ਮੀਤ ਇਕ ਸੁਜੱਗ ਗਲਪਕਾਰ ਹੈ। ਉਸ ਦੇ ਇਸ ਨਾਵਲੀ ਪਾਠ ਵਿਚ ਸਮਕਾਲੀ ਯਥਾਰਥ ਨੂੰ ਨਿਰਧਾਰਤ ਕਰਨ ਵਾਲੇ ਅਨੇਕਾਂ ਤੱਥ, ਪ੍ਰਸੰਗ, ਵਿਚਾਰ ਅਤੇ ਥੀਮਗਤ ਵੇਰਵੇ ਪ੍ਰਸਤੁਤ ਹੋਏ ਹਨ। ਇਹਨਾਂ ਪਾਸਾਰਾਂ ਵਿਚੋਂ ਹਿ ਉਸਦੀ ਦ੍ਰਿਸ਼ਟੀ ਦੀ ਪਛਾਣ ਕੀਤੀ ਜਾ ਸਕਦੀ ਹੈ। ਉਸ ਨੇ ਸਾਡੇ ਸਮਕਾਲੀ ਸਮੇਂ ਦੇ ਕਰੂਰ ਯਥਾਰਥ ਨੂੰ ਸਿੱਧ ਪੱਧਰੇ ਢੰਗ ਨਾਲ ਪੇਸ਼ ਨਹੀਂ ਕੀਤਾ, ਸਗੋਂ ਵਿਸ਼ੇਸ਼ ਆਲੋਚਨੀ ਦ੍ਰਿਸ਼ਟੀ ਰਾਹੀਂ ਪੇਸ਼ ਕੀਤਾ ਹੈ। ਉਸਦੇ ਨਾਵਲੀ ਅਵਚੇਤਨ ਵਿੱਚੋਂ ਵਿਸ਼ਵੀਕਰਨ, ਉਦਾਰੀਕਰਨ ਅਤੇ ਨਿੱਜੀਕਰਨ ਦੀਆਂ ਆਰਥਕ ਅਤੇ ਰਾਜਨੀਤਕ ਸ਼ਕਤੀਆਂ ਦਾ ਸਮੁੱਚਾ ਪਰਿਪੇਖ ਪਛਾਣਿਆ ਜਾ ਸਕਦਾ ਹੈ। ਇਸ ਵਰਤਾਰੇ ਨੇ ਸਾਡੇ ਸਮਾਜਕ, ਆਰਥਕ, ਰਾਜਨੀਤਕ ਅਤੇ

ਧਾਰਮਕ ਵਿਚਾਰਾਂ ਅਤੇ ਮਾਨਤਾਵਾਂ ਵਿਚ ਗੌਲਣਯੋਗ ਤਬਦੀਲੀ ਕੀਤੀ ਹੈ। ਮੀਤ ਨੇ ਇਸ ਵਰਤਾਰੇ ਦੇ ਵਿਭਿੰਨ ਪ੍ਰਸੰਗਾਂ ਨੂੰ ਨਾਵਲੀ ਪਾਠ ਵਿਚ ਪੇਸ਼ ਕੀਤਾ ਹੈ ।

ਅਧਿਐਨ ਦੀ ਸਹੂਲਤ ਲਈ ਸਮੁੱਚੇ ਨਾਵਲੀ ਪਾਠ ਵਿਚੋਂ ਉਭਰਦੇ ਮੁੱਦਿਆਂ ਦੇ ਅਧਾਰ 'ਤੇ ਦੋ ਭਾਗਾਂ ਵਿਚ ਵੰਡ ਲਿਆ ਗਿਆ ਹੈ। (ੳ) ਭਾਗ ਵਿਚ ਸਮਾਜਕ, ਆਰਥਕ, ਰਾਜਨੀਤਕ, ਸਭਿਆਚਾਰਕ ਅਤੇ ਧਾਰਮਕ ਯਥਾਰਥ ਦਾ ਅਧਿਐਨ ਕੀਤਾ ਗਿਆ ਹੈ ਅਤੇ (ਅ) ਭਾਗ ਵਿਚ ਸਰਕਾਰੀ ਅਤੇ ਗ਼ੈਰ ਸਰਕਾਰੀ ਸੰਸਥਾਵਾਂ ਦੇ ਯਥਾਰਥ ਨੂੰ ਪਛਾਣਿਆ ਗਿਆ ਹੈ।

**(ੳ) 1-ਸਮਾਜਕ ਯਥਾਰਥ ਸਬੰਧੀ ਅਧਿਐਨ ਦ੍ਰਿਸ਼ਟੀ :-**

ਕੌਰਵ ਸਭਾ ਨਾਵਲ ਦਾ ਘਟਨਾ ਸਥਲ ਮਾਇਆ ਨਗਰ ਹੈ। ਇਸ ਦੇ ਚਿਹਨ ਲੁਧਿਆਣੇ ਸ਼ਹਿਰ ਨਾਲ ਮੇਲ ਖਾਂਦੇ ਹਨ। ਵੇਦ ਅਤੇ ਮੋਹਨ ਸਕੇ ਭਰਾ ਹਨ। ਮੋਹਨ ਪੀ.ਡਬਲਯੂ.ਡੀ. ਵਿਚ ਐਸ.ਡੀ.ਓ. ਭਰਤੀ ਹੁੰਦਾ ਹੈ ਅਤੇ ਬਠਿੰਡੇ ਵਰਗੇ ਸ਼ਹਿਰ ਵਿਚ ਉਸ ਦੀ ਨਿਯੁਕਤੀ ਹੁੰਦੀ ਹੈ। ਆਪਣੇ ਰੁਤਬੇ ਅਤੇ ਸ਼ਕਤੀ ਰਾਹੀਂ ਉਹ ਬੇਸੁਮਾਰ ਦੌਲਤ ਇਕੱਠੀ ਕਰਦਾ ਹੈ। ਮਾਇਆ ਨਗਰ ਵਿਚ ਉਸ ਦੇ ਕਈ ਪਲਾਟ, ਮਿੱਲਾਂ, ਪੈਟਰੋਲ ਪੰਪ ਅਤੇ ਕੋਠੀਆਂ ਹਨ। ਆਪਣੇ ਭਰਾ ਵੇਦ ਨੂੰ ਦੋ ਨੰਬਰ ਦੇ ਪੈਸੇ ਦਾ ਭਾਈਵਾਲ ਬਣਾਉਣ ਲਈ ਉਹ ਮਾਇਆ ਨਗਰ ਬਲਾਉਂਦਾ ਹੈ। ਲੋਹੇ ਦੀ ਮਿੱਲ ਫੇਲ੍ਹ ਹੋਣ ਪਿੱਛੋਂ ਪਰਿਵਾਰਕ ਕਸ਼ਮਕਸ਼ ਸ਼ੁਰੂ ਹੁੰਦੀ ਹੈ। ਪਰਿਵਾਰਕ ਸਾਲਾਸਾਂ ਤੋਂ ਨਬੇੜਾ ਨਹੀਂ ਹੁੰਦਾ ਤਾਂ ਮਾਮਲਾ ਕਚਹਿਰੀ ਪੁੱਜਦਾ ਹੈ। ਮੋਹਨ ਦੀ ਮੌਤ ਤੋਂ ਪਿੱਛੋਂ ਉਸਦੇ ਮੁੰਡੇ ਪੰਕਜ ਅਤੇ ਨੀਰਜ ਕਾਰੋਬਾਰ ਸੰਭਾਲਦੇ ਹਨ ਪਰ ਜਾਇਦਾਦ ਦੀ ਵੰਡ ਤੋਂ ਰੇੜਕਾ ਵਧਣ ਕਾਰਨ ਉਹ ਭਈਆਂ ਨੂੰ ਸੁਪਾਰੀ ਦੇ ਕੇ ਵੇਦ ਅਤੇ ਨੀਲਮ(ਚਾਚਾ-ਚਾਚੀ) ਨੂੰ ਗੰਭੀਰ ਸੱਟਾਂ ਮਰਵਾ ਦਿੰਦੇ ਹਨ। ਉਸ ਦੀ ਧੀ ਨੇਹਾ ਦਾ ਬਲਾਤਕਾਰ ਹੋ ਜਾਂਦਾ ਹੈ ਤੇ ਪੁੱਤਰ ਕਮਲ ਦਾ ਕਤਲ। ਇਸ ਤੋਂ ਪਿੱਛੋਂ ਸ਼ੁਰੂ ਹੁੰਦੀ ਤਫਤੀਸ਼, ਨਿਆਂਇਕ ਪ੍ਰਕਿਰਿਆ, ਚਾਲਾਂ, ਜਾਹਲਸਾਜ਼ੀਆਂ, ਪੈਸੇ ਦੀ ਅੰਨ੍ਹੀ ਵਰਤੋਂ ਤੇ ਅੰਤ ਵਿਚ ਪੈਸੇ ਵਾਲੀ ਧਿਰ ਜੇਤੂ ਹੋ ਕੇ ਨਿਕਲਦੀ ਹੈ। ਇਹ ਹੈ ਨਾਵਲ ਦੀ ਮੂਲ ਕਹਾਣੀ। ਹੁਣ ਆਪਾਂ ਦੇਖਾਂਗੇ ਕਿ ਇਸ ਸਮੁੱਚੀ ਪ੍ਰਕਿਰਿਆ ਵਿਚ ਜੋ ਉਹਲੇ ਅਤੇ ਜੋ ਸੰਭਾਵਨਾਵਾਂ ਮਿੱਤਰ ਸੈਨ ਮੀਤ ਨੇ ਪੇਸ਼ ਕੀਤੀਆਂ ਹਨ ਉਨ੍ਹਾਂ ਦੀ ਆਲੋਚਨਾਤਮਕ ਪੇਸ਼ਕਾਰੀ

ਮਿੱਤਰ ਸੈਨ ਮੀਤ ਨੇ ਸਮਕਾਲੀ ਪੂੰਜੀਵਾਦੀ ਸਮਾਜਕ ਸੰਰਚਨਾ ਨੂੰ ਗਹਿਰਾਈ ਤੋਂ ਸਮਝਣ ਲਈ ਮਹਾਂਭਾਰਤ ਦੀ ਮਿੱਥ ਨੂੰ ਆਧੁਨਿਕ ਸਮਿਆਂ ਦੀ ਸੋਚ ਨਾਲ ਟਕਰਾ ਕੇ ਵਿਖੰਡਤ/ ਵਿਰੇਚਤ ਕੀਤਾ ਹੈ। ਮਹਾਂਭਾਰਤ ਵਿਚ ਵੀ ਲੜਾਈ ਦੋ ਧਿਰੀ ਹੈ ਇਥੇ ਵੀ ਦੋ ਧਿਰੀ ਹੈ। ਸਰਵਨਾਸ ਉਥੇ ਵੀ ਆਪਣਿਆਂ ਦਾ ਹੀ ਹੋਇਆ, ਇਥੇ ਵੀ ਆਪਣਿਆਂ ਦਾ ਹੀ ਹੋਇਆ। ਵੰਡ ਅਤੇ ਕ੍ਰਿਸ਼ਟਤਾ ਉਥੇ ਵੀ ਸੀ, ਇਥੇ ਵੀ ਹੈ। ਲੜਾਈ ਉਥੇ ਰਿਸ਼ਤਿਆਂ ਦੀ ਦਵੰਦ ਦੀ ਸੀ, ਇਥੇ ਮਾਲਕੀ ਦੇ ਭਰਮ ਦੀ ਹੈ। ਫਰਕ ਇਹ ਹੈ ਕਿ ਉਥੇ ਕ੍ਰਿਸ਼ਨ ਪਾਡਵਾਂ ਦੀ ਧਿਰ ਬਣਿਆ ਸੀ ਪਰ ਇਥੇ

ਕ੍ਰਿਸ਼ਨ ਦੀ ਗੈਰ ਮੌਜੂਦਗੀ ਹੈ। ਮਿੱਤਰ ਸੈਨ ਮੀਤ ਦੀ ਖ਼ੂਬਸੂਰਤੀ ਇਹ ਦਰਸਾਉਣ ਵਿਚ ਹੈ ਕਿ ਆਧੁਨਿਕ ਸਮਿਆਂ ਵਿਚ ਸੱਤਾ ਦੀ ਸ਼ਕਤੀ ਤੋਂ ਵਿਹੂਣੇ ਬੰਦੇ ਦਾ ਹਾਰਨਾ ਤੈਅ ਹੈ। ਵੇਦ ਦੇ ਪਰਿਵਾਰ ਨਾਲ ਉਹੀ ਹੁੰਦਾ ਹੈ।

ਪਿਛਲੇ ਕੁਝ ਸਮੇਂ ਤੋਂ ਪੰਜਾਬ ਵਿਚ ਸੰਸਾਰੀਕਰਨ ਦੀਆਂ ਪੂੰਜੀਵਾਦੀ ਨੀਤੀਆਂ ਨੇ ਪੰਜਾਬੀ ਜੀਵਨ ਯਥਾਰਥ ਦੇ ਸਮਾਜਕ ਪ੍ਰਸੰਗਾਂ ਨੂੰ ਵਿਭਿੰਨ ਤਬਦੀਲੀਆਂ ਵਿਚ ਪਾਇਆ ਹੈ। ਇਸ ਵਰਤਾਰੇ ਨੇ ਅਜੋਕੇ ਮਨੁੱਖ ਦੇ ਆਪਸੀ ਰਿਸ਼ਤਿਆਂ ਖਾਸ ਕਰਕੇ ਆਰਥਕ ਸਮਾਜਕ ਰਿਸ਼ਤਿਆਂ ਅਤੇ ਉਨ੍ਹਾਂ ਦੀ ਮਾਨਸਿਕਤਾ ਨੂੰ ਤਬਦੀਲ ਕਰ ਦਿੱਤਾ ਹੈ। ਇਹ ਤਬਦੀਲੀ ਮੰਡੀ ਸਮਾਜ ਦੇ ਵੱਖ-ਵੱਖ ਰੂਪਾਂ ਵਿਚ ਵਾਪਰੀ ਹੈ। ਪੂੰਜੀਵਾਦੀ ਅਰਥ ਪ੍ਰਬੰਧ ਨੇ ਸਾਡੇ ਸਮਾਜਕ ਰਿਸ਼ਤਿਆਂ ਨੂੰ ਪੂੰਜੀ ਆਧਾਰਤ ਰਿਸ਼ਤਿਆਂ ਵਿਚ ਤਬਦੀਲ ਕਰ ਦਿੱਤਾ ਹੈ। ਇੱਥੇ ਹਰ ਰਿਸ਼ਤਾ ਪੇਸੇ ਦੀ ਸ਼ਕਤੀ ਨਿਰਧਾਰਤ ਕਰਦੀ ਹੈ। ਕੌਰਵ ਸਭਾ ਵਿਚ ਸਭ ਰਿਸ਼ਤੇ ਪੇਸ਼ੇ ਅਤੇ ਗਰਜ ਦੀ ਸੰਰਚਨਾ ਵਿਚ ਬੱਝੇ ਹੋਏ ਦਿਖਾਈ ਦਿੰਦੇ ਹਨ। ਗਰਜ ਦੇ ਰਿਸ਼ਤਿਆਂ ਨੇ ਮਾਨਵੀ ਭਾਵਬੋਧ ਅਤੇ ਸੰਵੇਦਨਸ਼ੀਲਤਾ ਨੂੰ ਮਾਨਵੀ ਰਿਸ਼ਤਿਆਂ 'ਚੋਂ ਖਾਰਜ ਕਰ ਦਿੱਤਾ ਹੈ। ਮਹਾਂਨਗਰੀ ਤਰਜੇ ਜ਼ਿੰਦਗੀ ਵਿਚ ਸਭ ਪੈਸੇ ਦੇ ਜ਼ੋਰ ਨਾਲ ਹੁੰਦਾ ਹੈ। ਨਾਵਲ ਵਿਚ ਮਾਇਆ ਨਗਰ ਪੂੰਜੀਵਾਦੀ ਆਰਥਿਕਤਾ ਅਤੇ ਕੌਰਵ ਸਭਾ ਪੈਸੇ ਤੇ ਪਦਾਰਥ ਦੀ ਲਾਲਸਾ ਦੀ ਪੂਰਤੀ ਵਾਲੀ ਸਿਆਸਤ ਦੇ ਚਿਹਨ ਹਨ। ਜਾਇਦਾਦ ਦਾ ਨਿਜੀਕਰਨ ਤੇ ਕੇਂਦਰੀਕਰਨ ਕਿਉਂਕਿ ਪੂੰਜੀ ਦੀ ਕੇਂਦਰੀ ਨੀਤੀ ਦਾ ਅਧਾਰ ਹੈ। ਇਸੇ ਲਈ ਜਾਇਦਾਦ ਤੇ ਪਦਾਰਥ ਦੀ ਲਾਲਸਾ ਪੂਰਤੀ ਲਈ ਹਰ ਤਰ੍ਹਾਂ ਦੀ ਸਿਆਸਤ ਜਾਇਜ਼ ਹੈ। ਇਸ ਦਾ ਸੁਭਾਅ ਕਿਉਂਕਿ ਨਿੱਜੀ ਹੈ। ਇਸ ਲਈ ਕੋਈ ਰਿਸ਼ਤਾ ਜਾਂ ਰਿਆਇਤ ਨਹੀਂ। ਮਾਇਆ ਨਗਰ ਵਿਚਲੀ ਕੌਰਵੀ ਧਿਰ ਵਾਸਤਵ ਵਿਚ 'ਭੁੱਖਿਆਂ ਦੀ ਨਹੀਂ, ਭੁੱਖੜਾਂ ਦੀ ਅਜਿਹੀ ਜਮਾਤ ਹੈ ਜਿਹੜੀ ਇਸ ਰੁਚੀ ਅਧੀਨ ਕਿਸੇ ਨੂੰ ਜਾਂ ਆਪਣੇ ਨਿੱਜੀ ਨੂੰ ਵੀ ਨਿਗਲ ਸਕਦੀ ਹੈ ਤੇ ਸ਼ਰੇਆਮ ਨਿਰਵਸਤਰ ਕਰ ਸਕਦੀ ਹੈ। ਮਾਇਆ ਨਗਰੀ ਸਮਾਜਕ ਜ਼ਿੰਦਗੀ ਦਾ ਕਟਾਖਸ਼ੀ ਵੇਰਵਾ ਵੇਖਣ ਯੋਗ ਹੈ:-

ਏਥੇ ਸਭ ਕੰਮ ਪੈਸੇ ਨਾਲ ਹੁੰਦਾ ਸੀ। ਕਿਸੇ ਨੂੰ ਕੋਈ ਸੰਗ-ਸ਼ਰਮ ਨਹੀਂ ਸੀ। ਸੌਦਾ ਕੁਰਸੀ 'ਤੇ ਬੈਠੇ ਬੈਠੇ ਹੁੰਦਾ ਸੀ। ਸਰੇਆਮ ਪੈਸੇ ਫੜ੍ਹਦੇ ਸਨ। ਕੋਈ ਫਟਿਆ ਪੁਰਾਣਾ ਹੋਵੇ ਤਾਂ ਬਦਲਾਉਂਦੇ ਸਨ। -ਕੌਰਵ ਸਭਾ ਪੰਨਾ-197

ਪੂੰਜੀਵਾਦੀ ਸ਼ਹਿਰੀਕਰਨ ਦੀ ਵਰਤਮਾਨ ਵਿਵਸਥਾ ਨੇ ਵਿਖਾਵਾਕਾਰੀ, ਵਿਅਕਤੀਵਾਦੀ ਉਪਭੋਗਤਾਵਾਦੀ ਅਤੇ ਪਰਜੀਵੀ ਕਿਸਮ ਦੀ ਸਮਾਜਕ ਪੈਦਾਵਾਰ ਕੀਤੀ ਹੈ। ਸਮਾਜਕ ਰਿਸ਼ਤੇ ਪੈਦਾਵਾਰੀ ਰਿਸ਼ਤਿਆਂ ਵਿਚ ਬਦਲ ਗਏ ਹਨ। ਚਾਚੇ-ਤਾਇਆਂ ਦੀਆਂ ਔਲਾਦਾਂ ਵਿਚ ਆਪਸੀ ਭੈਣ ਭਰਾਵਾਂ ਦੇ ਰਿਸ਼ਤੇ ਯੱਖ ਹੋ ਚੁੱਕੇ ਹਨ। ਪੈਸੇ ਦੀ ਗਰਦਿਸ਼ ਵਿਚ ਰਿਸ਼ਤਿਆਂ ਦੀਆਂ ਮੁਕੱਦਸ ਤੰਦਾਂ ਤਿੜਕਦੀਆਂ ਨਜਰ ਆਉਂਦੀਆਂ ਹਨ। ਪੰਕਜ ਅਤੇ ਨੀਰਜ ਹੋਰਾ ਪੈਸੇ ਦੀ ਧੌਂਸ ਅਤੇ ਹੰਕਾਰੀ ਬਾਹ ਬਲ 'ਤੇ ਭਈਆਂ ਨੂੰ ਫਿਰੌਤੀ ਦੇ ਕੇ ਆਪਣੇ ਚਾਚੇ ਦੇ ਪਰਿਵਾਰ ਨੂੰ ਸਬਕ ਸਿਖਾਉਣ ਦਾ ਛੜਯੰਤਰ ਰਚਿਆ। ਕਾਰਨ ਸਿਰਫ ਗੁਰਦੇਵ ਨਗਰ ਦੀ ਪੌਸ ਕਲੋਨੀ ਵਿਚਲਾ ਹਜਾਰ ਗਜ਼ ਦਾ ਪਲਾਟ ਦੇਣ ਤੋਂ ਇਨਕਾਰ ਕਰਨਾ ਸੀ। ਪਰ ਨੀਰਜ ਅਤੇ ਪੰਕਜ ਵਰਗੇ ਕਰੋੜਪਤੀਆਂ ਲਈ ਇਹ ਪਲਾਟ ਉਨਾ ਮਹੱਤਵਪੂਰਨ ਨਹੀਂ

ਜਿੰਨਾ ਉਨ੍ਹਾਂ ਲਈ ਆਪਣੀ ਹੈਂਕੜ ਅਤੇ ਸ਼ਕਤੀ ਨੂੰ ਬਣਾਈ ਰੱਖਣਾ ਜਰੂਰੀ ਸੀ। ਪਲਾਟ ਮਹਿਜ ਇਕ ਬਹਾਨਾ ਬਣਾਇਆ ਜਾਂਦਾ ਹੈ, ਅਸਲ ਕਾਰਨ ਸੱਤਾ ਦੀ ਸਰਦਾਰੀ ਦਾ ਨਸ਼ਾ ਹੈ ਜਿਸ ਨੂੰ ਪੰਕਜ ਹੋਰੀ ਬਣਾਈ ਰੱਖਣਾ ਚਾਹੁੰਦੇ ਹਨ:-

ਦਾਰੂ ਪੀਂਦੇ ਮੁੰਡਿਆਂ ਨੂੰ ਕਈ ਵਾਰ ਮਾਇਆ ਦੇਵੀ ਨੇ ਭੈੜੇ ਮਨਸੂਬੇ ਘੜਦੇ ਸੁਣਿਆਂ ਸੀ। ਚਾਚੇ ਨੂੰ ਆਪਣੇ ਡੌਲਿਆਂ ਤੇ ਮਾਣ ਸੀ ਨੀਲਮ ਨੂੰ ਆਪਣੀ ਅਕਲ ਉਪਰ ਹੰਕਾਰ ਸੀ। ਉਹ ਉਸ ਦੇ ਦਿਮਾਗ ਦੀ ਖੱਖੜੀ-ਖੱਖੜੀ ਕਰ ਦੇਣਗੇ। ਨੇਹਾ ਵਿਚਾਰੀ ਨੇ ਕਦੇ ਕਿਸੇ ਦਾ ਕੁੱਝ ਨਹੀਂ ਸੀ ਵਿਗਾੜਿਆ ਉਹ ਆਪਣੀ ਭੈਣ ਨੂੰ ਭਰੇ ਬਜਾਰ ਨੰਗਾ ਕਰਨ ਦੀ ਸੋਚ ਰਹੇ ਸਨ। -ਕੌਰਵ ਸਭਾ, ਪੰਨਾ-10

ਮਾਇਆ ਨਗਰ ਦਾ ਕੋਈ ਰਿਸਤਾ ਆਪਸੀ ਸਹਿਯੋਗ ਅਤੇ ਮਿਲਵਰਤਨ ਦਾ ਨਹੀਂ ਅਹਿਸਾਨਮੰਦੀ ਦਾ ਹੈ। ਮੁਨਾਫ਼ੇ ਅਤੇ ਗਰਜ ਦਾ ਹੈ। ਵੇਦ ਪਰਿਵਾਰ ਉਪਰ ਮੁਸੀਬਤ ਵੇਲੇ ਜੋ ਵੀ ਕੰਮ ਆਇਆ ਸੀ ਤਾਂ ਉਸ ਦਾ ਮੁੱਲ ਪੈਣਾ ਲਾਜ਼ਮੀ ਸੀ:-

ਕੁਝ ਅਜਿਹੀਆਂ ਜਥੇਬੰਦੀਆਂ ਜਿਹੜੀਆਂ ਮੁਢਲੇ ਦਿਨਾਂ ਵਿਚ ਧਰਨੇ ਮਾਰਨ ਅਤੇ ਜਲੂਸ ਕੱਢਣ ਵਿਚ ਮੋਹਰੀ ਸਨ ਸਮਝੌਤੇ ਦਾ ਸੁਝਾਅ ਦੇਣ ਲੱਗੀਆਂ। ਕੁਝ ਪੱਤਰਕਾਰ ਆਪਣੇ ਆਪਣੇ ਅਹਿਸਾਨਾਂ ਦੀ

ਯਾਦ ਕਰਾਉਣ ਲੱਗੇ। (ਉਹੀ, ਪੰਨਾ-192)

**ਮੰਜੇ ਉਪਰ ਲਾਚਾਰ ਪਏ ਵੇਦ ਦੀ ਹਾਲਤ ਦੇਖਣਯੋਗ ਹੈ:-**

ਪਹਿਲਾਂ ਉਸ ਨੇ ਮਾਇਆ ਨਗਰ ਦੇ ਯਾਰਾਂ ਦੋਸਤਾਂ ਉਪਰ ਨਜ਼ਰ ਮਾਰੀ। ਉਸ ਨੂੰ ਇਕ ਵੀ ਨਾਂ ਯਾਦ ਨਾ ਆਇਆ, ਜਿਸਨੇ ਲੋੜ ਪੈਣ ਤੇ ਪੈਸੇ ਧੇਲੇ ਦੀ ਪੇਸ਼ਕਸ਼ ਕੀਤੀ ਹੋਵੇ। ਜਿਹੜਾ ਕੋਈ ਆਇਆ, ਹਿਸਾਬ ਕਰਨ ਅਤੇ ਬਕਾਇਆ ਲੈਣ ਹੀ ਆਇਆ। ਇਹ ਮਾਇਆ ਨਗਰੀ ਸੀ। ਇਥੇ ਸਭ ਰਿਸ਼ਤੇ ਮਾਇਆ ਦੁਆਲੇ ਘੁੰਮਦੇ ਸਨ। (ਉਹੀ, ਪੰਨਾ - 226)

ਕੌਰਵ ਸਭਾ ਵਿਚ ਹਰ ਧਰਾਤਲ ਉੱਪਰ ਪੈਸੇ ਦੀ ਪ੍ਰਮੁੱਖਤਾ ਨਜ਼ਰ ਪੈਂਦੀ ਹੈ। ਆਧੁਨਿਕ ਪੂੰਜੀਵਾਦੀ ਸ਼ਹਿਰੀ ਸਭਿਆਚਾਰ ਦੀ ਆਰਥਕ ਸਮਾਜਕ ਬਣਤਰ ਵਿਚ ਹਰ ਰਿਸ਼ਤਾ ਰੁਤਬੇ ਅਤੇ ਪੈਸੇ ਦੀ ਤਾਕਤ ਨਿਰਧਾਰਤ ਕਰਦੀ ਹੈ।

ਪੰਜਾਬ ਦੇ ਸਮਾਜਕ ਯਥਾਰਥ ਨੂੰ ਭਈਆ ਕਲਚਰ ਦੁਆਰਾ ਕਈ ਤਰ੍ਹਾਂ ਦੀਆਂ ਨਵੀਆਂ ਵਿਸੰਗਤੀਆਂ ਅਤੇ ਅਸਮਾਨਤਾਵਾਂ ਵਿਚ ਪਾਇਆ ਹੈ। ਮਿੱਤਰ ਸੈਨ ਮੀਤ ਦੁਆਰਾ ਆਧੁਨਿਕ ਮਹਾਂਨਗਰਾਂ ਵਿਚ ਸਥਾਪਤ ਹੋ ਚੁੱਕੇ

ਭਈਆਂ ਦੇ ਮੁਹੱਲਿਆਂ ਅਤੇ ਵਾਰਡਾ ਦਾ ਕਰੂਰ ਯਥਾਰਥ ਬਿਆਨ ਕੀਤਾ ਹੈ। ਜਿਹੜਾ ਸਾਡੀ ਸਮਾਜਕ ਸੰਰਚਨਾ ਨੂੰ ਪੂਰੀ ਤਰ੍ਹਾਂ ਪ੍ਰਭਾਵਿਤ ਕਰਦਾ ਹੈ। ਮੀਤ ਨੇ ਭਈਆਂ ਦੁਆਰਾ ਪੈਦਾ ਕੀਤੇ ਸੰਕਟਾਂ ਅਤੇ ਦਵੰਦਾਂ ਦੇ ਨਾਲ-ਨਾਲ ਭਈਆਂ ਦੀ ਪੰਜਾਬ ਵਿਚ ਹੁੰਦੀ ਲੁੱਟ ਅਤੇ ਸ਼ੋਸਣ ਦੇ ਸਮੱਗਰ ਸਰੂਪ ਨੂੰ ਵੀ ਚਿਤਰਿਆ ਹੈ:-

ਅਜਿਹੇ ਬਥੇਰੇ ਭਈਆਂ ਬਾਰੇ ਠੇਕੇਦਾਰ ਨੂੰ ਪਤਾ ਸੀ ਜਿਹੜੇ ਲੁੱਟਾਂ- ਖੋਹਾਂ ਕਰਕੇ ਅਤੇ ਕੁੜੀਆਂ ਭਜਾ ਕੇ ਦੇਸ ਮੁੜ ਗਏ ਸਨ। ਪੁਲਿਸ ਨੇ ਕਦੇ ਉਨ੍ਹਾਂ ਦੇ ਪਿੰਡਾਂ ਵੱਲ ਮੂੰਹ ਨਹੀਂ ਸੀ ਕੀਤਾ। ਕੁੱਝ ਦੇਰ ਲਟਕ ਕੇ ਮਾਮਲਾ ਰਫਾ-ਦਫਾ ਹੋ ਜਾਂਦਾ ਸੀ।(ਉਹੀ, ਪੰਨਾ-50)

ਬਿਰਤਾਂਤਕ ਪ੍ਰਵਚਨ ਵਿਚ ਰਾਮਨਾਥ ਵਕੀਲ ਦੁਆਰਾ ਕਾਨੂੰਨ ਦੀ ਪੜ੍ਹਾਈ ਦੌਰਾਨ ਅਪਰਾਧ ਵਿਗਿਆਨ ਪੜ੍ਹਦਿਆ ਇਹ ਅਧਿਐਨ ਕੀਤਾ ਸੀ:-

ਸਭਿਅਕ ਜਮਾਤਾਂ ਸ਼ਰੀਰਕ ਹਿੰਸਾ ਦਾ ਸਹਾਰਾ ਨਹੀਂ ਲੈਂਦੀਆਂ। ਖੂਨ ਖਰਾਬੇ ਦੀ ਥਾਂ ਉਹ ਕਾਨੂੰਨੀ ਲੜਾਈ ਲੜਨ ਵਿਚ ਵਿਸ਼ਵਾਸ ਰਖਦੀਆਂ ਹਨ। ਇਹ ਕੇਵਲ ਸਿਧਾਂਤ ਨਹੀਂ ਸੀ। ਇਸ ਸਿਧਾਂਤ ਨੂੰ ਸੋਚ ਦੀ ਕਸਵੱਟੀ ਤੇ ਪੂਰਾ ਉਤਰਦੇ ਰਾਮਨਾਥ ਨਿੱਤ ਵੇਖਦਾ ਸੀ। ਇਕ ਭਈਆ ਦੂਸਰੇ ਭਈਏ ਦਾ ਪੰਜਾਹ ਰੁਪਏ ਦੇ ਝਗੜੇ ਕਾਰਨ ਗਲ ਵੱਢ ਦਿੰਦਾ ਸੀ।(ਉਹੀ, ਪੰਨਾ-10)

ਪੰਜਾਬ ਦੇ ਸਮਾਜਕ ਯਥਾਰਥ ਵਿਚ ਭਈਆਂ ਦੀ ਹੋਂਦ ਦਾ ਇਹ ਯਥਾਰਥ ਬਿਰਤਾਂਤ ਵਿਚ ਵਰਣਿਤ ਯਥਾਰਥ ਹੈ। ਇਕ ਯਥਾਰਥ ਜਿਹੜਾ ਇਸ ਤੋਂ ਬਿਲਕੁਲ ਵੱਖਰਾਂ ਹੈ। ਉਹ ਨਾਵਲ ਦੇ ਅਵਚੇਤਨ ਵਿਚੋਂ ਪਛਾਣਿਆ ਜਾ ਸਕਦਾ ਹੈ। ਪੰਕਜ ਹੋਰਾਂ ਨੇ ਰਾਮ ਲੁਭਾਏ ਰਾਹੀਂ ਭਈਆਂ ਤੋਂ ਸੁਪਾਰੀ ਦੇ ਕੇ ਸਭ ਕਾਰਾ ਕਰਵਾਇਆ ਸੀ। ਬਿਹਾਰ ਜਾਂ ਯੂ.ਪੀ. ਤੋਂ ਆਏ ਇਨ੍ਹਾਂ ਪਰਵਾਸੀ ਮਜਦੂਰਾਂ ਦੀ ਪੰਜਾਬ ਵਿਚ ਸਾਧਨ ਸੰਪੰਨ ਜਮਾਤਾ ਵੱਲੋਂ ਲੁੱਟ ਅਤੇ ਸੋਸ਼ਣ ਹੀ ਨਹੀਂ ਕੀਤਾ ਜਾਂਦਾ ਲਗਦੀ ਵਾਹ ਉਨ੍ਹਾਂ ਦੀ ਮਜਬੂਰੀ ਦਾ ਫਾਇਦਾ ਉਠਾ ਕੇ ਗੈਰ ਕਾਨੂੰਨੀ ਧੰਦੇ ਵੀ ਕਰਵਾਏ ਜਾਂਦੇ ਹਨ। ਇਹ ਮਜਦੂਰ ਆਪਣੀ ਕਿਰਤ ਸ਼ਕਤੀ (ਮਾਨਸਿਕ ਅਤੇ ਸਰੀਰਕ) ਵੇਚਣ ਲਈ ਮਜਬੂਰ ਹਨ। ਮੀਤ ਅਛੋਪਲੇ ਇਹ ਦਰਸਾਅ ਜਾਂਦਾ ਹੈ ਕਿ ਇਨ੍ਹਾਂ ਦੀ ਗਰੀਬੀ ਅਤੇ ਜਹਾਲਤ ਦਾ ਪੂੰਜੀਪਤੀਆਂ ਦੁਆਰਾ ਫਾਇਦਾ ਉਠਾਇਆ ਜਾਂਦਾ ਹੈ। ਰੋਜ਼ੀ ਰੋਟੀ ਦੀ ਤਲਾਸ਼ ਵਿਚ ਆਏ ਮਜ਼ਦੂਰਾਂ ਉਪਰ ਅਕਸਰ ਇਹ ਦੋਸ਼ ਲਗਦਾ ਹੈ ਕਿ ਇਨ੍ਹਾਂ ਨੇ ਪੰਜਾਬ ਦੇ ਸਮਾਜਕ ਸਭਿਆਚਾਰਕ ਮਾਹੌਲ ਨੂੰ ਦੂਸ਼ਿਤ ਕੀਤਾ ਹੈ। ਪਰ ਪੰਜਾਬ ਦਾ ਅਖੌਤੀ ਮੱਧ ਵਰਗ ਇਸ ਵਸਤੂ ਸਥਿਤੀ ਨੂੰ ਪੈਦਾ ਕਰਨ ਲਈ ਵੱਡਾ ਜ਼ਿੰਮੇਵਾਰ ਹੈ। ਪੂੰਜੀ ਦੀ ਲਾਲਸਾ ਤਹਿਤ ਜਾਇਜ਼ ਨਜਾਇਜ ਢੰਗ ਅਪਨਾਉਣਾ ਇਨ੍ਹਾਂ ਦੀ ਮੁਨਾਫ਼ਾਕਾਰੀ ਬਿਰਤੀ ਦਾ ਹਿੱਸਾ ਹੈ। ਪੰਚਮ, ਪੰਡਤ ਅਤੇ ਕਾਲੀਏ ਵਰਗੇ, ਜਿਨ੍ਹਾਂ ਭਈਆਂ ਨੇ ਵੇਦਕਿਆਂ ਦੇ ਘਰੇ ਡਾਕੇ, ਕਤਲ ਅਤੇ ਬਲਾਤਕਾਰ ਦੀ ਵਾਰਦਾਤ ਕੀਤੀ ਹੈ। ਉਹ ਵਾਸਤਵ ਵਿਚ, ਪੂੰਜੀਵਾਦੀ ਵਿਕਾਸ ਦੇ ਅਸਾਂਵੇਪਨ ਦੇ ਸ਼ਿਕਾਰ ਹਨ। ਬਿਹਾਰ ਵਿਚ ਉਨ੍ਹਾਂ ਰੋਜ਼ਗਾਰ ਨਸੀਬ ਨਹੀਂ, ਜਿਸ ਕਰਕੇ ਉਹ ਸੂਬੇ ਦੇ ਹੀ ਇਕ ਸਵਾਮੀ ਰਾਮ ਲੁਭਾਇਆ ਦੇ ਗੋਲੇ ਬਣ ਕੇ ਉਹਦੇ ਹੁਕਮ ਅਨੁਸਾਰ ਵੇਦ ਕਿਆ ਦੇ ਘਰ ਚੋਰੀਓਂ ਦਾਖਲ ਹੁੰਦੇ ਹਨ ਅਤੇ ਸਥਿਤੀ ਦੇ

ਹੱਥੋਂ ਉਤੇਜਤ ਹੋ ਕੇ ਉਪਰਲੀ ਵਾਰਦਾਤ ਕਰ ਬੈਠਦੇ ਹਨ। ਜ਼ਾਹਿਰ ਹੈ ਕਿ ਉਨ੍ਹਾਂ ਦੀ ਗਰੀਬੀ ਨੇ ਉਨ੍ਹਾਂ ਨੂੰ ਆਪਣਾ ਘਰ-ਬਾਰ, ਅੰਗਸਾਕ ਅਤੇ ਦੋਸਤ ਮਿੱਤਰ ਛੱਡ ਕੇ ਸੈਂਕੜੇ ਮੀਲ ਦੂਰ ਪੰਜਾਬ ਵਿਚ ਮਿਹਨਤ-ਮੁਸ਼ੱਕਤ ਕਰਨ ਆਉਣ ਲਈ ਮਜਬੂਰ ਕਰ ਦਿੱਤਾ ਹੈ। ਮਜਦੂਰੀ ਹੀ ਨਹੀਂ ਉਨ੍ਹਾਂ ਤੋਂ ਉਹ ਅਪਰਾਧ ਵੀ ਕਰਵਾਇਆ ਜਾਂਦਾ ਹੈ ਜਿਸ ਦਾ ਉਨ੍ਹਾਂ ਨੂੰ ਬੋਧ ਵੀ ਨਹੀਂ ਕਿ ਕਿਉਂ ਕਰਨਾ ਹੈ। ਪਰ ਫਿਰ ਵੀ ਬਿਰਤਾਕਾਰ ਦੀ ਟਿੱਪਣੀ

ਲੜਨ-ਝਗੜਨ ਅਤੇ ਛੋਟੇ-ਮੋਟੇ ਜੁਰਮ ਕਰਨ ਦੀ ਪੈਦਾਇਸੀ ਆਦਤ ਇਧਰ ਆਏ ਭਈਆ ਵਿਚ ਸੀ।(ਕੌਰਵ ਸਭਾ, ਪੰਨਾ-48

ਨਾਵਲੀ ਬਿਰਤਾਂਤ ਵਿਚ ਜਿਕਰ ਹੈ ਕਿ ਰਾਮਨਾਥ ਨੇ ਪੜ੍ਹਿਆ ਸੀ ਕਿ ਸਭਿਅਕ ਜਮਾਤਾਂ ਖ਼ੂਨ ਖਰਾਬਾ ਨਹੀਂ ਕਰਦੀਆਂ। ਇਹ ਦੋ ਟੁੱਕ ਫੈਸਲਾ ਤਾਂ ਇਹੀ ਦਰਸਾਉਂਦਾ ਹੈ ਕਿ ਦੱਬੀਆਂ ਕੁਚਲੀਆਂ ਜਮਾਤਾਂ ਵਿਚ ਜਨਮ ਤੋਂ ਅਪਰਾਧ ਕਰਨ ਦੀ ਬਿਰਤੀ ਹੁੰਦੀ ਹੈ। ਪਰ ਇਹ ਦਰੁਸਤ ਨਹੀਂ ਹੈ। ਇਹ ਗੱਲ ਵੱਖਰੀ ਹੈ ਕਿ ਜਦੋਂ ਇਨ੍ਹਾਂ ਜਮਾਤਾਂ ਦੀ ਸਮਾਜਕ ਸਪੇਸ ਵਿਚ ਸਥਿਤੀ ਹੀ ਇਸ ਤਰ੍ਹਾਂ ਦੀ ਹੈ ਕਿ ਉਨ੍ਹਾਂ ਕੋਲ ਗਵਾਉਣ ਗੋਚਰਾ ਕੁੱਝ ਹੈ ਹੀ ਨਹੀਂ। ਜਦ ਕਿ ਪੂੰਜੀਪਤੀ ਅਤੇ ਸਾਧਨ ਸੰਪੰਨ ਜਮਾਤਾਂ ਕੋਲ ਪੂੰਜੀ ਦੇ ਅੰਬਾਰ ਹਨ, ਰੁਤਬੇ ਹਨ, ਸਮਾਜਕ ਸਟੇਟਸ ਹੈ, ਸਭ ਤੋਂ ਵੱਡੀ ਚੀਜ਼ ਉਨਾਂ ਕੋਲ ਖਰੀਦ ਸ਼ਕਤੀ ਹੈ। ਰੁਤਬੇ ਦੀ ਤਾਕਤ ਹੈ, ਸੱਤਾ ਹੈ। ਤਾਂ ਫਿਰ ਕੀ ਜਰੂਰਤ ਹੈ ਕਿ ਉਹ ਖ਼ੁਦ ਅਪਰਾਧ ਕਰਦੇ ਫਿਰਨ। ਮਾਇਆ ਦੀ ਬਹੁਤਾਤ ਨੇ ਹੀ ਇਨ੍ਹਾਂ ਲੋਕਾਂ ਨੂੰ ਅਪਰਾਧ ਤੋਂ ਦੂਰ ਕੀਤਾ ਹੈ। ਪਰ ਹਰ ਵੱਡੇ ਤੋਂ ਵੱਡੇ ਅਪਰਾਧ ਕਰਵਾਉਣ ਵਿਚ ਇਨ੍ਹਾਂ ਦੀ ਖਰੀਦ ਸ਼ਕਤੀ ਕਾਰਜਸ਼ੀਲ ਰਹਿੰਦੀ ਹੈ। ਕੌਰਵ ਸਭਾ ਵਿਚ ਪੰਕਜ ਹੋਰਾਂ ਇਹੀ ਤਾਂ ਵੇਦ ਪਰਿਵਾਰ ਨਾਲ ਕੀਤਾ ਹੈ।

ਸਭਿਅਕ ਜਮਾਤਾਂ ਕੋਲ ਪੈਦਾਵਾਰੀ ਸਾਧਨਾਂ ਦੀ ਮਾਲਕੀ ਹੋਣ ਦੀ ਸੂਰਤ ਵਿਚ ਕਾਨੂੰਨ ਅਤੇ ਨਿਆਂਇਕ ਸ਼ਕਤੀਆਂ ਦਾ ਇਨ੍ਹਾਂ ਦੇ ਹੱਕ ਵਿਚ ਭੁਗਤਣਾ ਅਨਿਵਾਰੀ ਹੋ ਜਾਂਦਾ ਹੈ। ਇਹ ਅਵਸਥਾ ਅੱਜ ਦੀ ਨਹੀਂ ਜੰਗਲੀ ਅਵਸਥਾ ਤੋਂ ਹੀ ਤੁਰੀ ਆ ਰਹੀ ਹੈ। ਗਰੀਬ ਅਤੇ ਕਬੀਲਾ ਸਭਿਆਚਾਰ ਦੇ ਹਿੱਸੇ ਸ਼ਿਕਾਰ ਅਤੇ ਹਿੰਸਾ ਆਈ ਤੇ ਸ਼ਕਤੀਸ਼ਾਲੀ ਧਿਰਾ ਰਾਜਗੱਦੀਆਂ ਦੀਆਂ ਮਾਲਕ ਹੋ ਗਈਆਂ। ਆਧੁਨਿਕ ਅਪਰਾਧ ਵਿਗਿਆਨ ਦੀ ਇਹ ਧਾਰਨਾ ਕੇ ਸਭਿਅਕ ਜਮਾਤਾਂ ਅਪਰਾਧ ਨਾਲੋਂ ਕਾਨੂੰਨੀ ਲੜਾਈ ਨੂੰ ਤਰਜੀਹ ਦਿੰਦੀਆਂ ਹਨ, ਇਸੇ ਤਰਕ ਵਿਚੋਂ ਉਭਰ ਕੇ ਆਉਂਦੀ ਹੈ। ਅਪਰਾਧ ਵਿਗਿਆਨ ਦੇ ਇਸੇ ਤਰਕ ਵਿਚੋਂ ਹੀ ਜਮਾਨਤ ਲੈਣ ਦੇ ਕਾਨੂੰਨ ਦੀ ਵਿਆਖਿਆ ਕੀਤੀ ਜਾਂਦੀ ਹੈ। ਲੁੱਟੀਆਂ ਜਾਂਦੀਆਂ ਅਤੇ ਲੁੱਟ ਕਰਦੀਆਂ ਜਮਾਤਾਂ ਦੇ ਅਸਾਵੇਂ ਰਿਸ਼ਤਿਆਂ ਅਤੇ ਸ਼ਕਤੀ ਦਾ ਤਵਾਜਨ ਲੁੱਟ ਕਰਦੀਆਂ ਜਮਾਤਾਂ ਦੇ ਹੱਕ ਵਿਚ ਹੋਣ ਕਰਕੇ ਅਪਰਾਧ ਵਿਗਿਆਨ ਵੀ ਸ਼ਕਤੀਸ਼ਾਲੀ ਧਿਰਾਂ ਦੇ ਹੱਕ ਵਿਚ ਭੁਗਤਦੀ ਹੈ। ਪ੍ਰਵਾਸੀ ਮਜ਼ਦੂਰਾਂ ਵਿਚ ਅਪਰਾਧ ਦੀ ਬਿਰਤੀ ਦਾ ਪਦਾਇਸ਼ੀ ਮੰਨ ਲੈਣਾ ਬਿਰਤਾਂਤਕਾਰ ਦੇ ਵਿਚਾਰਧਾਰਕ ਸੰਕਟ ਦਾ ਸ਼ਿਕਾਰ ਹੋ ਜਾਣ ਦਾ ਸੂਚਕ ਹੈ।

ਸਮਾਜਕ ਯਥਾਰਥ ਵਿਚ ਪਰਿਵਾਰਕ ਰਿਸ਼ਤਿਆਂ ਦੀ ਤਿੜਕਣ ਦਾ ਸਥਲ ਸਰੂਪ ਨਾਵਲ ਵਿਚੋਂ ਪਛਾਣਿਆ ਜਾ ਸਕਦਾ ਹੈ। ਮਾਇਆ ਦੀ ਲਲਕ ਕੌਰਵ ਸਭਾ ਦੇ ਹਰ ਕਾਂਡ ਵਿਚ ਨੁਮਾਇਆ ਹੋ ਕੇ ਪੇਸ਼ ਹੁੰਦੀ ਹੈ। ਹਰ ਵਿਅਕਤੀ ਨੇਤਾ, ਵਕੀਲ, ਜੱਜ, ਪੁਲਿਸ ਅਫਸਰ, ਸਰਕਾਰੀ ਅਤੇ ਪਰਾਈਵੇਟ ਹਸਪਤਾਲਾਂ ਦੇ ਡਾਕਟਰ ਗੱਲ ਕੀ ਮੁੱਖ ਮੰਤਰੀ ਤੱਕ ਭ੍ਰਿਸ਼ਟਾਚਾਰ ਅਤੇ ਰਿਸ਼ਵਤਖੋਰੀ ਦੀ ਦਲਦਲ ਵਿਚ ਧਸ ਚੁੱਕਿਆ ਹੈ। ਅਫ਼ਸਰਸ਼ਾਹੀ ਦਾ ਜਨਤਾ ਨਾਲ ਰਿਸ਼ਤਾ ਵਫਾਦਾਰੀ ਦਾ ਨਹੀਂ ਗਾਹਕ ਵਾਲਾ ਹੀ ਨਜ਼ਰ ਆਉਂਦਾ ਹੈ। ਮਾਇਆ ਦੀ ਕਾਮਨਾ ਨੇ ਇਨ੍ਹਾਂ ਬਿਊਰੋਕਰੇਟਾਂ ਅਤੇ ਨੇਤਾਵਾਂ ਨੂੰ 'ਅਮਾਨਵੀਅਤਾ ਹੀ ਨਹੀਂ ਕਮੀਨਗੀ ਦੀ ਸਿਖਰਲੀ ਹੱਦ ਤੱਕ ਪਹੁੰਚਾ ਦਿੱਤਾ ਹੈ। ਪਰਿਵਾਰਕ ਸਾਕੇਦਾਰੀਆਂ ਵੀ ਪੂੰਜੀਵਾਦੀ ਦੌਰ ਵਿਚ ਖੀਣ ਹੋਈਆਂ ਨਜ਼ਰ ਪੈਂਦੀਆਂ ਹਨ। ਨਾਵਲ ਵਿਚ ਇਸ ਯਥਾਰਥ ਦੇ ਅਨੇਕਾਂ ਵੇਰਵੇ ਦਰਜ ਹਨ। ਵੇਦ ਪਰਿਵਾਰ ਉਪਰ ਦੁੱਖਾਂ ਦਾ ਪਹਾੜ ਟੁੱਟਣ ਤੋਂ ਬਾਅਦ ਰਾਮਨਾਥ ਅਤੇ ਨੇਹਾ ਦੀ ਸਹੇਲੀ ਪਲਵੀ ਤੋਂ ਬਿਨ੍ਹਾਂ ਕੋਈ ਨਹੀਂ ਖੜ੍ਹਦਾ। ਵੇਦ ਪਰਿਵਾਰ ਦੇ ਨਜਦੀਕੀ ਰਿਸ਼ਤੇਦਾਰ ਤਾਂ ਪਾਸਾ ਵਟਦੇ ਹੀ ਹਨ, ਰਾਮਨਾਥ ਦੀਆਂ ਭੈਣਾਂ ਅਤੇ ਭਰਾ ਵੀ ਉਸੇ ਵਿਚਾਰ ਦੇ ਧਾਰਨੀ ਹਨ:-

ਪਿਛਲੇ ਹਫਤੇ ਤੇ ਕਿਸੇ ਨੇ ਵੀ ਹਸਪਤਾਲ ਗੇੜਾ ਨਹੀ ਸੀ

ਮਾਰਿਆ। ਮਰੀਜਾਂ ਦੀ ਦੇਖਭਾਲ ਲਈ ਰਾਮਨਾਥ ਸੀ, ਸੰਗੀਤਾ ਜਾਂ ਨੇਹਾ।

(ਕੌਰਵ ਸਭਾ,ਪੰਨਾ,159)

.............

ਉਸ ਦਿਨ ਦੀ ਗਈ ਸੀਮਾ ਵੀ ਸੁਸ਼ਮਾ ਵਾਂਗ ਭੋਗ ਤੇ ਹੀ ਆਈ

ਸੀ। ਭੋਗ ਉਪਰ ਵੀ ਕਿਸੇ ਨੇ ਦਿਨ ਕਟਾਉਣ ਦੀ ਗੱਲ ਨਹੀਂ ਸੀ ਤੋਰੀ। ਆਮ ਰਿਸ਼ਤੇਦਾਰਾਂ ਵਾਂਗ ਸਵੇਰੇ ਆਏ ਅਤੇ ਸ਼ਾਮ ਨੂੰ ਮੁੜ ਗਏ।(ਉਹੀ, ਪੰਨਾ-136)

ਸਮੁੱਚੇ ਸਮਾਜਕ ਪਰਿਪੇਖ ਨੂੰ ਨਿਰਧਾਰਤ ਕਰਨ ਵਾਲੇ ਅਨੇਕਾਂ ਵੇਰਵੇ ਇਸ ਪ੍ਰਸੰਗ ਵਿਚ ਭੁਗਤਾਏ ਜਾ ਸਕਦੇ ਹਨ। ਜਿਨ੍ਹਾਂ ਦੀ ਆਲੋਚਨੀ ਦ੍ਰਿਸ਼ਟੀ ਤੋਂ ਪੇਸ਼ਕਾਰੀ ਮਿੱਤਰ ਸੈਨ ਮੀਤ ਨੇ ਇਸ ਨਾਵਲ ਵਿਚ ਕੀਤੀ ਹੈ।

**2. ਆਰਥਕ/ ਵਿਚਾਰਧਾਰਕ ਅਧਿਐਨ ਦ੍ਰਿਸ਼ਟੀ** :

'ਕੌਰਵ ਸਭਾ' ਨਾਵਲ ਦਾ ਮੁੱਖ ਸਮੱਸਿਆਕਾਰ ਆਰਥਿਕ ਸੰਰਚਨਾ ਹੀ ਹੈ। ਪਰ ਇਹ ਆਰਥਕਤਾ ਸਧਾਰਨ ਆਰਥਕਤਾ ਨਹੀਂ ਪੂੰਜੀਵਾਦੀ ਵਿਕਰਾਲਤਾ ਦੀ ਮਾਇਆਵੀ ਪ੍ਰਸਤੁਤੀ ਹੈ। ਮੋਹਨ ਅਤੇ ਵੇਦ ਪਰਿਵਾਰ ਦਾ ਸੰਕਟ ਹੀ

ਆਰਥਕ ਬੇਤਰਤੀਬੀ ਵਿੱਚੋਂ ਸ਼ੁਰੂ ਹੁੰਦਾ ਹੈ। ਮਿੱਤਰ ਸੈਨ ਮੀਤ ਇਹ ਦਰਸਾਉਣ ਦੀ ਕੋਸ਼ਿਸ਼ ਕਰਦਾ ਹੈ ਕਿ ਬਹੁ ਰਾਸਟਰੀ ਕੰਪਨੀਆਂ ਤੀਸਰੀ ਦੁਨੀਆਂ ਦੇ ਪੱਛੜੇ ਮੁਲਕਾਂ ਦੇ ਸਧਾਰਨ ਵਰਗਾ ਦਾ ਹੀ ਸ਼ੋਸ਼ਣ ਨਹੀਂ ਕਰਦੀਆਂ ਸਗੋਂ ਇਨ੍ਹਾਂ ਦੇ ਬੇਸ਼ਕੀਮਤੀ ਕੁਦਰਤੀ ਸਾਧਨਾਂ ਦੀ ਲੁੱਟ ਵੀ ਕਰਦੀਆਂ ਹਨ। ਵਪਾਰ ਦੇ ਨਾ ਤੇ ਵਡੇਰੀ ਮਾਤਰਾ ਵਿਚ ਸਥਾਨਕ ਮੁਦਰਾ ਵਿਦੇਸ਼ੀ ਸਿੱਕੇ ਵਿਚ ਬਦਲ ਕੇ ਵਿਦੇਸ਼ਾਂ ਨੂੰ ਵੀ ਜਾਂਦੀ ਹੈ। ਸਿੱਟੇ ਵਜੋਂ ਭਾਰਤ ਪੰਜਾਬ ਦਾ ਦਰਮਿਆਨਾ ਪੂੰਜੀਪਤੀ ਇਨ੍ਹਾਂ ਨਿਗਮਾ ਅੱਗੇ ਟਿਕ ਹੀ ਨਹੀਂ ਸਕਦਾ। ਕੌਰਵ ਸਭਾ ਵਿਚ ਵੇਦ ਅਤੇ ਮੋਹਨ ਪਰਿਵਾਰ ਦਾ ਸੰਕਟ ਇਸ ਵਿਦੇਸ਼ੀ ਪੂੰਜੀ ਨਿਵੇਸ਼ ਦੇ ਕਾਰਨ ਖੁੱਲੀ ਮੰਡੀ ਦੇ ਜਲੌਅ ਅੱਗੇ ਨਾ ਟਿਕ ਸਕਣ ਕਾਰਨ ਵਾਪਰਦਾ ਹੈ। ਮੋਹਨ ਦਾ ਵਪਾਰ ਜਿਹੜਾ ਹੁਣ ਤਕ ਅਫਸਰਸਾਹੀ ਦੀ ਮਿਲੀਭੁਗਤ ਅਤੇ ਠੱਗੀਆਂ-ਠੋਰੀਆਂ ਉਪਰ ਚੱਲ ਰਿਹਾ ਸੀ। ਪਰ ਹੁਣ ਉਹ ਜਿਸ ਕਾਰੋਬਾਰ ਵਿਚ ਦਾਖਲ ਹੋਣਾ ਚਾਹੁੰਦੇ ਸਨ, ਉਹ ਪੰਜਾਬ ਸਰਕਾਰ ਦੀਆਂ ਅਫ਼ਸਰਸ਼ਾਹੀ ਕਦਰਾਂ ਕੀਮਤਾਂ ਉਪਰ ਨਹੀਂ, ਪੂੰਜੀਵਾਦੀ ਕਦਰਾਂ ਕੀਮਤਾਂ ਉਪਰ ਉਸਰਨਾ ਸੀ। ਸਰਕਾਰ ਦੀਆਂ ਉਦਾਰਵਾਦੀ ਨੀਤੀਆਂ ਤਹਿਤ ਬਹੁਰਾਸ਼ਟਰੀ ਕੰਪਨੀਆਂ ਨੂੰ ਦਿੱਤੀਆਂ ਜਾਂਦੀਆਂ ਛੋਟਾਂ ਤੇ ਟੈਕਸ ਰਿਆਇਤਾਂ ਕਾਰਨ ਪੰਜਾਬ ਦੇ ਛੋਟੇ ਪੂੰਜੀਪਤੀ ਲਈ ਗਲਵੱਢ ਮੁਕਾਬਲੇ ਦੀ ਸਥਿਤੀ ਪੈਦਾ ਕਰ ਦਿੱਤੀ ਹੈ। ਇਸ ਗਲ਼ਵੱਢ ਮੁਕਾਬਲੇ ਸਾਹਮਣੇ ਪੰਕਜ, ਨਰੀਜ ਅਤੇ ਵੇਦ ਪਰਿਵਾਰ ਦਾ ਵੱਡਾ ਲੋਹਾ ਉਦਯੋਗ ਲਾਉਣ ਦਾ ਸੁਪਨਾ ਹੀ ਨਹੀਂ ਤਿੜਕਦਾ ਸਗੋਂ ਪਰਿਵਾਰਕ ਵਿਖੰਡਣ ਵੀ ਵਾਪਰਦਾ ਹੈ:-

ਕੇਂਦਰ ਵਿਚ ਸਰਕਾਰ ਬਦਲ ਗਈ। ਨਵੀਂ ਸਰਕਾਰ ਨੇ ਸਖਤੀ ਕਰ ਦਿੱਤੀ। ਨਵੇਂ ਕਰਜਿਆਂ ਦੀਆਂ ਸ਼ਰਤਾਂ ਸਖਤ ਹੋ ਗਈਆਂ। ਸਬਸਿਡੀਆਂ ਘਟ ਗਈਆਂ। ਟੈਕਸਾਂ ਵਿਚ ਮਿਲਦੀਆਂ ਛੋਟਾਂ ਬੰਦ ਹੋ ਗਈਆਂ। ਆਮਦ ਦਰਾਮਦ ਦੀਆਂ ਸ਼ਰਤਾਂ ਢਿੱਲੀਆਂ ਹੋ ਗਈਆਂ। ਬਾਹਰ ਆਉਂਦਾ ਮਾਲ ਸਸਤਾ ਪੈਣ ਲੱਗਾ ਹੇਰਾ ਫੇਰੀਆਂ ਦੇ ਰਸਤੇ ਬੰਦ ਹੋ ਗਏ। ਮਿੱਲ ਨੂੰ ਮਿਲਣ ਵਾਲੀ ਮਨਜ਼ੂਰੀ ਵਿਚ ਦੇਰ ਹੋਣ ਲੱਗੀ। ਖਰਚੇ ਵਧਣ ਲੱਗੇ ਬਜਟ ਹਿੱਚਕੋਲੇ ਖਾਣ ਲੱਗਾ। ਅਖੀਰ ਕੌੜਾ ਘੁੱਟ ਭਰਿਆ ਗਿਆ। ਉਸਾਰੀ ਰੋਕ ਕੇ ਉਸ ਨੂੰ ਵਿਕਰੀ 'ਤੇ ਲਾ ਦਿੱਤਾ ਗਿਆ।(ਕੌਰਵ ਸਭਾ,ਪੰਨਾ-16-17

ਮੀਤ ਪੰਜਾਬ ਦੀ ਸਰਮਾਏਦਾਰੀ ਉਪਰ ਵਿਸ਼ਵੀ ਵਿੱਤੀ ਪੂੰਜੀ ਦੁਆਰਾ ਪਾਏ ਜਾਣ ਵਾਲੇ ਪ੍ਰਭਾਵ ਤੋਂ ਚੇਤਨ ਹੈ। ਦੇਖੋ ਨਮੂਨਾ:-

ਸੰਸਾਰੀਕਰਨ ਦੇ ਇਸ ਦੌਰ ਵਿਚ ਬਹੁਤ ਸਾਰੀਆਂ ਬਹੁਦੇਸ਼ੀ ਕੰਪਨੀਆਂ ਭਾਰਤ ਵਿਚ ਪੈਰ ਜਮਾਉਣ ਦੇ ਯਤਨ ਕਰ ਰਹੀਆਂ ਸਨ। ਕੇਂਦਰ ਸਰਕਾਰ ਵਿਦੇਸ਼ੀ ਨਿਵੇਸ਼ ਨੂੰ ਉਤਸਾਹਤ ਕਰ ਰਹੀ ਸੀ। ਸਨਅਤ ਮੰਤਰੀ ਵਫਦ ਲੈ ਲੈ ਬਾਹਰਲੇ ਦੇਸ਼ਾਂ ਨੂੰ ਤੁਰੇ ਰਹਿੰਦੇ ਸਨ। ਕੁੱਝ ਦੇਸ਼ਾਂ ਦਾ ਚੱਕਰ ਬਾਬੂ ਜੀ ਵੀ ਉਨ੍ਹਾਂ ਨਾਲ ਲਾ ਆਏ ਸਨ।(ਕੌਰਵ ਸਭਾ, ਪੰਨਾ-89)

ਮੋਹਨ, ਪੰਕਜ, ਸਨਅਤ ਮੰਤਰੀ, ਬਾਬੂ ਜੀ, ਜੱਜ, ਵਕੀਲ ਆਦਿ ਸਭ ਪਰਜੀਵੀ ਕਿਸਮ ਦੇ ਲੋਕ ਹਨ ਜੋ ਨਿੱਜੀ ਹਿਤਾਂ ਲਈ ਬਹੁ ਰਾਸ਼ਟਰੀ ਨਿਗਮਾਂ ਨਾਲ ਸਾਂਝ ਭਿਆਲੀ ਬਣਾ ਕੇ ਦਲਾਲ ਕਲਚਰ ਦੇ ਮੁਦੱਈ ਬਣਦੇ ਹਨ।

ਇਹ ਤੀਸਰੀ ਦੁਨੀਆਂ ਦੇ ਮੁਲਕਾਂ ਵਿਚ ਪੈਦਾ ਹੋਇਆ ਉਹ ਵਰਗ ਹੈ ਜਿਹੜਾ ਵਿਦੇਸ਼ੀ ਵਰਗਾਂ ਜਿੰਨਾ ਹੀ ਅਮੀਰ ਹੈ ਅਤੇ ਇਨ੍ਹਾਂ ਦੀਆਂ ਸਭਿਆਚਾਰਕ ਦਿਲਚਸਪੀਆਂ ਵੀ ਮਿਲਦੀਆਂ ਜੁਲਦੀਆਂ ਹਨ। ਪੰਜਾਬੀ ਸਮਾਜ ਵਿਚ ਬੰਦੇ ਦੀਆਂ ਇਹ ਲੋਕਵਾਦੀ ਰੁਚੀਆਂ ਨੇ ਪੈਸੇ ਦਾ ਨਿਕਾਰਨ ਕਰਨ ਦੀ ਬਜਾਏ ਪੈਸੇ ਨੂੰ ਸਵੀਕਾਰ ਕੀਤਾ ਹੈ। ਇਸ ਰੁਚੀ ਨੇ ਪੰਜਾਬ ਅੰਦਰ ਨਵ ਸਰਮਾਏ ਦਾਰੀ ਵਰਗ ਪੈਦਾ ਕੀਤਾ ਹੈ ਜਿਹੜਾ ਅਫ਼ਸਰਸ਼ਾਹੀ ਦੀ ਮਿਲੀਭੁਗਤ ਨਾਲ ਪੈਸਾ ਇਕੱਤਰ ਕਰਦਾ ਹੈ। ਨੰਗੀਆਂ, ਹੇਰਾ ਫੇਰੀਆਂ, ਸੱਟੇਬਾਜ਼ੀਆਂ, ਸ਼ੇਅਰ ਬਜ਼ਾਰ, ਦਲਾਲੀਆਂ ਅਤੇ ਘੁਟਾਲਿਆਂ ਰਾਹੀਂ ਸੰਚਿਤ ਕੀਤੇ ਗਏ ਪੈਸੇ ਨੂੰ ਉਤਪਾਦਕ ਅਤੇ ਗ਼ੈਰ ਉਤਪਾਦਕ ਖੇਤਰਾਂ ਵਿਚ ਨਿਵੇਸ਼ ਕੀਤਾ ਜਾਂਦਾ ਹੈ।

'ਕੌਰਵ ਸਭਾ' ਦਾ ਮੋਹਨ ਲਾਲ ਸਿਵਲ ਇੰਜੀਨੀਅਰਿੰਗ ਦੀ ਡਿਗਰੀ ਕਰਦਾ ਹੈ। ਇੰਜੀਨੀਅਰਿੰਗ ਇਕ ਤਰ੍ਹਾਂ ਦਾ ਵਿਸ਼ਿਸ਼ਟ ਗਿਆਨ ਹੈ। ਇਸ ਗਿਆਨ ਦੀ ਸ਼ਕਤੀ ਨਾਲ ਮੋਹਨ ਐਸ.ਡੀ.ਓ ਦਾ ਰੁਤਬਾ ਹਾਸਲ ਕਰਦਾ ਹੈ। ਗਿਆਨ ਦੀ ਸ਼ਕਤੀ ਅਤੇ ਰੁਤਬੇ ਦੀ ਤਾਕਤ ਨਾਲ ਮੋਹਨ ਮਾਇਆ ਨਗਰ ਵਿਚ ਪੈਸੇ ਦੀ ਸਲਤਨਤ ਖੜੀ ਕਰਦਾ ਹੈ ਜਿਸ ਦਾ ਹੇਠਲਾ ਹਿੱਸੇਦਾਰ ਉਸ ਦਾ ਛੋਟਾ ਭਰਾ ਵੇਦ ਬਣਦਾ ਹੈ। ਇਹ ਵਿਸ਼ਿਸ਼ਟ ਗਿਆਨ ਅਤੇ ਸ਼ਕਤੀ ਹਰ ਬੰਦਾ ਹਾਸਲ ਨਹੀਂ ਕਰ ਸਕਦਾ, ਇਹ ਵੀ ਪੈਸੇ ਦੀ ਤਾਕਤ ਵਾਲੀ ਧਿਰ ਹੀ ਕਰ ਸਕਦੀ ਹੈ। ਵਕੀਲ, ਡਾਕਟਰ, ਇੰਜੀਨੀਅਰ ਅਤੇ ਨੇਤਾ ਆਦਿ ਇਸੇ ਵਰਗ ਵਿਸ਼ੇਸ਼ ਦੀ ਪ੍ਰਤਿਨਿਧਤਾ ਕਰਦੇ ਹਨ। ਪੂੰਜੀਵਾਦੀ ਅਰਥ ਪ੍ਰਬੰਧ ਨੇ ਇਸ ਗਿਆਨ ਅਤੇ ਸ਼ਕਤੀ ਦੀ ਪ੍ਰਾਪਤੀ ਨੂੰ ਇਕ ਲੋੜ ਬਣਾ ਦਿੱਤਾ ਹੈ। ਵਿਸ਼ਵੀਕਰਨ ਦੇ ਸੰਕਲਪ ਨੇ ਭਾਰਤ-ਪੰਜਾਬ ਵਿਚ ਸ਼ਹਿਰੀ ਮੱਧ ਵਰਗ ਦੇ ਸੁਪਨਿਆਂ ਨੂੰ ਵਿਸ਼ੇਸ਼ ਤੌਰ ਤੇ ਟੁੰਬਿਆ ਹੈ। ਇਸੇ ਲਈ ਮੱਧਵਰਗ ਨੇ ਬੜੇ ਉਤਾਵਲੇ ਉਤਸ਼ਾਹ ਨਾਲ ਇਸ ਵਰਤਾਰੇ ਨੂੰ ਕ੍ਰਾਂਤੀ ਦੇ ਰੂਪ 'ਚ ਸਵੀਕਾਰ ਕੇ ਇਸ ਦਾ ਭਰਪੂਰ ਸਵਾਗਤ ਕੀਤਾ ਹੈ। ਮੱਧ ਵਰਗ ਦਾ ਇਹ ਉਤਸਾਹ ਬਹੁਕੌਮੀ ਕੰਪਨੀਆਂ ਲਈ ਵਰਦਾਨ ਸਾਬਿਤ ਹੋਇਆ ਹੈ। ਬਜਾਰ ਵਿਚ ਟੀ.ਵੀ, ਫਰਿਜ, ਕੰਪਿਊਟਰ, ਮੋਬਾਇਲ ਅਤੇ ਹੋਰ ਉਪਯੋਗੀ ਵਸਤੂਆਂ ਦਾ ਹੜ੍ਹ ਆ ਗਿਆ ਹੈ। ਮੱਧ ਵਰਗ ਦੀ ਉਚਿੱਤਾ ਅਤੇ ਪਛਾਣ ਇਨ੍ਹਾਂ ਵਸਤਾਂ ਦੇ ਇਕੱਤਰੀਕਰਨ ਅਤੇ ਉਪਭੋਗ ਨਾਲ ਮਾਪੀ-ਜਾਣੀ ਸ਼ੁਰੂ ਹੋਈ ਹੈ। ਇਨ੍ਹਾਂ ਦੀ ਖਰੀਦ ਲਈ ਪੈਸਾ ਚਾਹੀਦਾ ਹੈ ਅਤੇ ਮੱਧ ਵਰਗ ਨੇ ਹਰ ਹਰਬੇ ਧਨ ਹਥਿਊਣ ਅਤੇ ਵਸਤਾਂ ਦੇ ਅਰਾਜਕ ਉਪਭੋਗ ਨੂੰ ਆਪਣੀ ਜ਼ਿੰਦਗੀ ਦਾ ਉਦੇਸ਼ ਬਣਾ ਲਿਆ ਹੈ। ਬੰਦੇ ਦੀ ਇਸ ਖਪਤਵਾਦੀ ਰੁਚੀ ਵਿੱਚੋਂ ਹੀ ਅਮਾਨਵੀ ਵਿਡੰਬਣਾਵਾਂ ਉਭਰ ਰਹੀਆਂ ਹਨ।

ਕੌਰਵ ਸਭਾ ਨਾਵਲ ਦਾ ਹਰ ਪਾਤਰ ਪੂੰਜੀਵਾਦੀ ਯੁੱਗਗਰਦੀਆਂ ਦਾ ਅਨੁਸਾਰੀ ਹੈ। ਮੋਹਨ, ਵੇਦ, ਨੀਲਮ, ਪੰਕਜ, ਨੀਰਜ, ਜੱਜ, ਵਕੀਲ, ਪੁਲਿਸ ਅਫਸਰ, ਡਾਕਟਰ ਆਦਿ ਸਭ ਵਿਚ ਮਾਇਆ ਇਕੱਤਰ ਕਰਨ ਦੀ ਦੌੜ ਦਿਖਾਈ ਦਿੰਦੀ ਹੈ। ਇਸੇ ਲਾਲਸਾ ਵਿਚੋਂ ਭ੍ਰਿਸਟਾਚਾਰ ਅਤੇ ਅਮਾਨਵੀਅਤਾਂ ਦਾ ਸਿਲਸਿਲਾ ਸ਼ੁਰੂ ਹੁੰਦਾ ਹੈ। ਭ੍ਰਿਸ਼ਟਾਚਾਰ ਸਿਰਫ ਦੇਸ਼ ਅੰਦਰ ਹੀ ਮਹਿਦੂਦ ਨਹੀਂ ਅੰਤਰਰਾਸ਼ਟਰੀ ਸਰਹੱਦਾਂ ਵੀ ਪਾਰ ਕਰ ਜਾਂਦਾ ਹੈ। ਨਾਵਲ ਵਿੱਚ ਵੇਰਵਾ ਦਰਜ ਹੈ:-

ਬੜੀ ਮੁਸ਼ਕਲ ਨਾਲ ਦੋਹਾਂ ਧਿਰਾਂ ਨੂੰ ਇਕੱਲਿਆ ਵਿਹਲ ਮਿਲੀ ਸੀ। ਬਾਬੂ ਜੀ ਦੀ ਸਨਅਤ ਮੰਤਰੀ ਨਾਲ ਮੁਲਾਕਾਤ ਸੀ। ਬਾਬੂ ਜੀ ਮਾਇਆ ਨਗਰ ਲਈ ਭਾਰੀ ਉਦਯੋਗ ਦੀ ਮੰਗ ਕਰ ਰਹੇ ਸਨ। ਐਮ.ਪੀ. ਅਤੇ ਮੰਤਰੀ ਵਿਚਕਾਰ ਇਸ ਮੁੱਦੇ 'ਤੇ ਵਿਚਾਰ ਹੋਈ ਸੀ। ਕਿਸੇ ਨਵੇਂ ਪ੍ਰੋਜੈਕਟ ਤੇ ਹੱਥ ਵੱਜ ਸਕਦਾ ਸੀ। ਕੋਈ ਮੋਟੀ ਮੁਰਗੀ ਹੱਥ ਲੱਗ ਗਈ ਤਾਂ ਮੁਫ਼ਤ-ਮੁਫਤ ਵਿਚ ਬਾਬੂ ਜੀ ਦੀ ਉਮਰ ਭਰ ਦੀ ਰੋਟੀ ਦਾ ਜੁਗਾੜ ਬਣ ਜਾਣਾ ਸੀ। (ਕੌਰਵ ਸਭਾ, ਪੰਨਾ 59-60)

ਮਿੱਤਰ ਸੈਨ ਮੀਤ ਵਿਸ਼ਵੀਕਰਨ ਦੇ ਪੂੰਜੀਵਾਦੀ ਖਾਸੇ ਤੇ ਪੂਰੀ ਤਰ੍ਹਾਂ ਸੁਚੇਤ ਹੈ। ਮੱਧ ਵਰਗ ਵਿਚ ਪੂੰਜੀਵਾਦ ਦੁਆਰਾ ਨਿਰਮਤ ਕੀਤੀਆਂ ਗਈਆਂ ਰੁਚੀਆਂ ਕਰੁਚੀਆਂ ਦਾ ਗਲਪੀ ਰੂਪਾਤਰਣ ਇਸ ਨਾਵਲ ਵਿਚ ਪੇਸ਼ ਹੋਇਆ ਹੈ। ਦਲਾਲੀ, ਭ੍ਰਿਸ਼ਟਤਾ, ਰਿਸ਼ਵਤਖੋਰੀ ਸਿਰਫ ਨੇਤਾਵਾਂ ਅਤੇ ਬਹੁਰਾਸ਼ਟਰੀ ਕੰਪਨੀਆਂ ਤੱਕ ਮਹਿਦੂਦ ਨਹੀਂ ਪੂਰਾ ਮੱਧ ਵਰਗ, ਜਿਸ ਕੋਲ ਸੱਤਾ ਦੀ ਸ਼ਕਤੀ ਹੈ, ਰੁਤਬਾ ਹੈ ਮੁਰਾਤਬਾ ਹੈ, ਇਸ ਵਿਚ ਗਲਤਾਨ ਹੈ। ਭ੍ਰਿਸ਼ਟਾਚਾਰ ਦਾ ਵਿਸ਼ਵੀ ਰੂਪ ਕਮਿਸ਼ਨ (ਦਲਾਲੀ) ਹੈ। ਇਹ ਦਲਾਲੀ ਅਫ਼ਸਰਾਂ, ਜੱਜਾਂ, ਵਕੀਲਾਂ ਦੁਆਰਾ ਤੋਹਫਿਆਂ ਦੇ ਰੂਪ ਵਿਚ, ਨੇਤਾਵਾਂ ਦੁਆਰਾ ਪਾਰਟੀ ਫੰਡਾਂ ਦੇ ਰੂਪ ਵਿਚ ਅਤੇ ਮੇਲੂ ਤੇ ਰਾਮਲੁਬਾਇਆ ਵਰਗੇ ਲੋਕ ਅਫਸਰਾਂ ਅਤੇ ਧਨਾਢਾਂ ਵਿਚਕਾਰ ਸੌਦੇ ਕਰਾਉਣ ਲਈ ਖਟਦੇ ਹਨ। ਇਸ ਨਾਵਲ ਵਿਚ ਉਪਰਲੇ ਮੱਧ ਵਰਗ ਨਾਲ ਸਬੰਧਿਤ ਨੇਤਾ, ਜੱਜ, ਵਕੀਲ, ਅਫਸਰ, ਧਨਾਡ ਵਰਗ ਦੇ ਪਾਤਰ ਪੇਸ਼ ਹੋਏ ਹਨ। ਇਨ੍ਹਾਂ ਦੀ ਆਪਸੀ ਕਸ਼ਮਕਸ਼ ਹੀ ਗਲਪੀ ਪੈਰਾਡਾਈਮ ਦੀ ਕੇਂਦਰੀ ਵਸਤੂ ਹੈ। ਆਮ ਸਧਾਰਨ ਬੰਦਾ ਇਸ ਨਾਵਲ ਵਿਚੋਂ ਖਾਰਜ ਹੈ। ਜੇ ਕਿਤੇ ਪੇਸ਼ ਹੋਇਆ ਵੀ ਹੈ ਤਾਂ ਉਹ ਜਾਂ ਤਾਂ ਅਪਰਾਧ ਵਿਚ ਭਾਗੀਦਾਰ ਹੈ ਜਾਂ ਫਿਰ ਜੁਰਮ ਦਾ ਸ਼ਿਕਾਰ ਹੈ। ਉਦਾਹਰਨ ਲਈ ਭਈਆ, ਮਜਦੂਰ, ਛਿੰਦੇ ਅਤੇ ਸਰੁਤੀ ਦੇ ਪਾਤਰਾਂ ਨੂੰ ਵੇਖਿਆ ਜਾ ਸਕਦਾ ਹੈ। ਸਮੁੱਚੇ ਰੂਪ ਵਿਚ ਇਸ ਨਾਵਲ ਦੀ ਆਰਥਿਕ ਵਸਤੂ ਸਥਿਤੀ ਅਸਾਂਵੇਪਨ ਦੀ ਲਖਾਇਕ ਹੈ।

**3. ਸਮਕਾਲੀ ਰਾਜਨੀਤਕ ਯਥਾਰਥ ਸਬੰਧੀ ਅਧਿਐਨ ਦ੍ਰਿਸ਼ਟੀ :-**

ਹੁਣ ਤੱਕ ਆਪਾਂ ਵੇਖ ਹੀ ਚੁੱਕੇ ਹਾਂ ਕਿ ਕੌਰਵ ਸਭਾ ਨਾਵਲ ਵਿਚ ਪੇਸ਼ ਹੋਈ ਸਮੁੱਚੀ ਸਿਆਸੀ ਸ਼ਕਤੀ ਵਧੇਰੇ ਕਰਕੇ ਪੈਸੇ ਵਾਲੀ ਧਿਰ ਨਾਲ ਖੜੀ ਨਜਰ ਆਉਂਦੀ ਹੈ। ਮਹਾਂ ਭਾਰਤ ਦੀ ਮਿੱਥ ਵਿਚ ਕੌਰਵ ਆਪਣੀ ਰਾਜਸੀ ਸ਼ਕਤੀ, ਸੰਪਤੀ ਦੀ ਤਾਕਤ, ਦੰਭ ਅਤੇ ਕੂਟਨੀਤਕ ਚਾਲਾਂ ਨਾਲ ਪਾਂਡਵਾਂ ਨੂੰ ਤਬਾਹ ਕਰਨ ਦੇ ਮਨਸੂਬੇ ਘੜਦੇ ਹਨ। ਕੌਰਵ ਸਭਾ ਵਿਚ ਅਰਥਾਂ ਦੀ ਗਹਿਰਾਈ ਲਈ ਇਕ ਅੰਤਰ ਪਾਠ ਚਲਦਾ ਹੈ। ਰਮਾਇਣ ਮਹਾਂਭਾਰਤ, ਗੀਤਾ ਦੀ ਰਾਜਸੀ ਅਤੇ ਅਧਿਆਤਮਕ ਸ਼ਕਤੀ ਪਾਤਰਾਂ ਦੀ ਕਾਰਜਸ਼ੀਲਤਾ ਨੂੰ ਸ਼ਿੱਦਤ ਬਖਸਦੇ ਹਨ। ਕੌਰਵ ਸਭਾ ਦੀ ਪੈਸੇ ਵਾਲੀ ਧਿਰ ਧਨ ਦੀ ਤਾਕਤ ਨਾਲ ਰਾਜਸੀ ਮੌਕੇ ਅਤੇ ਸਟੇਟ ਦੀ ਸ਼ਕਤੀ ਨੂੰ ਆਪਣੇ ਹੱਕ ਵਿਚ ਭੁਗਤਾਉਂਦੀ ਹੈ:-

ਪਹਿਲਾਂ ਸਾਡੇ ਡਾਇਰੈਕਟਰ ਦਾ ਫੋਨ ਆਇਆ ਸੀ। ਫਿਰ ਸਿਹਤ ਮੰਤਰੀ ਦਾ ਆ ਗਿਆ। ਸਿਫਾਰਸ਼ ਚਾਲੂ ਨਹੀਂ ਸੀ। ਮੰਤਰੀ ਨੇ ਖੁਦ ਗੱਲ ਕੀਤੀ ਸੀ ਅਤੇ ਹੁਕਮ ਦਿੱਤਾ ਸੀ। ਦੋਖੀ ਉਨ੍ਹਾਂ ਦੇ ਰਿਸ਼ਤੇਦਾਰ ਸਨ। ਹਰ ਹੀਲੇ ਉਨ੍ਹਾਂ ਦੀ ਮਦਦ ਹੋਣੀ ਚਾਹੀਦੀ ਸੀ।"(ਕੌਰਵ ਸਭਾ,ਪੰਨਾ-172)

ਰਾਜਸੀ ਨੇਤਾ, ਪਰਿਵਾਰਕ ਸੰਗਠਨ, ਕਾਨੂੰਨੀ ਪ੍ਰਬੰਧ, ਸਭ ਕੁੱਝ ਮਾਇਆ ਦੀ ਲਛਮੀ ਅੱਗੇ ਤਿੜਕਦਾ ਨਜ਼ਰ ਆਉਂਦਾ ਹੈ। ਪੰਕਜ ਅਤੇ ਨੀਰਜ ਮੁੱਖ ਮੰਤਰੀ ਨਾਲ ਸੌਦਾ ਗੰਢ ਲੈਂਦੇ ਹਨ ਤਾਂ ਸਟੇਟ ਦੀ ਸ਼ਕਤੀ ਉਨ੍ਹਾਂ ਦੇ ਹੱਕ ਵਿਚ ਭੁਗਤ ਜਾਂਦੀ ਹੈ ਤੇ ਪੀੜਤ  ਨਿਆਂ ਤਲਾਸ਼ਦੇ ਹੀ ਰਹਿ ਜਾਂਦੇ ਹਨ:-

ਉਪਰੋਂ ਖੜਕਦੇ ਫੋਨਾ ਅਤੇ ਜੇਬ ਵਿਚ ਪੈਂਦੇ ਨੋਟਾਂ ਨੇ ਮਿਸਲ ਨੂੰ ਚਕਰੀ ਵਾਂਗ ਘੁਮਾਈ ਰੱਖਿਆ। ਚੌਵੀ ਘੰਟੇ ਦੇ ਅੰਦਰ ਅੰਦਰ ਮਿਸਲ ਆਈ.ਜੀ. ਕੋਲੋਂ  ਚੱਲ ਕੇ ਡੀ.ਆਈ.ਜੀ. ਪੁਲਿਸ ਕਪਤਾਨ, ਉਪ-ਪੁਲਿਸ ਕਪਤਾਨ ਰਾਹੀਂ ਹੁੰਦੀ ਹੋਈ ਮੁੱਖ ਅਫ਼ਸਰ ਤੱਕ ਪੁੱਜ ਗਈ।(ਕੌਰਵ ਸਭਾ, ਪੰਨਾ-231)

ਮਿੱਤਰ ਸੈਨ ਮੀਤ ਨੇ ਅਫਸਰਸ਼ਾਹੀ ਅਤੇ ਰਾਜਸੀ ਲੀਡਰਾਂ ਦੀ ਭ੍ਰਿਸ਼ਟ ਅਤੇ ਗੰਧਲੀ ਸਿਆਸਤ ਦੀ ਵਿਡੰਬਣਾਕਾਰੀ ਅਤੇ ਕਰਰ ਸਥਿਤੀ ਨੂੰ ਨਾਵਲ ਦਾ ਕੇਂਦਰੀ ਸਰੋਕਾਰ ਬਣਾਇਆ ਹੈ। ਰਾਜਸੀ ਨੇਤਾ ਸਿਆਸਤ ਵਿਚ ਲੋਕ ਸੇਵਾ ਜਾਂ ਮਾਨਵ ਮੁਕਤੀ ਦੇ ਉਦੇਸ਼ ਨੂੰ ਲੈ ਕੇ ਨਹੀਂ, ਮੁਨਾਫੇ ਦੀ ਸਨਅਤ ਸਮਝ ਕੇ ਰਾਜਨੀਤੀ ਵਿਚ ਦਾਖ਼ਲ ਹੁੰਦੇ ਹਨ। ਨਾਵਲ ਵਿਚ ਇਸ ਦਾ ਯਥਾਰਥਕ ਵੇਰਵਾ ਦਰਜ ਹੈ:-

ਬਘੇਲ ਸਿੰਘ ਦਾ ਸਿਆਸੀ ਭਵਿੱਖ ਖਤਰੇ ਵਿਚ ਸੀ। ਜੇ ਪਾਰਟੀ ਦੋਫਾੜ ਨਾ ਹੋਈ ਤਾਂ ਮੁੱਖ ਮੰਤਰੀ ਨੇ ਉਸ ਦਾ ਟਿਕਟ ਵਾਲਾ ਪੱਤਾ ਕੱਟ ਦੇਣਾ ਸੀ। ਜੇ ਪਾਰਟੀ ਬਚੀ ਰਹੀ ਅਤੇ ਉਸ ਨੂੰ ਟਿਕਟ ਮਿਲ ਗਿਆ, ਫੇਰ ਵੀ ਉਸ ਦੇ ਜਿੱਤਣ ਦੀ ਕੋਈ ਸੰਭਾਵਨਾ ਨਹੀਂ ਸੀ। ਅਸੁਰੱਖਿਅਤ ਮਹਿਸੂਸ ਕਰਦਾ ਬਘੇਲ ਸਿੰਘ ਅਸਰ ਰਸੂਖ ਦੀ ਥਾਂ ਪੈਸਾ ਬਣਾਉਣ ਵੱਲ ਧਿਆਨ ਦੇ ਰਿਹਾ ਸੀ।(ਕੋਰਵ ਸਭਾ, ਪੰਨਾ-154)

ਸਮਕਾਲੀ ਰਾਜਸੀ ਯਥਾਰਥ ਪੂਰੀ ਤਰ੍ਹਾਂ ਭ੍ਰਿਸ਼ਟ, ਤਿਗੜਮਬਾਜ਼, ਦੂਸ਼ਿਤ ਅਤੇ ਅਪਰਾਧਕ ਹੋ ਚੁੱਕਿਆ ਹੈ। ਸਟੇਟ ਹੁਣ ਹਾਕਮਾਂ ਅਤੇ ਅਫਸਰਸ਼ਾਹੀ ਲਈ ਧਨ ਇਕੱਠਾ ਕਰਨ ਲਈ ਡਰਾਵੇ ਦਾ ਡੰਡਾ ਬਣ ਗਿਆ ਹੈ। ਅਜੋਕੀ ਰਾਜਨੀਤਕ ਵਿਵਸਥਾ ਦੀ ਵਿਕਰਾਲ ਮਨੁੱਖ ਵਿਰੋਧੀ ਸਥਿਤੀ ਸਮੁੱਚੇ ਰਾਜਸੀ ਸਮਾਜਕ ਪਰਿਪੇਖ ਵਿਚੋਂ ਨਾਵਲੀ ਕੈਨਵਸ 'ਤੇ ਲਿਆਂਦੀ ਗਈ ਹੈ। ਸਟੇਟ ਦੀ ਸ਼ਕਤੀ ਸਾਧਨ ਸੰਪਨ ਜਮਾਤਾਂ ਦੇ ਹੱਕ ਵਿਚ ਭੁਗਤਣ ਸਬੰਧੀ ਟੀ.ਆਰ. ਵਿਨੋਦ ਦਾ ਕਥਨ ਹੈ :

"ਹਥਲਾ ਨਾਵਲ ਸਦੀਆਂ ਪੁਰਾਣੀ ਸੰਪੰਨ ਵਰਗਾਂ ਦੀ ਸਟੇਟ ਦਾ ਹੀ ਆਧੁਨਿਕ ਸੰਸਕਰਣ ਹੈ, ਜਿਸ ਵਿਚ ਸਰਮਾਏਦਾਰੀ ਵਿਵਸਥਾ ਦੀ ਨਾਮ-ਨਿਹਾਦ ਨਿਰਪੱਖ ਸਟੇਟ' ਦੇ ਕਿਰਦਾਰ ਅਤੇ ਵਿਵਹਾਰ ਦੀ ਗਲਪੀ ਤਾਕੀਦ ਪੇਸ਼ ਕੀਤੀ ਗਈ ਹੈ।"

ਮਿੱਤਰ ਸੈਨ ਮੀਤ ਦੀ ਖੂਬਸੂਰਤੀ ਇਹ ਦਰਸਾਉਣ ਵਿਚ ਹੈ ਕਿ ਇਸ ਮੁਲਕ ਵਿਚ ਨਿਆਂ ਵਿਕਾਊ ਹੈ ਤੇ ਪੈਸੇ, ਬਾਹੂਬਲ ਤੇ ਸੱਤਾ ਦੀ ਸ਼ਕਤੀ ਵਾਲੀ ਧਿਰ ਇਸ ਨੂੰ ਖਰੀਦ ਸਕਣ ਦੀ ਵੁੱਕਤ ਰੱਖਦੀ ਹੈ। ਰਾਜਸੀ ਨੇਤਾ ਅਤੇ ਅਫਸਰਸ਼ਾਹ ਸਟੇਟ ਦੀ ਸ਼ਕਤੀ ਦਾ ਪ੍ਰਯੋਗ ਹਮੇਸ਼ਾ ਆਪਣੇ ਨਿੱਜੀ ਹਿੱਤਾਂ ਲਈ ਕਰਦੇ ਹਨ। ਪੂਰਾ ਰਾਜਸੀ ਖੇਮਾ ਬੁਰੀ ਤਰ੍ਹਾਂ ਭ੍ਰਿਸ਼ਟ ਅਤੇ ਅਮਾਨਵੀ ਹੋ ਚੁੱਕਿਆ ਹੈ। ਨਾਵਲ ਵਿਚ ਪੇਸ਼ ਰਾਜਸੀ ਚਿਹਰੇ, ਮੁੱਖ ਮੰਤਰੀ, ਜਥੇਦਾਰ, ਸਨਅਤ ਮੰਤਰੀ ਕਾਕਾ ਜੀ, ਮੈਡਮ, ਬੀਬੀ ਜੀ ਆਦਿ ਸਾਡੇ ਸਮਾਜਕ ਯਥਾਰਥ ਵਿਚੋਂ ਪ੍ਰਤੱਖ ਪਛਾਣੇ ਜਾ ਸਕਣ ਵਾਲੇ ਪਾਤਰ ਹਨ।

ਡਾ. ਕੇਸਰ ਸਿੰਘ ਕੇਸਰ ਹੋਰਾਂ ਨੇ ਕੌਰਵ ਸਭਾ ਨੂੰ ਪੈਸੇ ਦੀ ਸ਼ਕਤੀ ਦਾ ਪ੍ਰਵਚਨ ਕਿਹਾ ਹੈ। ਪਰ ਇਹ ਸਿਰਫ ਪੈਸੇ ਦੀ ਸ਼ਕਤੀ ਦਾ ਹੀ ਪ੍ਰਵਚਨ ਨਹੀਂ ਸਟੇਟ ਦੀ ਸ਼ਕਤੀ ਦਾ ਵੀ ਪ੍ਰਵਚਨ ਹੈ ਅਤੇ ਸੱਤਾ ਦੀ ਸ਼ਕਤੀ ਦਾ ਵੀ। ਜੇ ਇਹ ਪੈਸੇ ਦੀ ਸ਼ਕਤੀ ਦਾ ਪ੍ਰਵਚਨ ਹੁੰਦਾ ਤਾਂ ਪੰਕਜ ਅਤੇ ਨੀਰਜ ਪਹਿਲੇ ਮਰਹੱਲੇ ਹੀ ਪੁਲਿਸ ਅਤੇ ਜੱਜਾਂ ਨੂੰ ਖਰੀਦ ਕੇ ਬਰੀ ਹੋ ਜਾਂਦੇ। ਪਰ ਇਸ ਤਰ੍ਹਾਂ ਨਹੀਂ ਹੋਇਆ। ਜਦੋਂ ਪੰਕਜ ਅਤੇ ਨੀਰਜ ਦੀ ਜਮਾਨਤ ਹੋਣ ਦੀ ਸੰਭਾਵਨਾ ਬਣਦੀ ਹੈ ਤਾਂ ਬਘੇਲ ਸਿੰਘ ਅਤੇ ਮੁੱਖ ਮੰਤਰੀ ਦੇ ਹੁਕਮ ਰਾਹੀਂ ਸਟੇਟ ਦੀ ਸਕਤੀ ਹਰਕਤ ਵਿੱਚ ਆਉਂਦੀ ਹੈ। ਭਾਵੇਂ ਇਸ ਵਿਚ ਵੀ ਨੇਤਾਵਾਂ ਦਾ ਨਿੱਜੀ ਮੁਫਾਦ ਹੈ ਪਰ ਸਟੇਟ ਦੀ ਸ਼ਕਤੀ ਨਿਰਵਿਵਾਦ ਰੂਪ ਵਿਚ ਪਛਾਣੀ ਜਾ ਸਕਦੀ ਹੈ:-

ਪੁਲਿਸ ਮੁੱਖੀ ਦੀ ਇਸ ਪਾਰਟੀ ਨੂੰ ਹਦਾਇਤ ਸੀ। ਦਰਖਾਸਤ ਖਾਰਜ ਹੁੰਦੇ ਹੀ ਇਸ ਪਾਰਟੀ ਨੂੰ ਸੂਚਿਤ ਕੀਤਾ ਜਾਵੇਗਾ। ਮੁਲਜ਼ਮ ਚਾਹੇ ਕਿਸੇ ਅਫਸਰ ਦੇ ਘਰ ਛਪੇ ਹੋਣ, ਚਾਹੇ ਕਿਸੇ ਸਿਆਸੀ ਨੇਤਾ ਦੇ, ਬਿਨ੍ਹਾਂ ਕਿਸੇ ਦੀ ਪਰਵਾਹ ਕੀਤੇ ਉਹਨਾਂ ਨੂੰ ਗ੍ਰਿਫਤਾਰ ਕੀਤਾ ਜਾਏਗਾ। ਗ੍ਰਿਫਤਾਰੀ ਸਮੇਂ ਹੱਥੋ ਪਾਈ ਜਾ ਖਿੱਚ ਧੂਹ ਕਰਨੀ ਪਈ ਤਾਂ ਕੀਤੀ ਜਾ ਸਕਦੀ ਸੀ।(ਕੌਰਵ ਸਭਾ, ਪੰਨਾ-164)

ਇਸ ਤਰ੍ਹਾਂ ਕੌਰਵ ਸਭਾ ਵਿਚ ਸਮਕਾਲੀ ਰਾਜਨੀਤਕ ਯਥਾਰਥ ਦੀ ਵਿਲੱਖਣਾਕਾਰੀ ਸਥਿਤੀ ਨੂੰ ਮਿੱਤਰ ਸੈਨ ਮੀਤ ਨੇ ਪੂਰੀ ਸਮੱਗਰਤਾ ਨਾਲ ਚਿਤਰਿਆ ਹੈ। ਉਸ ਨੇ ਸਮੁੱਚੇ ਰਾਜਸੀ ਢਾਂਚੇ ਅਤੇ ਅਫਸਰਸ਼ਾਹੀ ਦੀ ਕਰਤੂਤ ਨੂੰ ਵਿਅੰਗਾਤਮਕ ਸੁਰ ਵਿਚ ਪੰਜਾਬ ਦੇ ਸਮਕਾਲੀ ਯਥਾਰਥ ਨਾਲ ਜੋੜ ਕੇ ਪੇਸ਼ ਕੀਤਾ ਹੈ।

### 5. ਸਮਕਾਲੀ ਸਭਿਆਚਾਰਕ ਅਤੇ ਧਾਰਮਕ ਅਧਿਐਨ ਦ੍ਰਿਸ਼ਟੀ:

ਕੌਰਵ ਸਭਾ ਨਾਵਲ ਵਿਚ ਸਾਡੀ ਸਮਕਾਲੀ ਸਭਿਆਚਾਰਕ ਸੰਰਚਨਾ ਦੇ ਅਵਚੇਤਨ ਨੂੰ ਗਹਿਰਾਈ ਤੋਂ ਸਮਝਿਆ ਗਿਆ ਹੈ। ਆਧੁਨਿਕ ਪੂੰਜੀਵਾਦੀ ਸਭਿਆਚਾਰਕ ਸਨਅਤ ਨੇ ਸਾਡੇ ਸਭਿਆਚਾਰਕ ਅਤੇ ਭਾਈਚਾਰਕ ਰਿਸ਼ਤਿਆਂ ਵਿਚ ਨਵੀਆਂ ਰੁਚੀਆਂ-ਕਰੁਚੀਆਂ ਨੂੰ ਜਨਮ ਦਿੱਤਾ ਹੈ। ਕੌਰਵ ਸਭਾ ਵਿਚ ਵੇਦ ਅਤੇ ਮੋਹਨ ਪਰਿਵਾਰ ਦੀ ਸਾਕੇਦਾਰੀ ਉਨੀ ਦੇਰ ਤੱਕ ਬਣੀ ਰਹਿੰਦੀ ਹੈ ਜਿੰਨੀ ਦੇਰ ਤੱਕ ਪੈਸੇ ਦੀ ਬਹੁਤਾਤ ਨਹੀਂ ਹੋ ਜਾਂਦੀ। ਪੈਸੇ ਦੀ ਬਹੁਤਾਤ

ਵਿਚ ਨਿੱਜੀ ਸੰਪਤੀ ਨੂੰ ਸੁਰੱਖਿਅਤ ਕਰਨ ਦੀ ਚੇਸ਼ਟਾ ਪੈਦਾ ਹੁੰਦੀ ਹੈ। ਨਿੱਜੀ ਸੰਪਤੀ ਦੀ ਵੰਡ ਹੀ ਪਰਿਵਾਰਕ ਏਕਤਾ ਨੂੰ ਖੰਡਿਤ ਕਰਕੇ ਸਰੀਕੇਬਾਜ਼ੀ ਵਿਚ ਬਦਲ ਦਿੰਦੀ ਹੈ। ਪਰਿਵਾਰ ਉਨੀ ਦੇਰ ਤੱਕ ਰੰਗੀ ਵਸਦਾ ਹੈ ਜਿੰਨੀ ਦੇਰ ਵੇਦ, ਮੋਹਨ ਦੀ ਹਾਂ ਵਿਚ ਹਾਂ ਮਿਲਾਉਂਦਾ ਜਾਂਦਾ ਹੈ:-

ਮੋਹਨ ਵੇਦ ਨੂੰ ਜੋ ਜਿੰਮੇਵਾਰੀ ਸੌਂਪਦਾ ਉਹ ਉਸ ਨੂੰ ਪੂਰੀ ਇਮਾਨਦਾਰੀ ਨਾਲ ਸਿਰੇ ਚੜ੍ਹਾਉਂਦਾ ਰਿਹਾ। ਮੋਹਨ ਜਿੱਥੇ ਆਖਦਾ, ਵੇਦ ਅੱਖਾਂ ਮੀਚ ਕੇ ਦਸਖਤ ਕਰ ਦਿੰਦਾ ਰਿਹਾ। ਬਦਲੇ ਵਿਚ ਮੋਹਨ ਉਸ ਨੂੰ ਹਿੱਸੇ ਆਉਂਦਾ ਮੁਨਾਫਾ ਬਿਨਾਂ ਕਿਸੇ ਘਾਟ ਵਾਧ ਦੇ ਦਿੰਦਾ ਰਿਹਾ। ਹੁਣ ਵੇਦ ਕੋਲ ਸਭ ਕੁੱਝ ਸੀ। ਪੌਸ਼ ਕਾਲੋਨੀ ਵਿਚ ਪੰਜ ਸੋ ਗ਼ਜ਼ ਦੀ ਕੋਠੀ, ਦੋ ਹੋਰ ਪਲਾਟ ਉਸ ਦੇ ਨਾਂ ਸਨ। ਮੋਹਨ ਦੀਆਂ ਕਈ ਫਰਮਾਂ ਵਿਚ ਉਸ ਦੀ ਹਿੱਸੇਦਾਰੀ ਸੀ। ਦੋਵੇਂ ਪਰਿਵਾਰ ਰੰਗੀਂ ਵਸਦੇ ਸਨ। (ਕੌਰਵ ਸਭਾ, ਪੰਨਾ-14)

ਵੇਦ ਪਰਿਵਾਰ ਦਾ ਸੰਕਟ ਇਸੇ ਜਾਇਦਾਦੀ ਵੰਡ ਵਿੱਚੋਂ ਸ਼ੁਰੂ ਹੁੰਦਾ ਹੈ। ਪੁੱਤਰ ਦਾ ਕਤਲ, ਧੀ ਦਾ ਬਲਾਤਕਾਰ, ਪਤਨੀ ਦਿਮਾਗੀ ਤੌਰ 'ਤੇ ਨਿਪੁੰਸਕ ਅਤੇ ਆਪ ਨਿਕਾਰਾਂ ਹੋ ਬੈਠਦਾ ਹੈ। ਅਸਲ ਵਿੱਚ ਪੂੰਜੀਵਾਦੀ ਅਰਥ ਪ੍ਰਬੰਧ ਨੇ ਬੰਦੇ ਨੂੰ ਨਿਜਭਾਵੀ, ਵਿਅਕਤੀਮੂਲਕ ਅਤੇ ਨਿੱਜਤਵ ਤੱਕ ਘਟਾ ਦਿੱਤਾ ਹੈ। ਸਭਿਆਚਾਰਕ ਕਦਰਾਂ ਕੀਮਤਾਂ, ਪਰਿਵਾਰਕ ਸਾਂਝਾਂ ਪਦਾਰਥਕ ਸਬੰਧਾਂ ਵਿਚ ਬਦਲ ਗਈਆਂ ਹਨ। ਨਿੱਜੀ ਸੰਪਤੀ ਦੀ ਸੰਸਥਾ ਨੇ ਭ੍ਰਿਸ਼ਟਾਚਾਰ, ਰਿਸ਼ਵਤਖੋਰੀ ਅਤੇ ਅਮਾਨਵੀਅਤਾ ਨੂੰ ਜਨਮ ਦਿੱਤਾ ਹੈ। ਹੁਣ ਹਰ ਰਿਸ਼ਤਾ ਪੈਸੇ ਦੀ ਸ਼ਕਤੀ ਨਿਰਧਾਰਤ ਕਰਦੀ ਹੈ। ਵਿਅਕਤੀਵਾਦੀ ਅਤੇ ਉਪਭੋਗਤਾਵਾਦੀ ਰੁਚੀਆਂ- ਕਰੁਚੀਆਂ ਨੇ ਰਿਸ਼ਤਿਆਂ ਦੀ ਵਾਜਬੀਅਤ ਅਤੇ ਮਾਨਵੀ ਮੁੱਲਾਂ ਨੂੰ ਖੰਡਿਤ ਕੀਤਾ ਹੈ। ਮਾਨਵੀ ਚੇਤਨਾ ਉਪਰ ਸਭ ਤੋਂ ਤਕੜਾ ਹਮਲਾ ਮੀਡੀਆ ਦੀ ਸਭਿਆਚਾਰਕ ਸਨਅਤ ਵੱਲੋਂ ਕੀਤਾ ਜਾ ਰਿਹਾ ਹੈ। "ਸੰਸਾਰੀ ਕਰਨ ਦੇ ਨਾਂ ਤੇ ਫੈਲਾਇਆ ਜਾ ਰਿਹਾ ਪੂੰਜੀਵਾਦ ਪੱਖੀ ਸਭਿਆਚਾਰ ਟੀ.ਵੀ. ਚੈਨਲਾਂ ਰਾਹੀਂ ਖਾਂਦੇ-ਪੀਂਦੇ ਲੋਕਾਂ ਦੇ ਸੌਣ ਵਾਲੇ ਕਮਰਿਆਂ ਵਿਚ ਦਾਖਲ ਹੋ ਗਿਆ ਹੈ।"ਕਤਲ, ਹਿੰਸਾ, ਬਲਾਤਕਾਰ ਦੀਆਂ ਖ਼ਬਰਾਂ ਦੀ ਸਨਸਨੀਖੇਜ ਬਿਰਤਾਂਤਕਾਰੀ ਕੀਤੀ ਜਾਂਦੀ ਹੈ। ਪਿਛਲੇ ਸਮੇਂ ਦੌਰਾਨ ਨਵੀਂ ਤਕਨੀਕ ਦੇ ਸਿੱਟੇ ਵਜੋਂ ਉਤਪਾਦਨ ਵਿਚ ਤੇਜ਼ੀ ਆਉਣ ਨਾਲ ਪੂਰੇ ਵਿਸ਼ਵ ਨੂੰ ਜਦੋਂ ਇਕ ਮੰਡੀ ਦੇ ਤੌਰ ਤੇ ਵਿਕਸਤ ਕਰਨ ਦੀ ਲੋੜ ਪਈ ਤਾਂ ਅਖਬਾਰਾਂ, ਰੇਡੀਓ, ਸਿਨੇਮਾ, ਟੀ.ਵੀ. ਅਤੇ ਇੰਟਰਨੈਟ ਆਦਿ ਨੂੰ ਵਿਗਿਆਪਨ ਕਲਾ ਦੇ ਸਾਧਨਾਂ ਦੇ ਤੌਰ ਤੇ ਵਰਤਿਆ ਜਾਣ ਲੱਗਾ। ਇਸ ਵਰਤਾਰੇ ਨੇ ਸਾਡੇ ਸਭਿਆਚਾਰ ਨੂੰ ਖਪਤ ਸਭਿਆਚਾਰ ਵਿਚ ਬਦਲਣ ਦੀ ਭਰਪੂਰ ਕੋਸ਼ਿਸ਼ ਕੀਤੀ ਹੈ, ਜਿਸ ਦੇ ਸਿੱਟੇ ਵਜੋਂ ਸਾਡੇ ਨੈਤਿਕ ਜੀਵਨ ਦੇ ਨਿਘਾਰ ਦਾ ਗ੍ਰਾਫ ਹਰ ਦਿਨ ਹੇਠਾਂ ਨੂੰ ਆਉਂਦਾ ਗਿਆ। ਇਸ ਦੇ ਸਿੱਟੇ ਵਜੋਂ ਸਮਾਜ ਵਿਚ ਹਿੰਸਾ ਅਸੰਤੁਸ਼ਟਤਾ ਅਤੇ ਗ਼ੈਰਬਰਾਬਰੀ ਵਧ ਰਹੀ ਹੈ।

ਮਿੱਤਰ ਸੰਨ ਮੀਤ ਨੇਂ ਸਾਡੇ ਸਭਿਆਚਾਰਕ ਯਥਾਰਥ ਨੂੰ ਪ੍ਰਭਾਵਿਤ ਕਰਨ ਵਾਲੀ ਅਹਿਮ ਪੱਛਮੀ ਰੁਚੀ ਦੀ ਸਮੱਗਰ ਪਛਾਣ ਕੀਤੀ ਹੈ। ਸਾਡੇ ਸਭਿਆਚਾਰ ਵਿਚ ਭਾਰੂ ਹੋ ਰਹੇ ਕੋਠੀ ਕਲਚਰ ਨੇ ਹਰ ਪਰਿਵਾਰ ਦੇ ਹਰ ਜੀਅ ਲਈ ਅਲੱਗ ਸੌਣ ਕਮਰੇ ਦੀ ਲੋੜ ਪੈਦਾ ਕੀਤੀ ਹੈ ਜਿਸਨੇ ਇੱਕੋ ਪਰਿਵਾਰ ਨੂੰ ਟੁਕੜਿਆਂ ਵਿਚ ਵੰਡ ਦਿੱਤਾ ਹੈ।

ਨਾਵਲੀ ਅਵਚੇਤਨ ਵਿਚੋਂ ਪਛਾਣਿਆ ਜਾ ਸਕਦਾ ਹੈ ਕਿ ਜੇਕਰ ਵੇਦ ਦਾ ਪਰਿਵਾਰ ਇਕੋ ਕਮਰੇ ਵਿਚ ਸੁੱਤਾ ਹੁੰਦਾ ਤਾਂ ਸ਼ਾਇਦ ਏਡੀ ਵੱਡੀ ਘਟਨਾ ਨਾ ਘਟਦੀ। ਪੱਛਮੀ ਪ੍ਰਭਾਵ ਨੇ ਸਰਦੇ ਪੁਜਦੇ ਘਰਾਂ ਦੀ ਨੌਜਵਾਨ ਪੀੜ੍ਹੀ ਦੀਆਂ ਖਾਣ ਪਹਿਨਣ ਦੀਆਂ ਆਦਤਾਂ ਵਿਚ ਵੀ ਤਬਦੀਲੀ ਕੀਤੀ ਹੈ। ਸ਼ਾਇਦ ਨੇਹਾ ਆਪਣੇ ਪੂਰੇ ਕੱਪੜੇ ਪਾ ਕੇ ਸੁੱਤੀ ਹੁੰਦੀ ਤਾਂ ਬਲਾਤਕਾਰ ਦੀ ਘਟਨਾ ਨਾ ਘਟਦੀ, ਪਰ ਸਥਿਤੀ ਇਹ ਹੈ:-

ਸਮਾਨ ਲੁੱਟਣ ਦੀ ਥਾਂ ਦੀਨਾ ਕੁੜੀ ਦੇ ਬੈਡਰੂਮ ਵਿਚ ਘੁਸ ਗਿਆ। ਛੋਟੇ ਕੱਪੜਿਆਂ ਵਿਚ ਅਧਨੰਗੀ ਪਈ ਕੁੜੀ ਦੇਖ ਕੇ ਉਸ ਦਾ ਮਨ ਮਚਲ ਗਿਆ। (ਉਹੀ,ਪੰਨਾ-51)

ਇਹ ਸਾਡੀ ਸਮਕਾਲੀ ਜ਼ਿੰਦਗੀ ਦਾ ਕਰੂਰ ਯਥਾਰਥ ਹੈ। ਇਹ ਸਿਰਫ ਨਾਵਲ ਦਾ ਹੀ ਨਹੀਂ, ਸਾਡੇ ਸਮਕਾਲੀ ਸਭਿਆਚਾਰ ਦੀ ਮੁੱਲ ਘਟਾਈ ਦੀ ਸੰਕਟਸੀਲ ਸਥਿਤੀ ਵੀ ਹੈ। ਮਿੱਤਰ ਸੈਨ ਮੀਤ ਨੇ ਮੀਡੀਆ ਦੇ ਯਥਾਰਥ ਨੂੰ ਸਭਿਆਚਾਰ ਤੱਕ ਮਹਿਦੂਦ ਨਹੀਂ ਰੱਖਿਆ ਸਨਅਤੀ ਪਰਿਪੇਖ ਵੀ ਚਿਤਰਿਆ। ਇਸ ਸਨਅਤ ਨੂੰ ਕੰਟਰੋਲ ਕਰਨ ਵਾਲੀਆਂ ਧਿਰਾਂ ਅਤੇ ਸ਼ਕਤੀਆਂ ਦਾ ਸਮੁੱਚਾ ਪਰਿਪੇਖ ਅਤੇ ਮੀਡੀਆ ਦੀ ਭ੍ਰਿਸ਼ਟਤਾ ਨੂੰ ਵੀ ਨਾਵਲ ਵਿਚੋਂ ਪਛਾਣਿਆ ਜਾ ਸਕਦਾ ਹੈ। ਨੰਦ ਲਾਲ ਵਕੀਲ ਦੇ ਬੋਲ ਹਨ :

ਤੂੰ ਪੰਜਾਬ ਦਰਪਣ ਵਾਲੇ ਸ਼ਿੰਦੇ ਕੋਲ ਚਲਾ ਜਾ। ਮੇਰਾ ਨਾ ਲੈ ਦੇਈਂ ਪੰਜ ਸੌ ਦਾ ਨੋਟ ਫੜਾ ਦੇਈਂ। ਦੇਖ ਕਿਸ ਤਰ੍ਹਾਂ ਖਬਰ ਲਗਦੀ ਹੈ, ਵੱਡੀਆਂ ਸੁਰਖੀਆਂ ਵਿਚ।(ਉਹੀ, ਪੰਨਾ-114)

ਇਹ ਪਛਾਣ ਕਰਨੀ ਵੀ ਜਰੂਰੀ ਹੋ ਜਾਂਦੀ ਹੈ ਕਿ ਕਿਹੜੀ ਧਿਰ ਜਾਂ ਸ਼ਕਤੀ ਮੀਡੀਆ ਤੇ ਕੰਟਰੋਲ ਕਰ ਰਹੀ ਹੈ। ਪੱਤਰਕਾਰਤਾ ਜਾਂ ਮੀਡੀਆ ਨੰਗੇ ਚਿੱਟੇ ਰੂਪ ਵਿਚ ਸਰਕਾਰੀ ਕੰਟਰੋਲ ਹੇਠ ਤਾਂ ਹੋ ਨਹੀਂ ਸਕਦਾ ਕਿਉਂਕਿ ਫਿਰ ਇਹ ਆਪਣਾ ਲੋਕਰਾਜੀ ਸਰੂਪ ਅਤੇ ਪ੍ਰੈਸ ਦੀ ਅਜਾਦੀ ਦੀ ਮਿੱਥ ਨੂੰ ਖੰਡਿਤ ਕਰ ਰਿਹਾ ਹੋਵੇਗਾ। ਵੈਸੇ ਵੀ ਪ੍ਰੈਸ ਉਪਰ ਸਰਕਾਰੀ ਕੰਟਰੋਲ ਲੋਕਰਾਜੀ ਮੁੱਲਾਂ ਦੀ ਥਾਂ ਤਾਨਾਸ਼ਾਹੀ ਅਤੇ ਫਾਸ਼ੀਵਾਦ ਵਰਗੇ ਮੁੱਲਾਂ ਨੂੰ ਜਨਮ ਦਿੰਦਾ ਹੈ। ਇਸ ਲਈ ਪੱਤਰਕਾਰਤਾ ਨੇ ਆਪਣੇ ਆਪ ਨੂੰ ਆਰਥਕ ਮੁਨਾਫੇ ਲਈ ਕੰਮ ਕਰਨ ਵਾਲੀਆਂ ਕੰਪਨੀਆਂ ਵਜੋਂ ਸੰਗਠਿਤ ਕਰ ਲਿਆ ਹੈ। ਪੂੰਜੀਪਤੀ ਅਤੇ ਹਾਕਮ ਧਿਰਾਂ, ਮਿੱਲ ਮਾਲਕਾਂ, ਉਦਯੋਗਪਤੀਆਂ ਦੁਆਰਾ ਇਸਤਿਹਾਰਾਂ ਰਾਹੀਂ ਪ੍ਰੈੱਸ ਉੱਪਰ ਕੰਟਰੋਲ ਕੀਤਾ ਜਾਦਾ ਹੈ:-

ਸਾਰੇ ਉਦਯੋਗਪਤੀਆਂ ਨੂੰ ਇਕਜੁੱਟ ਹੋ ਜਾਣਾ ਚਾਹੀਦਾ ਸੀ। ਮਾਇਆਨਗਰ ਵਿਚ ਹਜ਼ਾਰਾਂ ਅਜਿਹੇ ਉਦਯੋਗ ਸਨ, ਜਿਨ੍ਹਾਂ ਦੇ ਵੱਡੇ ਇਸ਼ਤਿਹਾਰ ਅਖਬਾਰਾਂ ਵਿਚ ਛਪਦੇ ਸਨ। ਉਨ੍ਹਾਂ ਨੂੰ ਆਪਣੀਆ ਪਬਲੀਸਿਟੀ ਏਜੰਸੀਆਂ ਰਾਹੀਂ ਅਖਬਾਰਾਂ 'ਤੇ ਦਬਾਅ ਪਾਉਣਾ ਚਾਹੀਦਾ ਸੀ। ਅਖਬਾਰ ਛੋਟਾ ਹੋਵੇ ਜਾਂ ਵੱਡਾ। ਇਸਤਿਹਾਰ ਬਿਨਾ ਕਿਸੇ ਦਾ ਗੁਜਾਰਾ ਨਹੀਂ। (ਉਹੀ, ਪੰਨਾ-118)

ਇਸ ਤਰ੍ਹਾਂ ਮੀਡੀਆ ਜਦੋਂ ਪਰਾਈਵੇਟ ਉਦਯੋਗ ਦੇ ਤੌਰ ਤੇ ਸਥਾਪਤ ਹੋ ਜਾਂਦਾ ਹੈ ਤਾਂ ਮੰਡੀ ਅਤੇ ਮੁਨਾਫਾ ਇਸ ਦਾ ਪਰਮ ਲਕਸ਼ ਬਣਾ ਜਾਂਦਾ ਹੈ। ਇਸ ਨਾਵਲ ਦਾ ਬਿਰਤਾਂਤ ਜਿਉਂ ਜਿਉਂ ਵਿਕਾਸ ਕਰਦਾ ਹੈ ਤਿਉਂ ਤਿਉਂ ਨਾਵਲੀ ਸਿਰਜਨਾ ਦੇ ਮਨੁੱਖੀ- ਰਿਸ਼ਤੇ ਮਨੁੱਖੀ ਸਾਂਝ ਤੋਂ ਵਿਹੂਣੇ ਹੁੰਦੇ ਜਾਂਦੇ ਹਨ ਅਤੇ ਆਪਣਾ ਅਰਥ ਗੁਆ ਰਹੇ ਪ੍ਰਤੀਤ ਹੁੰਦੇ ਹਨ। "ਨਾਵਲ ਦੀ ਸਿਰਜਨਾ ਰਾਹੀਂ ਇਸ ਯਥਾਰਥ ਨੂੰ ਪ੍ਰਗਟਾਇਆ ਗਿਆ ਹੈ ਕਿ ਮਨੁੱਖੀ ਸਾਂਝ ਉਤੇ ਅਧਾਰਤ ਰਿਸ਼ਤਾ ਨਾਤਾ ਸਬੰਧ ਪੂੰਜੀਵਾਦੀ ਖ਼ੁਦਗਰਜ਼ੀ ਭਰਪੂਰ ਸਬੰਧਾਂ ਦੇ ਸਨਮੁੱਖ ਖਤਮ ਹੋ ਰਹੇ ਹਨ।" ਰਾਮਨਾਥ ਵਕੀਲ ਦੇ ਸੰਕਟ ਵਿਚ ਫਸ ਜਾਣ ਪਿਛੋਂ ਉਸ ਦੇ ਸਾਥੀ ਵਕੀਲਾਂ, ਜੱਜਾਂ ਅਤੇ ਮੁਨਸ਼ੀਆਂ ਦਾ ਇਹੋ ਵਿਵਹਾਰ ਨਾਵਲ ਵਿਚ ਪੇਸ਼ ਹੋਇਆ ਹੈ ਜਿਹੜਾ ਪੂੰਜੀ ਸਭਿਆਚਾਰ ਦਾ ਲਖਾਇਕ ਹੈ:-

ਲਗਦਾ ਸੀ ਕਮਲ ਦੇ ਭੋਗ ਦੇ ਨਾਲ ਹੀ ਇਨ੍ਹਾਂ ਵਾਅਦਿਆ ਦਾ ਭੋਗ ਪੈ ਗਿਆ ਸੀ। ਜੱਜ ਸਾਇਲਾਂ ਨੂੰ ਧਮਕਾਉਣ ਲੱਗੇ ਸਨ। ਕਿਹਰ ਸਿੰਘ ਨੇ ਗਵਾਹ ਭੁਗਤਾਉਣ ਦੀ ਫੀਸ ਮੰਗਣੀ ਸ਼ੁਰੂ ਕਰ ਦਿੱਤੀ ਸੀ। ਵਿਰੋਧੀ ਧਿਰ ਦੇ ਵਕੀਲ ਬਿਨਾਂ ਭੁਗਤੇ ਆਪਣੇ ਗਵਾਹਾਂ ਦਾ ਖਰਚਾ ਮੰਗਣ ਲੱਗ ਪਏ ਸਨ। ਹੋਰ ਤਾਂ ਹੋਰ ਰਾਮਨਾਥ ਦਾ ਆਪਣਾ ਮੁਨਸ਼ੀ ਗਦਾਰੀ ਕਰਨ ਲੱਗ ਪਿਆ ਸੀ। ਉਹ ਰਾਮਨਾਥ ਦੇ ਨਵੇਂ ਸਾਇਲਾਂ ਨੂੰ ਕਿਹਰ ਸਿੰਘ ਦੀ ਥਾਂ ਸੁਰਿੰਦਰ ਮੋਹਨ ਦੇ ਫੱਟੇ 'ਤੇ ਲਿਜਾਣ ਲੱਗਾ ਸੀ।(ਕੌਰਵ ਸਭਾ, ਪੰਨਾ-138)

ਰਾਮਨਾਥ ਦੇ ਆਪਣੇ ਕੁਲੀਗਾਂ ਦਾ ਹੀ ਵਿਵਹਾਰ ਇਸ ਤਰ੍ਹਾਂ ਦਾ ਨਹੀਂ, ਮਾਇਆ ਨਗਰ ਵਿਚ ਤਾਂ ਹਰ ਰਿਸ਼ਤਾ ਹੀ ਨਿੱਜ ਨਾਲ ਜੁੜਿਆ ਹੈ। ਨੇਹਾ ਅਤੇ ਕਮਲ ਦੇ ਦੋਸਤਾਂ ਅਤੇ ਰਿਸ਼ਤੇਦਾਰਾਂ ਦਾ ਵੀ ਇਹੋ ਸੱਚ ਹੈ

ਕੌਰਵ ਸਭਾ ਨਾਵਲ ਦਾ ਅਗਲਾ ਵਿਸਥਾਰ ਅਖੌਤੀ ਧਾਰਮਿਕ ਸੰਸਥਾਵਾਂ ਦੇ ਸਮਕਾਲੀ ਚਰਿੱਤਰ ਅਤੇ ਔਰਤ ਦੀ ਹੋਂਦ ਅਤੇ ਹੋਣੀ ਦੇ ਮਸਲਿਆਂ ਨੂੰ ਮੁਖਾਤਬ ਹੋਣ ਦਾ ਹੈ। ਮੀਤ ਨੇ ਸਮਕਾਲੀ ਸਭਿਆਚਾਰਕ ਯਥਾਰਥ ਵਿਚ ਕਾਰਜਸ਼ੀਲ ਵਿਕਾਰਾਂ, ਹਿਰਸਾਂ ਅਤੇ ਅਮਾਨਵੀਅਤਾ ਨੂੰ ਯੁੱਗਾਂ ਪੁਰਾਣੀ ਸਮਾਜਿਕ ਸਥਿਤੀ ਤੱਕ ਵਿਸਥਾਰ ਦਿੱਤਾ ਹੈ। ਮਿੱਤਰ ਸੈਨ ਮੀਤ ਪੁਰਾਤਨ ਭਾਰਤੀ ਮਹਾਂ ਪਾਠਾਂ ਦੀ ਸੰਰਚਨਾ ਨੂੰ ਆਧੁਨਿਕ ਯੁੱਗ ਪ੍ਰਸਥਿਤੀਆਂ ਦੇ ਪਰਿਪੇਖ ਵਿਚ ਵਿਖੰਡਤ ਕਰਕੇ ਅਜੋਕੇ ਦੌਰ ਦੀ ਇਸਤਰੀ ਅਤੇ ਪੁਰਾਤਨ ਭਾਰਤੀ ਇਸਤਰੀ ਦੀ ਪੀੜ ਨੂੰ ਸਾਂਝਾ ਗਰਦਾਨ ਦਿੰਦਾ ਹੈ। ਸਮਕਾਲੀ ਸਮੇਂ ਦੀ ਔਰਤ ਦੀ ਵਿਡੰਬਣਾਕਾਰੀ ਸਥਿਤੀ ਇਹ ਹੈ ਕਿ ਉਸ ਦਾ ਚੀਰ ਹਰਨ ਕਿਸੇ ਬੇਗਾਨੇ ਨੇ ਨਹੀਂ ਉਸ ਦੇ ਚਚੇਰੇ ਭਰਾਵਾਂ ਨੇ ਕਰਵਾਇਆ ਹੈ। ਦਰੋਪਤੀ ਦੀ ਸੁਰੱਖਿਆ ਲਈ ਤਾਂ ਕ੍ਰਿਸ਼ਨ ਸਹਾਈ ਹੋਇਆ ਸੀ ਪਰ ਅਜੋਕੀ ਦਰੋਪਤੀ ਦੀ ਸੁਰੱਖਿਆ ਲਈ ਮਾਤਾ ਕਲਿਆਣੀ ਦਾ ਰੱਖਿਆ ਕਵਚ ਇੱਕੋ ਝਟਕੇ ਨਾਲ ਚਕਨਾ ਚੂਰ ਹੋ ਗਿਆ। ਜੋਰਾਵਰਾਂ ਦੀ ਦਰਿੰਦਗੀ ਦੀ ਸ਼ਿਕਾਰ ਹੋਈ ਨੇਹਾ ਜਦੋਂ ਆਪਣੀ ਮਾਨਸਿਕ ਪੀੜਾ ਦੀ ਨਵਿਰਤੀ ਲਈ ਮਾਤਾ ਕਲਿਆਣੀ ਦੇ ਧਿਆਨ ਸ਼ਿਵਰ ਵਿੱਚ ਜਾਂਦੀ ਹੈ ਤਾਂ ਉਥੇ ਉਸ ਨੂੰ ਅਪਵਿੱਤਰ ਘੋਸ਼ਿਤ ਕਰ ਦਿੱਤਾ ਜਾਂਦਾ ਹੈ:-

ਕੁੱਝ ਸਹਿਯੋਗੀਆਂ ਨੂੰ ਨੇਹਾ ਦੇ ਅਪਵਿੱਤਰ ਹੋਣ ਬਾਅਦ ਕੇਂਦਰ ਆਉਣ ਤੇ ਇਤਰਾਜ਼ ਸੀ। ਇਸ ਤਰ੍ਹਾਂ ਆਸ਼ਰਮ ਦੀ ਪਵਿੱਤਰਤਾ ਭੰਗ ਹੁੰਦੀ ਸੀ। (ਉਹੀ, ਪੰਨਾ-102)

ਸਹਿਯੋਗੀਆਂ ਦੇ ਹੰਕਾਰੀ ਅਤੇ ਪਾਖੰਡੀ ਰਵੱਈਏ ਨੇ ਉਸ ਦੇ (ਨੇਹਾ) ਅੰਤਹਕਰਨ ਨੂੰ ਝੰਜੋੜ ਕੇ ਰੱਖ ਦਿੱਤਾ। ਉਸ ਦੀ ਧਾਰਮਿਕ ਨਿਸ਼ਠਾ ਇਕ ਪਲ ਵਿਚ ਚਕਨਾਚੂਰ ਹੋ ਗਈ। ਵਿਸ਼ਵਾਸ ਅਵਿਸ਼ਵਾਸ ਵਿਚ ਬਦਲ ਗਿਆ। ਜਲਾਲਤ ਦੀ ਜ਼ਿੰਦਗੀ ਜਿਊਣ ਨਾਲੋਂ ਉਹ ਮਰਨ ਨੂੰ ਤਰਜੀਹ ਦੇਣ ਲੱਗੀ। ਸਥਿਤੀ ਦੀ ਕਰੂਰ ਯਥਾਰਥਕਤਾ ਤਾਂ ਇਹ ਹੈ ਕਿ ਆਪਣੇ ਭਰਾ ਦੇ ਕਾਤਲਾਂ ਅਤੇ ਆਪਣੇ ਦੋਖੀਆਂ ਨੂੰ ਬਣਦੀ ਸਜ਼ਾ ਦਿਵਾਏ ਬਿਨਾਂ ਉਸ ਦਾ ਮਰਨਾ ਵੀ ਗਵਾਰਾ ਨਹੀਂ ਸੀ। ਉਸ ਨੂੰ ਮਰ ਚੁੱਕੇ ਕਮਲ ਦਾ ਚਿਹਰਾ ਵਾਰ-ਵਾਰ ਇਹ ਕਹਿੰਦਾ ਸੀ:-

ਧਰਿਤਰਾਸ਼ਟਰ ਅੰਨ੍ਹਾ ਸੀ। ਇਹ ਉਸ ਦੀ ਮਜਬੂਰੀ ਸੀ। ਔਖਾ ਹੁੰਦੇ ਹੋਏ ਅੱਖਾਂ 'ਤੇ ਪੱਟੀ ਬੰਨ੍ਹਣ ਦੀ ਕੰਧਾਰੀ ਦੀ ਕੀ ਮਜਬੂਰੀ ਸੀ ? (ਕੌਰਵ ਸਭਾ, ਪੰਨਾ-104)

ਕਮਲ ਨੇ ਉਸ ਤੋਂ ਪ੍ਰਸ਼ਨ ਪੁੱਛਿਆ ਸੀ। ਫਿਰ ਆਪੇ ਉਤਰ ਦੇ ਦਿੱਤਾ ਸੀ। ਇਹ ਕੰਧਾਰੀ ਦੀ ਆਪਣੇ ਫਰਜ਼ਾਂ ਤੋਂ ਕੁਤਾਹੀ ਸੀ। ਜੇ ਉਹ ਅੱਖਾਂ ਖੁੱਲ੍ਹੀਆਂ ਰੱਖਦੀ ਤਾਂ ਕਦੇ ਮਹਾਂਭਾਰਤ ਨਾ ਹੁੰਦਾ। ਅੱਜ ਉਸ ਦਾ ਭਰਾ ਫਿਰ ਇਹ ਪ੍ਰਸ਼ਨ ਪੁਛਦਾ ਨਜ਼ਰ ਆਇਆ ਸੀ:-

ਕਮਲ ਨੂੰ ਕਤਲ ਕਰ ਦਿੱਤਾ ਗਿਆ। ਇਹ ਕਮਲ ਦੀ ਮਜਬੂਰੀ ਸੀ। ਨੇਹਾ ਜਿਉਂਦੀ ਹੋ ਕੇ ਕਿਉਂ ਮਰ ਰਹੀ ਸੀ। ਜੇ ਉਹ ਮਰ ਗਈ ਇਕ ਹੋਰ ਮਹਾਭਾਰਤ ਹੋ ਜਾਵੇਗਾ। ਉਹਨਾਂ ਦੇ ਮਾਂ ਬਾਪ ਰੁਲ ਕੇ ਮਰ ਜਾਣਗੇ। ਕਮਲ ਦੇ ਕਾਤਲ ਬਰੀ ਹੋ ਜਾਣਗੇ। ਨੇਹਾ ਸੰਭਲੀ। ਉਸਨੇ ਆਪਣੀਆਂ ਅੱਖਾਂ ਉਪਰਲੀ ਪੱਟੀ ਖੋਲ੍ਹ ਦਿੱਤੀ।(ਕੌਰਵ ਸਭਾ,

ਪੰਨਾ-104)

ਇਹ ਬਿਰਤਾਂਤਕ ਵੇਰਵਾ ਨਾਵਲੀ ਸੰਰਚਨਾ ਨੂੰ ਅਰਥਗਤ ਗਹਿਰਾਈ ਤਾਂ ਪ੍ਰਦਾਨ ਕਰਦਾ ਹੀ ਹੈ, ਅਖੌਤੀ ਅਧਿਆਤਮਕ ਸੰਸਥਾ ਦੇ ਸਹਿਯੋਗੀ ਮੈਂਬਰਾਂ ਦੀ ਅਮਾਨਵੀਅਤਾ ਅਤੇ ਘਿਰਨਾ ਦੀ ਸ਼ਿਕਾਰ ਹੋ ਚੁੱਕੀ ਨੇਹਾ ਦੇ ਅੰਤਹਕਰਨ ਵਿਚ ਜਿਉਣ ਦਾ ਮਕਸਦ, ਕਮਲ ਦੇ ਉਕਤ ਬੋਲ ਰਾਹੀਂ ਪੈਦਾ ਕਰਦਾ ਹੈ। ਕਮਲ ਦੇ ਇਹ ਬੋਲ ਰੁੜਦੀ ਜਾਂਦੀ ਨੇਹਾ ਦਾ ਆਖਰੀ ਠੁਮ੍ਹਣਾ ਬਣਦੇ ਹਨ। ਪਛਾਨਣ ਯੋਗ ਨੁਕਤਾ ਇਹ ਹੈ ਕਿ ਨੇਹਾ ਹੁਣ ਵੱਡੀ ਲੜਾਈ ਲੜਨ ਲਈ ਤਿਆਰ ਹੋ ਜਾਂਦੀ ਹੈ। ਇਹ ਲੜਾਈ ਆਪਣੇ ਪਰਿਵਾਰ ਨਾਲ ਹੋਈ ਬੇਇਨਸਾਫ਼ੀ ਨਾਲ ਨਹੀਂ, ਹੁਣ ਉਹ ਆਪਣੇ ਭਰਾ ਦੇ ਕਾਤਲਾਂ ਤੋਂ ਬਦਲਾ ਲੈਣ ਲਈ ਲੜਦੀ ਹੈ। ਇਨਸ਼ਾਫ ਉਸ ਦੀ ਮੰਜ਼ਿਲ ਨਹੀਂ ਜਿੱਤ ਉਸ ਦਾ ਮਿਸ਼ਨ ਬਣ ਜਾਂਦੀ ਹੈ। ਰਾਮਨਾਥ ਦੀਆਂ ਕਾਨੂੰਨ ਸਬੰਧੀ ਕਿਤਾਬਾਂ ਅਤੇ ਮਿਸਲਾਂ ਪੜ੍ਹਦਿਆਂ ਉਹ ਜਾਣ ਚੁੱਕੀ ਹੈ ਕਿ ਉਸ ਵਰਗੀਆਂ ਕੁੜੀਆਂ ਹੋਰ ਵੀ ਹਨ ਜਿਹੜੀਆਂ ਜੋਰਵਾਰਾਂ ਦੀ ਦਰਿੰਦਗੀ ਦੀਆਂ ਸ਼ਿਕਾਰ ਹੋਈਆਂ ਹਨ। ਹੁਣ ਉਹ

ਇਕੱਲੀ ਨਹੀਂ ਵਕੀਲ ਰਾਮਨਾਥ, ਹਰੀਸ ਰਾਇ ਦੀ ਸਸਾਇਟੀ, ਯੁਵਾਸ਼ਕਤੀ ਮੋਰਚਾ ਤੇ ਉਸ ਦੀ ਸਹੇਲੀ ਪਲਵੀ ਦੇ ਅਧੁਨਿਕ ਸੋਚ ਰੱਖਣ ਵਾਲੇ ਮਾਪੇ ਹਨ। ਉਸ ਨੂੰ ਹੌਸਲਾ ਦੇਣ ਲਈ ਉਨ੍ਹਾਂ ਦੇ ਇਹ ਬੋਲ ਕਾਫ਼ੀ ਹਨ:-

ਕੁਆਰ ਭੰਗ ਹੋਣ 'ਤੇ ਕੁੜ੍ਹਨ ਨੂੰ ਉਹ ਉਸ ਸਮੇਂ ਦੀ ਜਗੀਰੂ ਸੋਚ ਆਖ ਰਹੇ ਸਨ, ਜਦੋਂ ਔਰਤ ਪੂਰੀ ਤਰ੍ਹਾਂ ਗੁਲਾਮ ਸੀ। ਜੇ ਨੇਹਾ ਦੀ ਮਜ਼ਬੂਰੀ ਕਾਰਨ ਸਾਗਰ ਉਸ ਨੂੰ ਤਿਆਗ ਰਿਹਾ ਸੀ ਤਾਂ ਉਹ ਜੰਗਲੀ ਸੋਚ ਦਾ ਮਾਲਕ ਸੀ। ਅਜਿਹੀ ਸੋਚ ਦੇ ਮਾਲਕ ਨੂੰ ਨੇਹਾ ਨੂੰ ਖ਼ੁਦ ਹੀ ਤਿਆਗ ਦੇਣਾ ਚਾਹੀਦਾ ਸੀ। (ਕੌਰਵ ਸਭਾ, ਪੰਨਾ-134)

ਕੌਰਵ ਸਭਾ ਵਿਚ ਮਿੱਤਰ ਸੈਨ ਮੀਤ ਨੇ 21ਵੀਂ ਸਦੀ ਦੇ ਇਸ ਉਤਰ ਪੂੰਜੀਵਾਦੀ ਦੌਰ ਵਿਚ ਔਰਤ ਦੀ ਅਜੋਕੀ ਸਥਿਤੀ ਨਾਲ ਜੁੜੇ ਵਿਭਿੰਨ ਦਵੰਦਾ, ਸੰਕਟਾਂ ਅਤੇ ਮਸਲਿਆਂ ਨੂੰ ਸ਼ਿੱਦਤ ਭਰਪੂਰ ਅਭਿਵਿਅਕਤੀ ਦਿੱਤੀ ਹੈ। ਕਤਲ, ਹਿੰਸਾ, ਬਲਾਤਕਾਰ ਸਾਡੇ ਸਮਕਾਲੀ ਸਭਿਆਚਾਰ ਦੀ ਹੋਣੀ ਬਣ ਚੁੱਕੇ ਹਨ। ਡਾ. ਸਤਿੰਦਰ ਸਿੰਘ ਨੂਰ ਦਾ ਕਥਨ ਹੈ, "ਘਾਤਕ ਹਮਲਾ ਇਕ ਪਰਿਵਾਰ ਉਤੇ ਹੀ ਨਹੀਂ, ਬਲਾਤਕਾਰ ਨੇਹਾ ਦਾ ਹੀ ਨਹੀਂ, ਕਤਲ ਕਮਲ ਦਾ ਹੀ ਨਹੀਂ, ਬਲਾਤਕਾਰ ਤਾਂ ਸਾਰੀਆਂ ਸਮਾਜਕ ਕੀਮਤਾਂ ਦਾ ਹੋ ਚੁੱਕਾ ਹੈ, ਕਤਲ ਸਾਰੇ ਮਨੁੱਖੀ ਰਿਸ਼ਤਿਆਂ ਦਾ ਹੋ ਚੁੱਕਾ ਹੈ, ਜੋ ਇਸ ਪ੍ਰਬੰਧ, ਇਸ ਵਿਗਾੜ ਦੇ ਸ਼ਿਕਾਰ ਹੋਏ ਮਨੁੱਖ ਦੀ ਦੇਖਭਾਲ ਲਈ ਅੱਗੇ ਵੀ ਆਉਂਦੇ ਹਨ, ਉਨ੍ਹਾਂ ਵਿਚ ਉਨ੍ਹਾਂ ਘਾਤਕ ਬੰਦਿਆਂ ਦੇ ਸਾਹਵੇਂ ਸਮਰੱਥਾ ਨਹੀਂ।"

ਸਾਡੇ ਸਮਕਾਲੀ ਯਥਾਰਥ ਦੇ ਕਰੂਰ ਸੱਚ ਨੂੰ ਨਿਰਧਾਰਤ ਕਰਨ ਦਾ ਅਗਲਾ ਪਾਸਾਰ ਛਿੰਦੋ ਅਤੇ ਸ਼ਰੂਤੀ ਦੇ ਨਾਰੀ ਪਾਤਰਾਂ ਰਾਹੀਂ ਉਭਰਦਾ ਹੈ। ਨੇਹਾ ਨੇ ਮਿਸਲ ਪੜ੍ਹਦਿਆਂ ਵੇਖਿਆ ਕਿ ਕੰਮੀਆਂ ਦੀ ਕੁੜੀ ਛਿੰਦੋ ਨਾਲ ਜੱਟਾਂ ਦਾ ਮੁੰਡਾ ਹਰਬੰਸ ਜ਼ੋਰ ਜ਼ਬਰਦਸਤੀ ਕਰ ਦਿੰਦਾ ਹੈ, ਤਾਂ ਜਿਹੜੇ ਸਵਾਲ ਉਸ ਨੂੰ ਨੇਹਾ ਦੇ ਮਾਮੇ ਰਾਮਨਾਥ ਨੇ ਹਰਬੰਸ ਦਾ ਵਕੀਲ ਬਣ ਭਰੀ ਕਚਹਿਰੀ ਵਿਚ ਪੁੱਛੇ, ਉਨ੍ਹਾਂ ਸਤਰਾਂ ਨੇ ਛਿੰਦੋ ਨੂੰ ਭਰੀ ਅਦਾਲਤ ਵਿਚ ਨਗਨ ਕਰ ਦਿੱਤਾ:-

ਇਹ ਕੋਈ ਪੁੱਛਣ ਵਾਲਾ ਸਵਾਲ ਸੀ, ਉਸ ਨੇ ਸਭ ਤੋਂ ਪਹਿਲਾਂ ਕਿਸ ਨਾਲ ਸੰਭੋਗ ਕੀਤਾ ਸੀ। ਡਾਕਟਰ ਕਹਿੰਦਾ ਸੀ, ਛਿੰਦੋ ਦਾ ਕੁਆਰ ਪਰਦਾ ਬਹੁਤ ਪਹਿਲਾਂ ਦਾ ਫਟਿਆ ਸੀ। ਮਾਮੇ ਨੇ ਪੁੱਛਿਆ ਸੀ ਛਿੰਦੋ ਨੇ ਇਹ ਕੁਆਰ ਪਰਦਾ ਕਿਸ ਕੋਲੋਂ ਪੜਵਾਇਆ ਸੀ। ਦੋਸ਼ੀ ਨੇ ਛਿੰਦੋ ਦੇ ਕੱਪੜੇ ਕਿਸ ਤਰ੍ਹਾਂ ਲਾਹੇ? ਖਿੱਚ ਧੂਹ ਵਿਚ ਕੱਪੜੇ ਫਟੇ ਕਿਉਂ ਨਾ? ਸਲਵਾਰ ਦਾ ਨਾਲਾ ਟੁੱਟਾ ਜਾਂ ਨਹੀਂ? ਬਿਨਾਂ ਨਾਲੇ ਦੇ ਉਸ ਨੇ ਸਲਵਾਰ ਕਿਸ ਤਰ੍ਹਾਂ ਪਾਈ। ਉਸ ਦਾ ਅੰਡਰ ਵੀਅਰ ਕਿਸ ਨੇ ਲਾਹਿਆ ਬਰੈਜਰ ਦੀ ਹੱਕ ਟੁੱਟੀ ਜਾਂ ਨਹੀਂ, ਉਸ ਨੂੰ ਜ਼ਮੀਨ ਉਪਰ ਲਿਟਾਇਆ ਜਾਂ ਮੰਜੇ ਉਪਰ ...? ਸਰੀਰ ਤੇ ਝਰੀਟਾਂ ਕਿਉਂ ਨਹੀਂ ਵੱਜੀਆਂ ? ਛਿੰਦੋ ਨੇ ਹਰਬੰਸ ਦੇ ਮੂੰਹ ਤੇ

ਨਹੁੰਦਰਾਂ ਕਿਉਂ ਨਹੀਂ ਮਾਰੀਆਂ, ਸੰਭੋਗ ਕਿਰਿਆ ਕਿੰਨਾਂ ਚਿਰ ਚਲੀ, ਅੰਡਰ ਵੀਅਰ ਤੇ ਖ਼ੂਨ ਕਿਉਂ ਨਹੀਂ ਲੱਗਾ। ਦੋਸ਼ੀ ਨੇ ਉਸ ਨੂੰ ਚੁੰਮਿਆ। ਛਿੰਦੋ ਨੇ ਦੰਦੀਆਂ ਕਿਉਂ ਨਹੀਂ ਵੱਢੀਆਂ। ਛਾਤੀਆਂ ਪੱਟੀਆਂ। ਉਹ ਚੁੱਪਚਾਪ ਸਭ ਕਿਉਂ ਬਰਦਾਸ਼ਤ ਕਰਦੀ ਰਹੀ।(ਕੌਰਵ ਸਭਾ, ਪੰਨਾ-267)

ਇਹ ਹੈ ਸਾਡੇ ਅਜੋਕੇ ਸਭਿਆਚਾਰਕ ਯਥਾਰਥ ਵਿਚ ਔਰਤ ਦੀ ਸਥਿਤੀ। ਮਿਸਲ ਪੜ੍ਹਨ ਤੋਂ ਬਾਅਦ ਨੇਹਾ ਨੂੰ ਅਦਾਲਤ ਕੌਰਵ ਸਭਾ ਜਾਪਣ ਲੱਗ ਜਾਣਾ ਕੋਈ ਅਲੋਕਾਰੀ ਨਹੀਂ ਹੈ। ਰਾਮਨਾਥ ਵਰਗੇ ਵਕੀਲਾਂ ਦੀ ਸਾਡੇ ਸਭਿਆਚਾਰ ਵਿਚ ਥੋੜ ਨਹੀਂ ਹੈ ਜਿਹੜੇ ਭਰੀ ਕਚਹਿਰੀ ਵਿਚ ਔਰਤ ਨੂੰ ਨੰਗੀ ਕਰਨ ਦਾ ਸਵਾਦ ਲੈਂਦੇ ਹਨ। ਮਿੱਤਰ ਸੈਨ ਮੀਤ ਨੇ ਇਸ ਮਿਸਲ ਰਾਹੀਂ ਛਿੰਦੋ ਦੇ ਸੱਚ ਨੂੰ ਅਰਥਾਂ ਨੂੰ ਦਰੋਪਤੀ ਦੇ ਚੀਰ ਹਰਨ ਤੱਕ ਵਿਸਥਾਰ ਦਿੱਤਾ ਹੈ। ਪਰ ਵਿਡੰਬਣਾ ਇਹ ਹੈ ਕਿ ਪੰਜਾਬੀ ਦੇ ਕਈ ਆਲੋਚਕਾਂ ਤੇ ਕੇਸਰ ਸਿੰਘ ਕੇਸਰ ਵਰਗੇ ਵੱਡੇ ਆਲੋਚਕ ਰਾਮਨਾਥ ਵਕੀਲ, ਜਿਸ ਨੇ ਉਕਤ ਕਰਤੂਤ ਕੀਤੀ, ਨੂੰ ਕ੍ਰਿਸ਼ਨ ਦਾ ਦਰਜਾ ਦਿੰਦੇ ਹਨ। ਕੀ ਕ੍ਰਿਸ਼ਨ ਨੇ ਮਹਾਂਭਾਰਤ ਵਿਚ ਇਹੋ ਕੁੱਝ ਕੀਤਾ ਸੀ ? ਸੋ ਮਿੱਤਰ ਸਨ ਮੀਤ ਨੇ ਕੌਰਵ ਸਭਾ ਨਾਵਲ ਵਿਚ ਸਾਡੇ ਸਭਿਆਚਾਰਕ ਯਥਾਰਥ ਨੂੰ ਦਰਪੇਸ਼ ਸੰਕਟਾਂ ਅਤੇ ਮਸਲਿਆਂ ਨੂੰ ਪੂਰੀ ਗਹਿਰਾਈ ਤੋਂ ਪਕੜਿਆ ਹੈ। ਸਾਡੇ ਸਭਿਆਚਾਰਕ ਅਵਚੇਤਨ ਵਿਚ ਪੈਸਾ ਮੁਖੀ ਕੀਮਤਾਂ ਦੇ ਭਾਰੂ ਹੋਣ ਅਤੇ ਔਰਤ ਦੀ ਹੋਂਦ ਅਤੇ ਹੋਣੀ ਦੇ ਦਾਰਸ਼ਨਿਕ ਪ੍ਰਸ਼ਨਾਂ ਦੇ ਸਨਮੁੱਖ ਸਾਨੂੰ ਲਿਆ ਖੜ੍ਹਾ ਕੀਤਾ ਹੈ।

**(6) ਕੌਰਵ ਸਭਾ ਵਿਚ ਪੇਸ਼ ਕਾਨੂੰਨ, ਨਿਆਂ, ਪੁਲਿਸ ਪ੍ਰਬੰਧ ਅਤੇ ਸਰਕਾਰੀ ਸੰਸਥਾਵਾਂ ਦਾ ਅਧਿਐਨ :**

ਅਸੀਂ ਕੌਰਵ ਸਭਾ ਵਿਚ ਸਮਕਾਲੀ ਸਮਾਜਕ, ਆਰਥਕ, ਰਾਜਨੀਤਕ ਅਤੇ ਸਭਿਆਚਾਰਕ ਯਥਾਰਥ ਨਾਲ ਜੁੜੇ ਵਿਭਿੰਨ ਪ੍ਰਸੰਗਾਂ ਨੂੰ ਵੇਖ ਚੁੱਕੇ ਹਾਂ। ਇਸ ਭਾਗ ਵਿਚ ਕੌਰਵ ਸਭਾ ਨਾਵਲ ਵਿਚ ਪੇਸ਼ ਹੋਏ ਕਾਨੂੰਨ ਪ੍ਰਬੰਧ, ਨਿਆਂਇਕ ਸਿਸਟਮ, ਪੁਲਿਸ ਪ੍ਰਣਾਲੀ ਅਤੇ ਹਸਪਤਾਲਾਂ ਦੇ ਵਿਵਹਾਰ ਸਬੰਧੀ ਮਿੱਤਰ ਸੈਨ ਮੀਤ ਦੁਆਰਾ ਪ੍ਰਸਤੁਤ ਆਲੋਚਨਾਤਮਕ ਅਧਿਐਨ ਦ੍ਰਿਸ਼ਟੀ ਵਾਚਾਂਗੇ। ਕੌਰਵ ਸਭਾ ਨਾਵਲ ਵਿਚ ਮਿੱਤਰ ਸੈਨ ਮੀਤ ਨੇ ਨਿਆਂ ਪ੍ਰਬੰਧ ਅਤੇ ਸਿਹਤ ਪ੍ਰਬੰਧ ਦੋਹਾਂ ਨੂੰ ਕਰੜੇ ਹੱਥੀਂ ਲਿਆ ਹੈ। ਨਿਆਂ ਪ੍ਰਬੰਧ ਜਿਸ ਵਿੱਚ ਕਾਨੂੰਨ ਦੀ ਕਾਰਜਸ਼ੀਲਤਾ, ਨਿਆਂ ਦੀ ਪ੍ਰਕਿਰਿਆ ਜਿਸ ਵਿਚ ਅਦਾਲਤਾਂ ਦੀ ਕਾਰਗੁਜ਼ਾਰੀ ਸ਼ਾਮਲ ਹੈ ਤੇ ਪੁਲਿਸ ਤਫਤੀਸ਼ ਆਦਿ ਆਉਂਦੇ ਹਨ। ਉਸ ਨੇ ਇਨ੍ਹਾਂ ਸਭ ਵਰਤਾਰਿਆਂ ਦੀ ਕਾਰਜਸ਼ੀਲਤਾ ਉੱਪਰ ਸਵਾਲੀਆ ਨਿਸ਼ਾਨ ਲਾਏ ਹਨ। ਜਿਸ ਮਨੋਰਥ ਨੂੰ ਮੁੱਖ ਰੱਖ ਕੇ ਇਨ੍ਹਾਂ ਸੰਸਥਾਵਾਂ ਅਤੇ ਪ੍ਰਬੰਧਾਂ ਦਾ ਗਠਨ ਕੀਤਾ ਗਿਆ ਹੈ, ਇਹ ਆਪਣੇ ਲੋਕਰਾਜੀ, ਮਾਨਵ ਮੁਕਤੀ ਦੀਆਂ ਰਵਾਇਤੀ ਪੋਜੀਸ਼ਨਾਂ ਤੋਂ ਤਿਲਕ ਕੇ ਨਿਰੋਲ ਮੁਨਾਫ਼ਾਕਾਰੀ ਰੁਚੀਆਂ ਵੱਲ ਅਗਰਸ਼ੀਲ ਹੋ ਗਈਆਂ ਹਨ। ਪੰਜਾਬ ਵਿਚ ਪੂੰਜੀ ਦੇ ਪਛੜੇਵੇਂ ਕਾਰਨ ਮੱਧ ਵਰਗੀ ਪਰਿਵਾਰਾਂ ਅੰਦਰ ਜਲਦੀ ਅਮੀਰ ਹੋਣ ਦੀ ਚਾਹਨਾ ਤੇ ਉਪਭੋਗੀ ਮੰਡੀ ਸਭਿਆਚਾਰ ਦੇ ਪਾਸਾਰੇ ਨੇ ਅਫਸਰਸ਼ਾਹੀ ਅਤੇ ਮੱਧ ਵਰਗੀ ਕਰਮਚਾਰੀਆਂ ਅੰਦਰ ਭ੍ਰਿਸਟਾਚਾਰ ਦਾ ਬੀਜ ਬੀਜਿਆ ਹੈ। ਅਜੋਕੇ ਸਮੇਂ ਵਿਚ ਸਭ ਕੁੱਝ ਮੰਡੀ ਦਾ ਮਾਲ ਹੈ। ਕਾਨੂੰਨ, ਨਿਆਂ, ਜੱਜ ਵਕੀਲ, ਡਾਕਟਰ, ਅਫਸਰ, ਨੇਤਾ ਸਭ ਮੰਡੀ ਦਾ ਮਾਲ ਹਨ। ਬਸ ਇਹਨਾਂ ਨੂੰ ਸਹੀ ਮੁੱਲ ਦੀ ਉਡੀਕ ਹੈ।

ਕੌਰਵ ਸਭਾ ਨਾਵਲ ਵਿਚ ਅਹਿਮ ਸਰੋਕਾਰ ਸਿਹਤ ਪ੍ਰਬੰਧ ਦੀ ਕਾਰਜਸ਼ੀਲਤਾ ਦਾ ਹੈ। ਪੰਕਜ ਅਤੇ ਨੀਰਜ ਜਦੋਂ ਭਾੜੇ ਦੇ ਬਦਮਾਸ਼ਾ ਤੋਂ ਵੇਦ ਦੇ ਘਰ 'ਤੇ ਹਮਲਾ ਕਰਵਾ ਦਿੰਦੇ ਹਨ ਤਾਂ ਉਨ੍ਹਾਂ ਨੂੰ ਇਲਾਜ ਲਈ ਸਰਕਾਰੀ ਹਸਪਤਾਲ ਦਾਖਲ ਕਰਵਾਇਆ ਜਾਂਦਾ ਹੈ। ਮੀਤ ਨੇ ਇਸ ਘਟਨਾ ਰਾਹੀਂ ਸਰਕਾਰੀ ਹਸਪਤਾਲ ਦੀ ਨਕਾਰਾ ਹੋ ਚੁੱਕੀ ਮਸ਼ੀਨਰੀ ਅਤੇ ਸਰਕਾਰੀ ਡਾਕਟਰਾਂ ਦੇ ਭ੍ਰਿਸ਼ਟ ਰਵੱਈਏ ਨੂੰ ਬੇਨਕਾਬ ਕਰ ਦਿੱਤਾ ਹੈ। ਮਰੀਜ਼ ਨੂੰ ਸਰਕਾਰੀ ਹਸਪਤਾਲਾਂ ਦੀ ਖਸਤਾ ਹਾਲਤ ਦੇ ਬਾਵਜੂਦ ਇਲਾਜ ਲਈ ਇਥੇ ਦਾਖਲ ਕਰਾਉਣਾ ਪਿਆ ਕਿਉਂਕਿ ਕਾਨੂੰਨ ਸਰਕਾਰੀ ਡਾਕਟਰਾਂ ਦੀਆਂ ਤਿਆਰ ਕੀਤੀਆਂ ਇੰਜਰੀ ਰਿਪੋਰਟਾਂ ਨੂੰ ਤਰਜੀਹ ਦਿੰਦਾ ਹੈ। ਪਰ ਵਿਡੰਬਣਾ ਇਹ ਹੈ ਕਿ ਸਰਕਾਰੀ ਹਸਪਤਾਲ ਮਰੀਜ਼ ਦਾ ਇਲਾਜ ਕਰਨ ਲਈ ਨਹੀਂ, ਇੰਜਰੀ ਰਿਪੋਰਟਾਂ ਤਿਆਰ ਕਰਨ ਦੇ ਅੱਡੇ ਹਨ। ਇਥੇ ਫੌਰੀ ਕਾਰਵਾਈਆਂ ਨਹੀਂ ਹੁੰਦੀਆਂ, ਪਹਿਲਾਂ ਦਲਾਲਾ ਰਾਹੀਂ ਸੌਦੇ ਤੈਅ ਹੁੰਦੇ ਹਨ:-

ਸੱਟਾਂ ਵੱਜੀਆਂ ਨੂੰ ਪੰਜ ਛੇ ਘੰਟੇ ਹੋ ਗਏ ਸਨ। ਮਰੀਜ਼ਾਂ ਨੂੰ ਹਾਲੇ ਤੱਕ ਡਾਕਟਰਾਂ ਨੇ ਛੂਹਿਆ ਤੱਕ ਨਹੀਂ ਸੀ। ਡਾਕਟਰਾਂ ਦੀ ਇਹ ਅਣਗਹਿਲੀ ਮਰੀਜ਼ਾਂ ਲਈ ਮੁਲਜਮਾਂ ਨਾਲੋਂ ਵੱਧ ਘਾਤਕ ਸਿੱਧ ਹੋ ਰਹੀ ਸੀ।(ਕੌਰਵ ਸਭਾ, ਪੰਨਾ-27)

ਮਰੀਜ਼ ਦੇ ਜ਼ਖਮ ਸੜਦੇ ਜਾ ਰਹੇ ਸਨ, ਖ਼ੂਨ ਵਹਿ ਰਿਹਾ ਸੀ. ਕੱਪੜੇ ਗੰਦੇ ਸਨ, ਜ਼ਖਮਾਂ ਵਿਚ ਮਿੱਟੀ ਘੱਟਾ ਪੈ ਜਾਣ ਕਾਰਨ 'ਇਨਫੈਕਸ਼ਨ ਦਾ ਡਰ ਸੀ। ਇੰਜਰੀ ਰਿਪੋਰਟ ਦੇ ਬਹਾਨੇ ਮਰੀਜ਼ ਨੂੰ ਮੌਤ ਦੇ ਮੂੰਹ ਧੱਕਿਆ ਜਾ ਰਿਹਾ ਸੀ। (ਉਹੀ, ਪੰਨਾ-27)

ਕੌਰਵ ਸਭਾ ਵਿਚ ਸਿਹਤ ਪ੍ਰਬੰਧ ਦੇ ਸਰਕਾਰੀ ਖੇਤਰ ਦਾ ਲੁਕਿਆ ਯਥਾਰਥ ਇਹ ਹੈ ਕਿ ਸਰਕਾਰੀ ਹਸਪਤਾਲਾਂ ਦਾ ਅਜੋਕਾ ਮਾਡਲ ਅੰਗਰੇਜਾਂ ਨੇ ਆਪਣੇ ਫੌਜੀਆਂ ਅਤੇ ਕੁਲੀਨ ਵਰਗਾਂ ਦੀਆਂ ਇਲਾਜ ਸਹੂਲਤਾਂ ਲਈ ਖੜ੍ਹਾ ਕੀਤਾ ਸੀ। ਪਰ ਸਰਕਾਰ ਨੇ ਉਹੀ ਮਾਡਲ ਅਪਣਾਈ ਰੱਖਿਆ ਤੇ ਇਸ ਉਪਰ ਸਟੇਟ ਬਿਊਰੋਕਰੇਸੀ ਦੇ ਸੰਪੂਰਨ ਅਧਿਕਾਰ ਨੇ ਇਨ੍ਹਾਂ ਦੀ ਕਾਰਜਸ਼ੀਲਤਾ ਨੂੰ ਸਿਫ਼ਰ ਤੇ ਲੈ ਆਂਦਾ। ਹੁਣ ਇਨ੍ਹਾਂ ਸਰਕਾਰੀ ਹਸਪਤਾਲਾਂ ਵਿਚ ਸਿਰਫ ਗਰੀਬ ਅਤੇ ਬੇਸਹਾਰਾ ਲੋਕਾਂ ਦਾ ਇਲਾਜ ਸਬੰਧੀ ਮੁਆਇਨਾ ਕੀਤਾ ਜਾਂਦਾ ਹੈ, ਇਲਾਜ ਨਹੀਂ। ਜੇ ਵੱਡੇ ਸ਼ਹਿਰਾਂ ਵਿਚ ਪੀ.ਜੀ.ਆਈ. ਜਾਂ ਏਮਸ ਵਰਗੀਆਂ ਵਿਸ਼ਵ ਪੱਧਰ ਦੀਆਂ ਸਹੂਲਤਾਂ ਨਾਲ ਲੈੱਸ ਕੇਂਦਰ ਹਨ ਵੀ ਤਾਂ ਉਨ੍ਹਾਂ ਵਿਚ ਸਿਰਫ ਅਫਸਰਾਂ, ਧਨਾਢਾਂ ਅਤੇ ਨੇਤਾਵਾਂ ਦਾ ਇਲਾਜ ਹੀ ਹੁੰਦਾ ਹੈ। ਪੇਂਡੂ ਜਾਂ ਮੁੱਢਲੇ ਸਿਹਤ ਕੇਂਦਰ ਸਿਰਫ਼ ਪਤਵੰਤਿਆਂ ਦੀਆਂ ਤਨਖਾਹਾਂ ਅਤੇ ਰਿਸ਼ਵਤਖੋਰੀ ਦਾ ਜਰੀਆ ਮਾਤਰ ਹਨ:-

ਅੰਕਲ ਮੈਂ ਨਰਸ ਨੂੰ ਪੁੱਛਿਆ ਸੀ ਕਿ ਡਾਕਟਰ ਕਿਉਂ ਨਹੀਂ ਆਉਂਦੀ, ਉਹ ਕਹਿੰਦੀ ਡਾਕਟਰ ਕਿਸੇ ਮੰਤਰੀ ਦੀ ਨੂੰਹ ਹੈ। ਉਸ ਨੂੰ ਕਿਸੇ ਦਾ ਡਰ ਨਹੀਂ ਜਦੋਂ ਦਿਲ ਕੀਤਾ ਆਏਗੀ। (ਉਹੀ, ਪੰਨਾ-27)

ਇਸ ਵਾਰਡ ਦੇ ਡਾਕਟਰ ਦੀ ਤਰੱਕੀ ਹੋ ਗਈ ਹੈ। ਇਸ ਹਸਪਤਾਲ ਦਾ ਇਹ ਸਭ ਤੋਂ ਅਹਿਮ ਵਾਰਡ ਹੈ। ਲੜਾਈ ਝਗੜੇ ਵਿਚ ਹੱਡ ਤੁੜਾ ਕੇ ਲੋਕ ਇਸੇ ਵਾਰਡ ਵਿਚ ਆਉਂਦੇ ਹਨ। ਡਾਕਟਰ ਦੋਹਾਂ ਪਾਸਿਆਂ ਤੋਂ ਪੈਸੇ ਝਾੜਦੇ ਹਨ। ਕਈ ਡਾਕਟਰ ਇਥੇ ਆਉਣ ਲਈ ਭੱਜ-ਨੱਠ ਕਰ ਰਹੇ ਹਨ। ਇਕ ਜਾਂਦਾ ਹੈ ਆਪਣੇ ਆਰਡਰ ਕਰਵਾ ਲੈਂਦਾ ਹੈ। ਦੂਜਾ ਉਸ ਤੋਂ ਵੱਡਾ ਬਰੀਫਕੇਸ ਲੈ ਜਾਂਦਾ ਹੈ, ਦੂਜੇ ਦੇ ਆਡਰ ਕੈਂਸਲ ਕਰਵਾ ਕੇ ਆਪਣੇ ਕਰਵਾ ਲੈਂਦਾ ਹੈ। ਦੋ ਮਹੀਨੇ ਵਿਚ ਪੰਜ ਬਦਲੀਆਂ ਹੋ ਗਈਆਂ ਹਨ।(ਉਹੀ, ਪੰਨਾ-29)

ਇਹ ਹੈ ਸਾਡੀ ਲੋਕ ਰਾਜੀ ਸਿਹਤ ਪ੍ਰਣਾਲੀ ਦਾ ਕਰੂਰ ਯਥਾਰਥ ਜਿਹੜਾ ਮਰੀਜ਼ ਨੂੰ ਗਾਹਕ ਤੱਕ ਘਟਾ ਦਿੰਦਾ ਹੈ। ਸੱਚ ਤਾਂ ਇਹ ਹੈ ਕਿ ਜਦੋਂ ਹਾਕਮ ਜਮਾਤਾਂ ਅਤੇ ਸਰਦੇ ਪੁਜਦੇ ਲੋਕਾਂ ਲਈ ਪ੍ਰਾਈਵੇਟ ਪੰਜਤਾਰਾ ਹਸਪਤਾਲਾਂ ਦੀ ਪੂੰਜੀਵਾਦੀ ਸਨਅਤ ਹੈ ਤਾਂ ਸਰਕਾਰ ਨੂੰ ਕੀ ਜਰੂਰਤ ਹੈ ਕਿ ਸਰਕਾਰੀ ਹਸਪਤਾਲਾਂ 'ਤੇ ਵਾਧੂ ਖਰਚਾ ਕੀਤਾ ਜਾਵੇ। ਮਿੱਤਰ ਸੈਨ ਮੀਤ ਦੀ ਖੂਬਸੂਰਤੀ ਇਹ ਹੈ ਕਿ ਉਹ ਵਿਅੰਗ ਅਤੇ ਵਿਡੰਬਣਾਂ ਦੀ ਜੁਗਤ ਰਾਹੀਂ ਅਛੋਪਲੇ ਹੀ ਦਰਸਾਇਆ ਜਾਂਦਾ ਹੈ ਕਿ ਸਮਕਾਲੀ ਲੋਕਰਾਜੀ ਸੰਸਥਾਵਾਂ ਅਤੇ ਸਰਕਾਰਾਂ ਲੋਕ ਵਿਰੋਧੀ ਖਾਸੇ ਵਾਲੀਆਂ ਹਨ।

ਮਿੱਤਰ ਸੈਨ ਮੀਤ ਨੇ ਸਰਕਾਰੀ ਹਸਪਤਾਲਾਂ ਦੀ ਨਿਸਬਤ ਆਧੁਨਿਕ ਪੂੰਜੀਵਾਦੀ ਪੰਜਤਾਰਾ ਹਸਪਤਾਲਾਂ ਦੀ ਪਰਾਈਵੇਟ ਸਨਅਤ ਵਿਕਸਤ ਹੋਣ ਦੇ ਸਮਕਾਲੀ ਪਰਿਪੇਖ ਨੂੰ ਚਿਤਰਿਆ ਹੈ। ਇਹ ਮਾਡਲ ਉਨ੍ਹਾਂ ਉੱਚ ਮੱਧ ਵਰਗੀ ਲੋਕਾਂ (ਗਾਹਕਾਂ) ਦੀਆਂ ਸਿਹਤ ਸਹੂਲਤਾਂ ਲਈ ਨਿਰਮਤ ਕੀਤਾ ਗਿਆ ਹੈ ਜਿਹੜੇ ਇਲਾਜ ਦੀ ਖਰੀਦ ਸ਼ਕਤੀ ਰੱਖਦੇ ਹਨ। ਕੌਰਵ ਸਭਾ ਦੇ ਅਵਚੇਤਨ `ਚੋਂ ਇਹ ਪਛਾਣਿਆ ਜਾ ਸਕਦਾ ਹੈ ਕਿ ਇਨ੍ਹਾਂ ਪੰਜਤਾਰਾ ਹਸਪਤਾਲਾਂ ਦੀ ਪੂੰਜੀਵਾਦੀ ਸਨਅਤ ਨੇ ਸਧਾਰਨ ਆਦਮੀ ਦੀ ਇਲਾਜ ਸਬੰਧੀ ਪਹੁੰਚ ਨੂੰ ਹਾਸ਼ੀਏ ਉਪਰ ਧੱਕ ਦਿੱਤਾ ਹੈ। ਇਨ੍ਹਾਂ ਹਸਪਤਾਲਾਂ ਦਾ ਕੰਟਰੋਲ ਪੂੰਜੀਪਤੀ ਹਾਕਮ ਜਮਾਤਾਂ ਦੇ ਹੱਥ ਵਿਚ ਹੈ। ਇਨ੍ਹਾਂ ਮਹਿੰਗੇ ਹਸਪਤਾਲਾਂ ਵਿਚ ਵਿਸ਼ਵ ਪੱਧਰ ਦੀਆਂ ਸਿਹਤ ਸਹੂਲਤਾ ਪ੍ਰਦਾਨ ਕੀਤੀਆਂ ਜਾਂਦੀਆਂ ਹਨ ਕਿਉਂਕਿ ਇਨ੍ਹਾਂ ਦਾ ਮਨੋਰਥ ਮੁਨਾਫਾ ਹੈ। ਵੱਡੀਆਂ ਦਵਾਈ ਸਨਅਤਾਂ ਇਨ੍ਹਾਂ ਹਸਪਤਾਲਾਂ ਦੀ ਵੇਚ ਸ਼ਕਤੀ ਉੱਪਰ ਹੀ ਨਿਰਭਰ ਕਰਦੀਆਂ ਹਨ। ਸਿਹਤ ਦੀ ਇਹ ਸਨਅਤ ਬਸਤੀਵਾਦੀ ਮਾਡਲ ਦਾ ਆਧੁਨਿਕ ਰੂਪ ਹੈ। ਜਿਹੜਾ ਅੰਗਰੇਜਾਂ ਨੇ ਵਿਕਸਤ ਕੀਤਾ ਸੀ। ਦਰਅਸਲ ਆਧੁਨਿਕ ਸਿਹਤ ਸੁਰੱਖਿਆ ਦੇ ਬਸਤੀਵਾਦੀ ਮਾਡਲ ਦੀ ਸਫਲਤਾ ਇਸ ਗੱਲ ਵਿਚ ਹੈ ਕਿ ਵਿਗਿਆਨਕ ਆਧਾਰ ਕਾਰਨ ਇਸ ਦੇ ਨਿਰਵਿਵਾਦ ਰੁਤਬੇ ਨੇ ਸਟੇਟ ਨੂੰ ਸਿਹਤ ਸੁਰੱਖਿਆ ਨਾਲ ਸਬੰਧਿਤ ਉਸ ਦੀਆਂ ਉਪਰੋਕਤ ਜ਼ਿੰਮੇਵਾਰੀਆਂ ਤੋਂ ਮੁਕਤ ਕਰਵਾ ਕੇ ਇਸ ਨੂੰ ਵਿਅਕਤੀਗਤ ਖ਼ਰੀਦਦਾਰੀ ਵਾਲਾ ਸੌਦਾ ਬਣਾ ਦਿੱਤਾ ਹੈ। "ਹੁਣ ਇਹ ਸਮਾਜਕ ਨਿਆਂ ਦਾ ਮਸਲਾ ਨਹੀਂ, ਵਿਅਕਤੀਗਤ ਖਰੀਦ ਦਾ ਮਸਲਾ ਹੈ। ਸਟੇਣ ਦੀ ਜ਼ਿੰਮੇਦਾਰੀ ਨਹੀਂ, ਪ੍ਰਾਈਵੇਟ ਵਿਉਪਾਰ ਹੈ। ਰਾਜਨੀਤਕ ਮਸਲਾ ਨਹੀਂ, ਪੈਦਾਵਾਰ ਅਤੇ ਖਪਤ ਦਾ ਪ੍ਰਾਈਵੇਟ ਧੰਦਾ ਹੈ।" ਕੌਰਵ ਸਭਾ ਵਿਚ ਜ਼ਿੰਦਗੀ-ਮੌਤ ਦੀ ਲੜਾਈ ਲੜ ਰਿਹਾ ਵੇਦ ਪਰਿਵਾਰ ਇਨ੍ਹਾਂ ਹਸਪਤਾਲਾਂ ਦੇ ਖਰਚਿਆਂ ਨੇ ਹੀ ਨਿੱਸਲ ਕਰ ਛੱਡਿਆ ਹੈ। ਮਾਇਆ ਨਗਰ ਦੇ ਦਇਆਨੰਦ ਹਸਪਤਾਲ ਦੀ ਨਿਸਬਤ ਦਿੱਲੀ ਦੇ ਪੰਜਤਾਰਾ ਹਸਪਤਾਲ ਦਾ ਸੱਚ ਇਹ ਹੈ:-

ਉਸ (ਵੇਦ) ਲਈ ਸਭ ਤੋਂ ਗੰਭੀਰ ਸਮੱਸਿਆ ਪੇਸੇ ਦੀ ਸੀ। ਇਸ ਹਸਪਤਾਲ ਦੇ ਖਰਚਿਆਂ ਨੇ ਹੀ ਉਨ੍ਹਾਂ ਨੂੰ ਕੰਗਾਲ ਬਣਾ ਦਿੱਤਾ ਸੀ। ਅਪੋਲੋ ਹਸਪਤਾਲ ਕਈ ਗੁਣਾ ਮਹਿੰਗਾ ਸੀ।(ਉਹੀ, ਪੰਨਾ-57)

ਇਸ ਦੇ ਉਲਟ ਪੰਕਜ ਵਰਗੇ ਪਤਵੰਤੇ ਵਰਗਾਂ ਲਈ ਪੰਜਤਾਰਾ ਹਸਪਤਾਲਾਂ ਦੀਆਂ ਵਿਸ਼ਵ ਪੱਧਰੀ ਸਿਹਤ ਸਹੂਲਤਾਂ ਨਾਲ ਲੈੱਸ ਸਿਹਤ ਸੰਸਥਾਵਾਂ ਹਨ। ਇਸ ਤਰ੍ਹਾਂ ਕੌਰਵ ਸਭਾ ਨਾਵਲ ਵਿਚ ਮਿੱਤਰ ਸੈਨ ਮੀਤ ਨੇ ਸਰਕਾਰੀ ਹਸਪਤਾਲਾਂ ਅਤੇ ਪਰਾਈਵੇਟ ਹਸਪਤਾਲਾਂ ਦੀ ਸਨਅਤ ਦੇ ਵਿਰੋਧ ਜੁੱਟਾਂ ਰਾਹੀਂ ਇਨ੍ਹਾਂ ਦੀ ਕਾਰਜਸ਼ੀਲਤਾ ਅਤੇ ਇਲਾਜ ਸਬੰਧੀ ਆਮ ਆਦਮੀ ਦੀ ਪਹੁੰਚ ਨੂੰ ਸਮਕਾਲੀ ਪਰਿਪੇਖ ਵਿਚ ਰੱਖ ਕੇ ਰੇਖਾਂਕਿਤ ਕੀਤਾ ਹੈ।

**7. ਕਾਨੂੰਨ ਨਿਆਂ ਅਤੇ ਪੁਲਿਸ ਪ੍ਰਣਾਲੀ ਦੇ ਯਥਾਰਥ ਦਾ ਆਲੋਚਨਾਤਮਕ ਅਧਿਐਨ :**

ਕੌਰਵ ਸਭਾ ਕਾਨੂੰਨ, ਨਿਆਂ ਅਤੇ ਸਰਕਾਰੀ ਸੰਸਥਾਵਾਂ ਜਿਵੇਂ ਥਾਣਿਆਂ, ਜੇਲ੍ਹਾਂ, ਅਦਾਲਤਾਂ ਆਦਿ ਦੇ ਵਸਤੂਮੂਲਕ ਵੇਰਵੇ ਪੇਸ਼ ਕਰਦਾ ਹੈ। ਇਨ੍ਹਾਂ ਪ੍ਰਬੰਧਾਂ ਵਿਚ ਹੁੰਦਾ ਭ੍ਰਿਸ਼ਟਾਚਾਰ, ਦੰਭ, ਅਮਾਨਵੀ ਵਿਵਹਾਰ ਤੇ ਇਨ੍ਹਾਂ ਦੀ ਵਰਤਮਾਨ ਕਾਰਜਸ਼ੀਲਤਾ ਨੂੰ ਮਿੱਤਰ ਸੈਨ ਮੀਤ ਨੇ ਸਮਕਾਲੀ ਯਥਾਰਥ ਵਿੱਚੋਂ ਸਮੱਗਰਤਾ ਸਹਿਤ ਪਕੜਿਆ ਹੈ।

ਕੌਰਵ ਸਭਾ ਨਾਵਲ ਵਿਚ ਸਭ ਤੋਂ ਪਹਿਲੀ ਕਾਰਵਾਈ ਹੀ ਪੁਲਿਸ ਦੀ ਕਾਰਗੁਜ਼ਾਰੀ ਨਾਲ ਹੁੰਦੀ ਹੈ। ਵੇਦ ਪਰਿਵਾਰ ਉੱਪਰ ਹੋਏ ਹਮਲੇ ਵਿਚ ਉਸ ਦੇ ਪੁੱਤਰ ਦਾ ਕਤਲ, ਧੀ ਦਾ ਬਲਾਤਕਾਰ, ਪਤਨੀ ਦਿਮਾਗ਼ੀ ਤੌਰ ਤੇ ਨਿਪੁੰਸਕ ਤੇ ਖ਼ੁਦ ਨਕਾਰਾ ਹੋ ਜਾਂਦਾ ਹੈ। ਪੁਲਿਸ ਪ੍ਰਣਾਲੀ ਜਿਸ ਦੀ ਵਿਵਸਥਾ ਹੀ ਲੋਕਾਂ ਦੀ ਜਾਨ-ਮਾਲ ਦੀ ਸੁਰੱਖਿਆ ਹੈ, ਆਪਣੀ ਜਿੰਮੇਵਾਰੀ ਕਿੰਨੀ ਕੁ ਮੁਸਤੈਦੀ ਨਾਲ ਨਿਭਾਉਂਦੀ ਹੈ। ਨਾਵਲ ਵਿਚ ਇਸ ਦਾ ਯਥਾਰਥਕ ਵੇਰਵਾ ਦਰਜ ਹੈ:-

ਸਵੇਰ ਦਾ ਸਮਾਂ ਸੀ। ਸੰਤਰੀ ਅਤੇ ਮੁਨਸ਼ੀ ਤੋਂ ਸਿਵਾ ਥਾਣੇ ਵਿੱਚ ਕੋਈ ਨਹੀਂ ਸੀ। ਕੁਆਟਰਾਂ ਵਿਚ ਜਾ-ਜਾ ਮਸਾਂ ਸਿਪਾਹੀ ਖੜ੍ਹੇ ਕੀਤੇ। ਫੋਨ ਕਰ ਕਰ ਥਾਣੇਦਾਰ ਬੁਲਾਏ। ਚਾਰ ਪੁਲਿਸ ਵਾਲਿਆਂ ਨੂੰ ਇਕੱਠੇ ਹੁੰਦਿਆਂ ਨੂੰ ਘੰਟਾ ਲੱਗ ਗਿਆ। ਦੋ ਘੰਟਿਆਂ ਬਾਅਦ ਪੁਲਿਸ ਮੌਕੇ ‘ਤੇ ਪੁੱਜੀ। ਕਮਲ ਦਾ ਸਰੀਰ ਠੰਡਾ ਹੋਇਆ ਪਿਆ ਸੀ। ਬਾਕੀ ਤਿੰਨ ਬੇਹੋਸ਼ ਸਨ। ਕਮਲ ਦੇ ਸਰੀਰ ਵਿਚੋਂ ਬਹੁਤ ਖ਼ੂਨ ਵਹਿ ਚੁੱਕਾ ਸੀ। ਵਾਰਦਾਤ ਪਤਾ ਨਹੀਂ ਕਿਸ ਵਕਤ ਹੋਈ ਸੀ। ਜੇ ਪੁਲਿਸ ਸਮੇਂ ਸਿਰ ਪੁੱਜ ਜਾਂਦੀ, ਸ਼ਾਇਦ ਉਹ ਬਚ ਜਾਂਦਾ। (ਕੌਰਵ ਸਭਾ, ਪੰਨਾ-22)

ਫੌਜਦਾਰੀ ਕਾਨੂੰਨ ਪ੍ਰਬੰਧ ਵਿਚ ਪੁਲਿਸ ਬੁਨਿਆਦੀ ਰੋਲ ਨਿਭਾਉਂਦੀ ਹੈ। ਪਰ ਵਰਤਮਾਨ ਪ੍ਰਸੰਗ ਵਿਚ ਪੁਲਿਸ ਪ੍ਰਣਾਲੀ ਧੱਕੇਸ਼ਾਹੀ, ਅਮਾਨਵਤਾ, ਭ੍ਰਿਸ਼ਟਤਾ ਅਤੇ ਜਾਹਲਸਾਜ਼ੀ ਦਾ ਮੁਜੱਸਮਾਂ ਹੈ। ਜੇਲ੍ਹਾ ਅਤੇ ਥਾਣਿਆਂ ਵਿਚ ਸਰੇਆਮ ਕਾਨੂੰਨ ਦੀਆਂ ਧੱਜੀਆਂ ਉਡਦੀਆਂ ਹਨ। ਜੇਲ੍ਹਾਂ ਅਤੇ ਥਾਣੇ ਜੁਰਮ ਰੋਕਣ ਦੀ ਥਾਂ ਟਰੇਨਿੰਗ ਸੈਂਟਰ ਵਾਲਾ ਧੰਦਾ ਕਰਦੇ ਹਨ। ਪੁਲਿਸ ਦੀ ਤਫਤੀਸ਼ ਹਾਕਮਾਂ ਦੇ ਹੱਕ ਵਿਚ ਭੁਗਤਦੀ ਹੈ। ਨਿੱਜੀ ਹਿਰਸਾਂ ਦੀ ਪੂਰਤੀ ਧਰਮ

ਕਾਰਜ ਹੋ ਨਿਬੜਦੀ ਹੈ। ਪੁਲਿਸ ਸਿਸਟਮ ਦੇ ਮੁਨਸੀ ਤੋਂ ਲੈ ਕੇ ਪੁਲਿਸ ਕਪਤਾਨ, ਡੀ.ਆਈ.ਜੀ., ਆਈ.ਜੀ. ਤੇ ਪੁਲਿਸ ਮੁਖੀ ਤਕ ਰਿਸ਼ਵਤ ਦੀ ਦਲਦਲ ਵਿਚ ਗਲ-ਗਲ ਡੁੱਬ ਚੁੱਕੇ ਹਨ। ਮੀਤ ਨੇ ਇਸ ਦਾ ਯਥਾਰਥਕ ਚਿਤਰ ਉਲੀਕਿਆ ਹੈ:-

ਪੰਜ ਲੱਖ ਵਿਚ ਸੌਦਾ ਤੈਅ ਹੋ ਗਿਆ। ਕੱਲ ਤੱਕ ਸਾਰੀ ਰਕਮ ਪੁੱਜ ਜਾਣੀ ਚਾਹੀਦੀ ਸੀ। ਇਵਜ ਵਿਚ ਕਪਤਾਨ ਅੱਗੇ ਤੋਂ ਉਨ੍ਹਾਂ ਦੀ ਡਟ ਕੇ ਮਦਦ ਕਰੇਗਾ। ਬਹੁਤ ਸਾਰੇ ਸਬੂਤ ਮਿਟਾ ਦਿੱਤੇ ਜਾਣਗੇ। ਗਵਾਹ ਨੀਰਜ ਦੀ ਮਰਜੀ ਦੇ ਰੱਖੇ ਜਾਣਗੇ। ਗਵਾਹੀ ਸਮੇਂ ਉਹ ਮੁੱਕਰ ਜਾਣਗੇ। ਥਾਣੇ ਦਾ ਰਿਕਾਰਡ ਇਸ ਤਰ੍ਹਾਂ ਲਿਖਿਆ ਜਾਵੇਗਾ ਜਿਹੜਾ ਉਹਨਾਂ ਦੇ ਹੱਕ ਵਿੱਚ ਭੁਗਤੇ।(ਕੌਰਵ ਸਭਾ, ਪੰਨਾ-93)

ਆਈ.ਜੀ. ਨੇ ਹਿੱਕ ਠੋਕ ਕੇ ਭਰੋਸਾ ਦਿੱਤਾ ਸੀ, ਜਿੰਨੀ ਤਫਤੀਸ ਹੋਣੀ ਸੀ ਹੋ ਗਈ। ਅੱਗੋਂ ਤੋਂ ਤਫਤੀਸ ਠੱਪ। ਹੁਣ ਜੋ ਤਫ਼ਤੀਸ਼ ਹੋਵੇਗੀ, ਉਹ ਪੰਕਜ ਹੋਰਾਂ ਦੇ ਹੱਕ ਵਿਚ ਹੋਵੇਗੀ। ਹਾਈਕੋਰਟ ਦੀ ਅਗਲੀ ਪੇਸ਼ੀ ਤੇ ਪਹਿਲਾਂ ਉਨ੍ਹਾਂ ਨੂੰ ਬੇਕਸੂਰ ਘੋਸ਼ਿਤ ਕਰ ਦਿੱਤਾ ਜਾਏਗਾ।(ਉਹੀ, ਪੰਨਾ-144)

ਮਿੱਤਰ ਸੈਨ ਮੀਤ ਦੀ ਖੂਬਸੂਰਤੀ ਪੁਲਿਸ ਪ੍ਰਬੰਧ ਦੇ ਭ੍ਰਿਸ਼ਟ ਅਤੇ ਅਮਾਨਵੀ ਖਾਸੇ ਨੂੰ ਚਿਤਰਨ ਵਿਚ ਨਹੀਂ, ਸਾਡੇ ਹਿਰਸਾਂ ਨਾਲ ਗ੍ਰੱਸੇ ਪੂੰਜੀਵਾਦੀ ਅਵਚੇਤਨ ਨੂੰ ਤਲਾਸ਼ਣ ਵਿੱਚ ਹੈ। ਇਹੋ ਉਸ ਦਾ ਹਾਸਲ ਹੈ। ਕੌਰਵ ਸਭਾ ਵਿਚ ਪੇਸ਼ ਹੋਈ ਇਕ ਕੜੀ ਜੇਲ੍ਹ ਪ੍ਰਬੰਧ ਦੀ ਹੈ। ਸਟੇਟ ਨੇ ਪੁਲਿਸ ਨੂੰ ਅੰਨ੍ਹੀ ਤਾਕਤ ਦਿੱਤੀ ਹੈ। ਪਰ ਪੁਲਿਸ ਇਸ ਸ਼ਕਤੀ ਦਾ ਪ੍ਰਯੋਗ ਜੁਰਮ ਨੂੰ ਰੋਕਣ ਲਈ ਨਹੀਂ ਕਰਦੀ, ਜ਼ੁਰਮ ਦੀ ਮੈਨੇਜਮੈਂਟ ਲਈ ਕਰਦੀ ਹੈ। ਜੇਲ੍ਹਾਂ ਸਮਕਾਲੀ ਸਮੇਂ ਵਿੱਚ ਮੁਲਜ਼ਮਾਂ ਨੂੰ ਸੁਧਾਰਨ ਲਈ ਲੋਕ ਹਿੱਤਕਾਰੀ ਏਜੰਸੀ ਦਾ ਕਾਰਜ ਛੱਡ ਕੇ ਜੁਰਮ ਪੈਦਾ ਕਰਨ ਦੇ ਆਧੁਨਿਕ ਉਦਯੋਗ ਵਿਚ ਰੂਪਾਂਤਰਤ ਹੋ ਚੁੱਕੀਆਂ ਹਨ। ਮਿੱਤਰ ਸੈਨ ਮੀਤ ਨੇ ਪੁਲਿਸ ਟਾਊਟਾਂ ਅਤੇ ਦਲਾਲਾਂ ਦੀ ਭੂਮਿਕਾ ਅਤੇ ਜੁਰਮ ਦੀ ਮੈਨੇਜਮੈਂਟ ਨੂੰ ਬਾਖੂਬੀ ਸਮਝਿਆ ਹੈ, ਕਿ ਕਿਸ ਤਰ੍ਹਾਂ ਪੁਲਿਸ ਦੀ ਸ਼ਕਤੀ ਸਟੇਟ ਦੇ ਹੁਕਮਾਂ ਦੀ ਵਰਤੋਂ ਨਿਜੀ ਮੁਫਾਦਾਂ ਲਈ ਕਰਦੀ ਹੈ:-

ਸਦਮੇ ਕਾਰਨ ਜੇ ਕੁੜੀ ਫੌਰੀ ਤੌਰ ਤੇ ਸਾਰੀ ਘਟਨਾ ਦਾ ਬਿਆਨ ਹੂ-ਬ-ਹੂ ਨਹੀਂ ਕਰ ਸਕੀ ਤਾਂ ਇਸ ਵਿਚ ਉਸ ਦਾ ਕੀ ਦੋਸ਼ ਸੀ? ਪੁਲਿਸ ਨੇ ਆਪਣੀ ਸੁਵਿਧਾ ਅਨੁਸਾਰ ਉਸ ਦੇ ਬਿਆਨ ਆਪੇ ਹੀ ਲਿਖ ਲਏ ਤਾਂ ਇਸ ਵਿਚ ਉਸ ਦਾ ਕੀ ਦੋਸ਼ ਸੀ। ਕਸੂਰ ਕਾਨੂੰਨ ਦਾ ਸੀ ਜਿਸ ਨੇ ਪੁਲਿਸ ਨੂੰ ਅਜੇਹੇ ਅਧਿਕਾਰ ਦਿੱਤੇ ਸਨ। (ਉਹੀ, ਪੰਨਾ 313)

ਚਾਰ ਮਹੀਨੇ ਦੀ ਕੈਦ ਕੱਟ ਕੇ ਉਹ ਹੁਣੇ ਹੀ ਬਾਹਰ ਆਇਆ ਸੀ। ਸੁਧਰਨ ਦੀ ਥਾਂ ਜੇਲ੍ਹ ਜਾ ਕੇ ਵਿਗੜ ਗਿਆ ਸੀ। ਪੇਸ਼ੇਵਰ ਮੁਜ਼ਰਮਾਂ ਨਾਲ ਉਸ ਦਾ ਸਬੰਧ ਹੋ ਗਿਆ ਸੀ। ਜੇਲ੍ਹ ਬੈਠੇ ਕਿਸੇ ਉਸਤਾਦ ਨੇ ਉਸ ਲਈ ਇਸ ਸੁਪਾਰੀ ਦਾ ਪ੍ਰਬੰਧ ਕੀਤਾ ਸੀ। (ਕੌਰਵ ਸਭਾ,ਪੰਨਾ-49)

ਜ਼ਾਹਰ ਹੈ ਕਿ ਕੌਰਵ ਸਭਾ ਨਾਵਲ ਵਿਚ ਮਿੱਤਰ ਸੈਨ ਮੀਤ ਨੇ ਸਮੁੱਚੇ ਪੁਲਿਸ ਪ੍ਰਬੰਧ ਦੇ ਵਿਕਰਾਲ ਅਮਾਨਵੀ ਚਿਹਰੇ ਤੋਂ ਪਰਦਾ ਚਾਕ ਕੀਤਾ ਹੈ। ਕੌਰਵ ਸਭਾ ਵਿੱਚ ਪੇਸ਼ ਸਰਦੇ ਪੁੱਜਦੇ ਵੇਦ ਅਤੇ ਮੋਹਨ ਪਰਿਵਾਰ ਦਾ ਇਹ ਹਸ਼ਰ ਹੈ ਤਾਂ ਸਧਾਰਨ ਬੰਦੇ ਪ੍ਰਤੀ ਪੁਲਿਸ ਦਾ ਕੀ ਵਿਵਹਾਰ ਹੋਵੇਗਾ। ਇਸ ਦਾ ਅੰਦਾਜ਼ਾ ਸਹਿਜੇ ਹੀ ਲਾਇਆ ਜਾ ਸਕਦਾ

ਕੌਰਵ ਸਭਾ ਦਾ ਅਗਲਾ ਸਰੋਕਾਰ ਸਮਕਾਲੀ ਨਿਆਂ ਪ੍ਰਬੰਧ ਬਣਦਾ ਹੈ। ਵੇਦ ਅਤੇ ਮੋਹਨ ਪਰਿਵਾਰ ਦਾ ਜਾਇਦਾਦੀ ਝਗੜਾ ਜਦੋਂ ਪਰਿਵਾਰਕ ਸਾਲਸਾਂ ਹੱਥੋਂ ਨਿਕਲ ਜਾਂਦਾ ਹੈ ਤਾਂ ਵਕੀਲ ਰਾਮਨਾਥ ਦੀ ਕਾਨੂੰਨੀ ਸਲਾਹ ਨਾਲ ਆਧੁਨਿਕ ਕਚਿਹਰੀ ਵਿੱਚ ਚਲਾ ਜਾਂਦਾ ਹੈ। ਇਸ ਅਦਾਲਤ ਦਾ ਫੈਸਲਾ ਮੰਨਣਾ ਹਰ ਬੰਦੇ ਲਈ ਆਖਰੀ ਬਣ ਨਿਬੜਦਾ ਹੈ। ਕਤਲ, ਹਿੰਸਾ, ਬਲਾਤਕਾਰ ਅਤੇ ਡਕੈਤੀ ਦੀ ਘਟਨਾ ਤੋਂ ਬਾਅਦ ਸਟੇਟ ਇਸ ਕੇਸ ਵਿਚ ਤੀਸਰੀ ਧਿਰ ਬਣ ਕੇ ਦਾਖਲ ਹੋ ਜਾਂਦੀ ਹੈ। ਜਦੋਂ ਸਰਕਾਰ ਇਕ ਧਿਰ ਬਣ ਗਈ, ਤਾਂ ਮੁਕੱਦਮਾਂ ਵੀ ਉਸੇ ਵੱਲੋਂ ਦਰਜ ਹੁੰਦਾ ਹੈ। ਫਿਰ ਮੁਲਜਮ ਅਤੇ ਮੁਦੱਈ ਧਿਰਾਂ ਆਪਸ ਵਿਚ ਕੋਈ ਸਮਝੌਤਾ ਵੀ ਕਿਵੇਂ ਕਰ ਸਕਦੀਆਂ ਹਨ। ਸੋ ਸਰਕਾਰੀ ਧਿਰ ਦੇ ਪ੍ਰਮੁੱਖ ਧਿਰ ਵਜੋਂ ਸ਼ਾਮਲ ਹੋ ਜਾਣ ਨਾਲ ਮੁਲਜ਼ਮ ਅਤੇ ਮੁਦਈ ਧਿਰਾਂ ਨੇ ਭਾਈਚਾਰਕ ਕਚਿਹਰੀ ਵਿੱਚ ਸੁਲਾਹ ਸਫਾਈ ਨਾਲ ਕਿਸੇ ਸਾਂਝੇ ਫੈਸਲੇ 'ਤੇ ਪਹੁੰਚਣ ਦਾ ਅਪਣਾ ਹੱਕ ਵੀ ਗਵਾ ਲਿਆ। "ਕਮਲ ਦੇ ਕਤਲ ਦਾ ਦੁੱਖ ਕੇਵਲ ਵੇਦ ਪਰਿਵਾਰ ਨੂੰ ਹੀ ਨਹੀਂ, ਸਰਕਾਰ ਨੂੰ ਵੀ ਹੈ। ਸਰਕਾਰ ਦਾ ਕਾਨੂੰਨ ਭੰਗ ਹੋਇਆ ਹੈ। ਮਸਲਾ ਵੇਦਕਿਆਂ ਅਤੇ ਮੋਹਨਕਿਆਂ ਵਿਚਲੀ ਲੜਾਈ ਦਾ ਨਹੀਂ, ਅਮਨ ਕਾਨੂੰਨ ਦੇ ਭੰਗ ਹੋਣ ਨਾਲ ਹੋਏ ਸਟੇਟ ਦੇ ਨੁਕਸ਼ਾਨ ਦਾ ਵੀ ਹੈ।"

ਇਸ ਤੋਂ ਪਿੱਛੋਂ ਸ਼ੁਰੂ ਹੁੰਦੀ ਹੈ । ਸਮੁੱਚੀ ਅਦਾਲਤੀ ਪ੍ਰਕਿਰਿਆ। ਮਿੱਤਰ ਸੈਨ ਮੀਤ ਨੇ ਭਾਰਤੀ ਕਾਨੂੰਨ ਪ੍ਰਬੰਧ ਦੀ ਵਾਜਬੀਅਤ ਉੱਤੇ ਸਵਾਲੀਆ ਨਿਸ਼ਾਨ ਲਾਏ ਹਨ। ਸਾਡਾ ਆਧੁਨਿਕ ਕਾਨੂੰਨੀ ਢਾਂਚਾ ਜਿਹੜਾ ਅੰਗਰੇਜ਼ੀ ਸਰਕਾਰ ਨੇ ਸਾਡੇ ਉੱਪਰ ਅਰੋਪਤ ਕੀਤਾ ਹੈ, ਅਸੀਂ ਉਸੇ ਦੇ ਨਾਲ ਬੱਝੇ ਹੋਏ ਹਾਂ। ਇਹ ਮੁਲਜ਼ਮ ਪੱਖੀ ਕਾਨੂੰਨ ਸਿਰਫ਼ ਦੋਸ਼ੀਆਂ ਦਾ ਪੱਖ ਪੂਰਦਾ ਹੈ। ਸੱਭ ਤੋਂ ਵੱਡੀ ਤਰਾਸਦੀ ਤਾਂ ਇਹ ਹੈ ਕਿ ਇਹ ਮੁਜਰਮ ਨੂੰ ਬੇਕਸੂਰ ਮੰਨ ਕੇ ਚਲਦਾ ਹੈ। ਇਸ ਦੀ ਬੇਬਸੀ ਇਹ ਹੈ ਕਿ ਇਹ ਪੁਲਿਸ ਦੀ ਤਫਤੀਸ਼ ਵਿਚ ਵੀ ਦਖ਼ਲ ਨਹੀਂ ਦੇ ਸਕਦਾ। ਹਰੀਸ ਦੇ ਇਹ ਬੋਲ ਭਾਰਤੀ ਕਾਨੂੰਨ ਦੀ ਬੇਬਸੀ ਜਾਹਿਰ ਕਰਦੇ ਹਨ:-

ਦੱਸੋ ਆਪਾਂ ਕਿਸ ਕਾਨੂੰਨ ਤਹਿਤ ਕਾਰਵਾਈ ਰੋਕਾਂਗੇ। ਅਦਾਲਤ ਤਫਤੀਸ਼ ਵਿਚ ਦਖਲ ਨਹੀਂ ਦੇ ਸਕਦੀ। (ਕੌਰਵ ਸਭਾ,ਪੰਨਾ-204)

ਪਰ ਇਹ ਮੁਕੱਦਮਾ ਆਪਣੀ ਕਿਸਮ ਦਾ ਸੀ। ਅਸਲ ਮਾਮਲਾ ਚੋਰੀ ਡਕੈਤੀ ਦਾ ਸੀ। ਅਜਿਹੇ ਕੇਸਾਂ ਵਿਚ ਅਕਸਰ ਮੁਲਜ਼ਮ ਪੁਲਿਸ ਦੇ ਹੱਥ ਨਹੀਂ ਆਉਂਦੇ। ਆਉਣ ਤਾਂ ਸਾਲ-ਛੇ ਮਹੀਨੇ ਪਿੱਛੋਂ ਆਉਂਦੇ ਹਨ। ਉਦੋਂ ਤੱਕ ਇੰਨੀ

ਦੇਰ ਹੋ ਚੁੱਕੀ ਹੁੰਦੀ ਹੈ ਕਿ ਸਾਰੇ ਸਬੂਤ ਮਿਟ ਚੁੱਕੇ ਹੁੰਦੇ ਹਨ। ਕਾਨੂੰਨ ਦੋਸ਼ੀਆਂ ਦੀ ਪਿੱਠ ਪਲੋਸਦਾ ਹੈ। ਸ਼ੱਕ ਦਾ ਫਾਇਦਾ ਦੇ ਕੇ ਬਰੀ ਕਰ ਦਿੰਦਾ ਹੈ। (ਉਹੀ,ਪੰਨਾ 28)

ਭਾਰਤੀ ਕਾਨੂੰਨ ਵਿਧਾਨ ਦੀ ਵਿਡੰਬਣਾਕਾਰੀ ਸਥਿਤੀ ਇਹ ਹੈ ਕਿ ਇਹ ਹਾਕਮ ਪੱਖੀ ਹੈ। ਕਾਨੂੰਨ ਘੜਨ ਵਾਲੇ ਖੁਦ ਮੁਜਰਮ ਹਨ। ਕਾਨੂੰਨੀ ਮੋਰੀਆਂ ਅਤੇ ਖਾਮੀਆਂ ਇਨ੍ਹਾਂ ਨੂੰ ਰਾਸ ਆਉਂਦੀਆਂ ਹਨ। ਇਨ੍ਹਾਂ ਅਫਸਰਸ਼ਾਹਾਂ ਅਤੇ ਹਾਕਮਾਂ ਨੂੰ ਲੋਕਾਂ ਨਾਲੋਂ ਆਪਣੀ ਵੱਧ ਚਿੰਤਾ ਹੈ। ਅਸਲ ਵਿਚ ਇਹ ਨਾਵਲ ਸਟੇਟ ਦੇ ਇਸ ਸਿਧਾਂਤ ਦੀ ਸੋਝੀ ਉੱਤੇ ਟਿਕਿਆ ਹੋਇਆ ਹੈ ਕਿ, "ਸਟੇਟ ਇਕ ਜਾਂ ਦੂਸਰੇ ਵਰਗ ਦੀ ਹੱਥ-ਠੋਕਾ ਹੁੰਦੀ ਹੈ, ਰਾਜਸੀ ਪਾਰਟੀਆਂ ਜੋ ਕਿ ਸਟੇਟ ਦਾ ਵਿਧਾਨ ਚਲਾਉਂਦੀਆਂ ਹਨ, ਧੁਨੀ ਹਾਕਮ ਵਰਗ ਦੇ ਹਿੱਤਾਂ ਅਨੁਸਾਰ ਕਾਨੂੰਨ ਬਣਾਉਂਦੀਆਂ ਹਨ, ਅੱਗੋਂ ਅਫਸਰਸ਼ਾਹੀ ਇਨ੍ਹਾਂ ਕਾਨੂੰਨਾਂ ਦਾ ਪਾਲਣ ਧਨੀ ਵਰਗਾਂ ਦੇ ਹਿੱਤਾਂ ਅਨੁਸਾਰ ਕਰਦੀ ਹੈ।" ਅਫਸਰਸ਼ਾਹੀ ਦੇ ਅੰਤਰਗਤ ਕਾਰਜਕਾਰਨੀ, ਨਿਆਂਪਾਲਿਕਾ ਅਤੇ ਤਫਤੀਸੀ ਵਿਭਾਗ ਸਭ ਦੇ ਸਭ ਸ਼ਾਮਿਲ ਹਨ। ਜ਼ਾਹਰ ਹੈ ਅਦਾਲਤਾਂ

ਅਤੇ ਮੁਕੱਦਮਿਆਂ ਵਿਚ ਸਿਰਫ ਤਾਕਤ ਵਾਲੀ ਧਿਰ ਜਿੱਤ ਸਕਦੀ ਹੈ। ਇਹ ਤਾਕਤ ਭਾਵੇਂ ਪੈਸੇ ਦੀ ਹੋਵੇ, ਭਾਵੇਂ ਰੁਤਬੇ ਦੀ ਤੇ ਭਾਵੇਂ ਸਟੇਟ ਜਾਂ ਸੱਤਾ ਦੀ ਹੋਵੇ। ਸਧਾਰਨ ਬੰਦਾ ਤਾਕਤ ਦੀ ਗੈਰਮੌਜੂਦਗੀ ਕਾਰਨ ਭਾਰਤੀ ਨਿਆਂ ਪ੍ਰਬੰਧ ਦੀ ਲੰਮੀ ਪ੍ਰਕਿਰਿਆ ਵਿਚ ਟੁੱਟਦਾ, ਪਿਸਦਾ ਤੇ ਜਹਾਲਤ ਹੀ ਨਹੀ ਹੰਢਾਉਂਦਾ ਕਾਨੂੰਨ ਦਾ ਢਿੱਡ ਨਾ ਭਰ ਸਕਣ ਕਾਰਨ ਹਾਰਦਾ ਵੀ ਹੈ। ਕੌਰਵ ਸਭਾ ਦੇ ਨਾਵਲੀ ਅਵਚੇਤਨ ਵਿਚੋਂ ਇਹੀ ਗੱਲ ਪਛਾਣਨ ਯੋਗ ਹੈ:-

ਇਕ ਸਾਲ ਵਿਚ ਮੁੱਕਣ ਵਾਲੇ ਮੁਕੱਦਮੇ ਨੂੰ ਦਸ ਪੰਦਰਾਂ ਸਾਲ ਲੱਗ ਜਾਣੇ ਸਨ। ਨਾ ਵੇਦ ਪਰਿਵਾਰ ਨੇ ਬੇਇਨਸਾਫੀ ਨੂੰ ਬਰਦਾਸ਼ਤ ਕਰਨਾ ਸੀ, ਨਾ ਪੰਕਜ ਕੋਲ ਪੇਸੇ ਦੀ ਪਰਵਾਹ ਸੀ। ਵਾਰ-ਵਾਰ ਅਪੀਲਾਂ ਹੋਈਆਂ ਸਨ। ਕਈ ਵਾਰ ਉੱਚੀਆਂ ਅਦਾਲਤਾਂ ਵਿਚ ਲਟਕਦੇ ਫੈਸਲੇ ਇਕ ਪੀੜ੍ਹੀ ਤੱਕ ਨਿਗਲ ਲੈਂਦੇ ਸਨ।(ਉਹੀ, ਪੰਨਾ-221)

ਮਿੱਤਰ ਸੈਨ ਮੀਤ ਨੇ ਵਰਤਮਾਨ ਭਾਰਤੀ ਕਾਨੂੰਨ ਪ੍ਰਬੰਧ ਦੀ ਡੂੰਘ ਸੰਰਚਨਾ ਵਿਚ ਪਈਆਂ ਕਮੀਆਂ ਦੀ ਵਿਡੰਬਣਾਕਾਰੀ ਸਥਿਤੀ ਨੂੰ ਪ੍ਰਸਤੁਤ ਕੀਤਾ ਹੈ।

ਕੌਰਵ ਸਭਾ ਨਾਵਲ ਰਾਹੀਂ ਮਿੱਤਰ ਸੈਨ ਮੀਤ ਨੇ ਭਾਰਤੀ ਕਾਨੂੰਨ ਦੀਆਂ ਅੱਖਾਂ ਤੋਂ ਪੱਟੀ ਖੋਲ੍ਹਣ ਦਾ ਯਤਨ ਕੀਤਾ ਹੈ। ਉਸ ਨੇ ਸਾਧੂ ਸਿੰਘ ਜੱਜ, ਊਧਮ ਸਿੰਘ ਵਕੀਲ ਤੇ ਹਰੀਸ਼ ਰਾਏ ਵਰਗੇ ਪਾਤਰ ਸਿਰਜ ਕੇ ਸੱਚਾਈ ਨੂੰ ਪੂਰੀ ਤਰ੍ਹਾਂ ਮਰਨ ਨਹੀਂ ਦਿੱਤਾ। ਬੇਸ਼ੱਕ ਸਾਧੂ ਸਿੰਘ ਦਾ ਲੋਕਹਿੱਤਕਾਰੀ ਰਵੱਈਆ, ਉਸ ਦਾ ਸਹਿਜ ਮਾਨਵੀ ਵਿਵਹਾਰ ਨਹੀਂ ਉਸ ਦੀ ਵਰਤਮਾਨ ਸਥਿਤੀ ਦੇ ਪਿਛੋਕੜ ਵਿਚ ਵੀ ਉਸ ਨਾਲ ਹੋਈ ਬੇਇਨਸਾਫੀ ਹੀ ਹੈ ਤੇ ਤਾਂ ਹੀ ਉਹ ਮਜਲੂਮ ਧਿਰ ਨੂੰ ਇਨਸਾਫ ਦਵਾਉਣ ਲਈ ਤਰਲੋਮੱਛੀ ਹੁੰਦਾ ਹੈ। ਪਰ ਮਿੱਤਰ ਸੈਨ ਮੀਤ ਉਸ ਦੁਆਰਾ ਦਿੱਤੇ ਜਾਣ ਵਾਲੇ ਫੈਸਲੇ ਨੂੰ ਸੁਣਾ ਕੇ ਆਪਣੇ ਅਵਚੇਤਨ ਵਿਚ ਪਈ ਵੇਦ ਪਰਿਵਾਰ ਪ੍ਰਤੀ ਹਮਦਰਦੀ ਨੂੰ ਬਿਆਨ ਕਰਨੋ ਰਹਿ ਨਹੀਂ

ਸਕਿਆ। ਇਹ ਕਾਲਪਨਿਕ ਤੇ ਆਦਰਸ਼ ਫੈਸਲਾ ਪਾਠਕ ਨੂੰ ਕੁੱਝ ਦੇਰ ਰਾਹਤ ਤਾਂ ਪਹੁੰਚਾ ਸਕਦਾ ਹੈ ਪਰ ਨਾਵਲ ਦੀ ਯਥਾਰਥਕਤਾ ਨੂੰ ਜ਼ਰਬ ਪਹੁੰਚਾ ਜਾਂਦਾ ਹੈ।

ਕੌਰਵ ਸਭਾ ਨਾਵਲ ਵਿਚ ਸਰਕਾਰੀ ਅਤੇ ਗੈਰ ਸਰਕਾਰੀ ਸੰਸਥਾਵਾਂ, ਜੱਜਾਂ, ਵਕੀਲਾਂ ਅਤੇ ਅਫਸਰਸ਼ਾਹਾਂ ਤੇ ਨੇਤਾਵਾਂ ਵੱਲੋਂ ਕੀਤੇ ਜਾਂਦੇ ਅਮਾਨਵੀ ਵਿਹਾਰ ਅਤੇ ਇਨ੍ਹਾਂ ਦੇ ਸ਼ਿਕਾਰ ਹੁੰਦੇ ਲੋਕਾਂ ਦੀ ਇਨਸਾਫ ਪਸੰਦੀ ਲਈ ਮੀਤ ਨੇ ਪ੍ਰਤੀਰੋਧ ਸਿਰਜਿਆ ਹੈ। ਇਹ ਪ੍ਰਤੀਰੋਧ ਲੋਕ ਸਮੂਹਾਂ ਅਤੇ ਲੋਕ ਸੰਗਠਨਾਂ ਦੇ ਰੂਪ ਵਿਚ ਸਨਮੁੱਖ ਹੁੰਦਾ ਹੈ। ਪੱਤਰਕਾਰਾਂ ਦਾ 'ਪ੍ਰੈਸ ਕਲੱਬ', ਵਿਦਿਆਰਥੀ ਸੰਗਠਨ, ਯੁਵਾ ਸ਼ਕਤੀ ਮੋਰਚਾ, ਹਰੀਸ਼ ਰਾਏ ਦੀ 'ਵਿਕਟਮ ਵੈਲਫੇਅਰ ਸੋਸਾਇਟੀ', 'ਮਾਨਵ ਅਧਿਕਾਰ ਸੰਗਠਨ, ਬਾਰ ਕੌਂਸਲ ਆਦਿ ਦੇ ਸੰਘਰਸ਼ ਆਪਣੇ ਆਪਣੇ ਅਧਿਕਾਰ ਖੇਤਰਾਂ ਤੱਕ ਮਹਿਦੂਦ ਹਨ। ਇਨ੍ਹਾਂ ਵਿਕੋਲਿਤਰੇ ਸਮੂਹਾਂ, ਉਪ ਸਮੂਹਾਂ ਦੀ ਜੱਦੋ-ਜਹਿਦ ਆਪਣੀ ਧਿਰ ਦੀ ਜਿੱਤ ਲਈ ਕੀਤੇ ਯਤਨ ਹਨ। ਅਸਲ ਵਿਚ ਇਹ ਵਰਗ ਸਮੂਹ ਨਹੀਂ ਵਿਅਕਤੀ ਸਮੂਹ ਹਨ। ਇਨ੍ਹਾਂ ਦੇ ਸੰਘਰਸ਼ ਵਿਚੋਂ ਕਿਸੇ ਵਡੇਰੇ ਮਾਨਵਮੁਕਤੀ ਦੇ ਵਰਗ ਸੰਘਰਸ਼ ਦੀ ਆਸ ਨਹੀਂ ਰੱਖੀ ਜਾ ਸਕਦੀ। ਇਹ ਸੰਘਰਸ ਨਹੀਂ, ਨਿੱਜੀ ਮਸਲਿਆਂ ਲਈ ਕੀਤੇ ਗਏ ਅੰਦੋਲਨ ਹਨ।

ਅਸਲ ਵਿਚ ਮਿੱਤਰ ਸੈਨ ਮੀਤ ਕੌਰਵ ਸਭਾ ਦਾ ਸੰਗਠਨ ਉਸਾਰਨ ਵਿਚ ਵਿਰੋਧ ਜੁੱਟ ਉਸਾਰਦਾ ਹੈ। ਇਹ ਵਿਰੋਧ ਜੁੱਟ ਵਿਰੋਧੀ ਪੁਜੀਸ਼ਨਾ ਅਖਤਿਆਰ ਕਰਦੇ ਹਨ। ਇਨ੍ਹਾਂ ਦਰਮਿਆਨ ਤਣਾਓ ਅੰਤ ਤੱਕ ਬਣਿਆ ਰਹਿੰਦਾ ਹੈ ਤੇ ਕਈਆਂ ਵਿਚ ਟਕਰਾਉ ਵਿਚ ਵੀ ਬਦਲ ਜਾਂਦਾ ਹੈ, ਜਿਵੇਂ ਵੇਦ ਅਤੇ ਮੋਹਨ ਧਿਰ। ਇਨ੍ਹਾਂ ਵਿਰੋਧ ਜੁੱਟਾਂ ਵਿਚ ਖੱਪੇ ਹਨ, ਵਿਥਾਂ ਹਨ। ਇਨ੍ਹਾਂ ਵਿਥਾਂ ਵਿਚੋਂ ਹੀ ਇਸ ਨਾਵਲ ਦੀ ਅਰਥਗਤ ਖੇਡ ਨੂੰ ਸਮਝਿਆ ਜਾ ਸਕਦਾ ਹੈ। ਇਹ ਵਿਰੋਧ ਜੁੱਟ ਇਸ ਤਰ੍ਹਾਂ ਹਨ ਮੋਹਨ -ਵੇਦ', 'ਸਰਕਾਰੀ ਹਸਪਤਾਲ- ਪ੍ਰਾਈਵੇਟ ਹਸਪਤਾਲਾਂ, ਵਿਕਟਮ ਵੈਲਫੇਅਰ ਸੋਸਾਇਟੀ- ਮਾਨਵ ਅਧਿਕਾਰ ਸੰਗਠਨ ਸਾਧੂ ਸਿੰਘ (ਜੱਜ)- ਊਧਮ ਸਿੰਘ, ਵਕੀਲ ਹਰੀਸ਼ ਰਾਏ ਭਗਤ ਸਿੰਘ (ਜੱਜ), ਨੰਦ ਲਾਲ ਸਿੰਗਲਾ, ਯੁਵਾ ਸ਼ਕਤੀ ਮੋਰਚਾ, ਵਿਦਿਆਰਥੀ ਸੰਗਠਨ, ਪ੍ਰੈੱਸ ਕਲੱਬ- ਮਾਤਾ ਕਲਿਆਣੀ ਦਾ ਯੋਗ ਆਸ਼ਰਮ, ਪੁਲਿਸ ਪ੍ਰਬੰਧ- ਨਿਆਂ ਸਿਸਟਮ । ਇਨ੍ਹਾਂ ਵਿਰੋਧ ਜੁੱਟਾਂ ਰਾਹੀਂ ਦੋਹਾਂ ਧਿਰਾਂ ਦੀ ਨਿਸ਼ਾਨਦੇਹੀ ਹੁੰਦੀ ਹੈ। ਪਹਿਲੀ ਵੇਦ ਧਿਰ ਅਤੇ ਦੂਜੀ ਮੋਹਨ ਧਿਰ ਦੀ ਪ੍ਰਤੀਨਿਧਤਾ ਕਰਨ ਵਾਲੇ ਵਿਰੋਧ ਜੁੱਟ ਹਨ। ਇਨ੍ਹਾਂ ਵਿਰੋਧ ਜੁੱਟਾਂ ਦੀ ਕਾਰਜਸ਼ੀਲਤਾ ਵਿਚੋਂ ਹੀ ਨਾਵਲ ਆਪਣੀ ਸੰਰਚਨਾ ਨਿਰਮਤ ਕਰਦਾ ਹੈ।

ਖੱਬੇ ਪੱਖੀ ਵਿਰੋਧ ਜੁੱਟਾਂ ਵਿਚੋਂ ਸੰਘਰਸ਼ ਦੀ ਧੁਨੀ ਸੁਣਾਈ ਦਿੰਦੀ ਹੈ ਪਰ ਇਹ ਪੂਰੇ ਨਾਵਲੀ ਚੌਖਟੇ ਉੱਪਰ ਫੈਲ ਨਹੀਂ ਸਕਦੀ। ਇਸ ਲਈ ਪਾਤਰ ਇਸ ਮੁਕੱਦਮੇ ਵਿਚ ਇਨਸਾਫ ਲਈ ਜੂਝਦੇ ਹੀ ਰਹਿ ਜਾਂਦੇ ਹਨ। ਪਰ ਇਨਸਾਫ਼ ਦਾ ਸਿਸਟਮ ਆਪਣੀਆਂ ਜੜ੍ਹਾਂ ਤਕ ਵਿਗੜਿਆ ਹੋਇਆ ਹੈ। ਇਸ ਲਈ ਅੰਤਮ ਨਿਆਂ ਦੀ ਤਲਾਸ਼ ਤਲਾਸ਼ ਹੀ ਰਹਿੰਦੀ ਹੈ। ਅੰਤ ਵਿਚ ਅਦਾਲਤ ਵਿਚ ਹੋਏ ਫੈਸਲੇ ਅਨੁਸਾਰ ਪੰਕਜ, ਨੀਰਜ ਬਰੀ, ਅਤੇ ਦੂਜੇ ਮੁਜਰਮਾਂ ਨੂੰ

ਤਿੰਨ-ਤਿੰਨ ਸਾਲ ਦੀ ਸਜਾ ਹੋਈ। ਉਹ ਸਰਕਾਰ ਪਹਿਲਾਂ ਹੀ ਮੁਆਫ਼ ਕਰ ਚੁੱਕੀ ਹੈ। ਨਾਵਲ ਦਾ ਅੰਤਲਾ ਵਾਕ ਨੇਹਾ ਦੀ ਹਾਲਤ ਬਿਆਨ ਕਰ ਜਾਂਦਾ ਹੈ।

ਸੁੰਨ ਵੱਟਾ ਬਣੀ ਖੜੀ ਨੇਹਾ ਫੈਸਲੇ ਦੇ ਅਰਥ ਕੱਢਣ ਲੱਗੀ। ਉਸ ਨੂੰ ਸਮਝ ਨਹੀਂ ਸੀ ਆ ਰਹੀ ਕਿ ਦੋਸ਼ੀ ਸਜ਼ਾ ਹੋਏ ਹਨ ਜਾਂ ਬਰੀ ? ਪੰਨਾ-324

ਇਸ ਕੇਸ ਦਾ ਇਹੋ ਹਸਰ ਹੋਣ ਵਾਲਾ ਸੀ ਇਹ ਤਾਂ ਬਿਰਤਾਂਤਕਾਰ ਨਾਵਲ ਦੇ ਸ਼ੁਰੂ ਵਿਚ ਹੀ ਸੰਕੇਤ ਕਰ ਚੁੱਕਾ ਸੀ। ਸਮਝਣ ਵਾਲੀ ਗੱਲ ਇਹ ਹੈ ਕਿ ਇਸ ਕਾਨੂੰਨੀ ਕਚਹਿਰੀ ਲਈ ਜੁਰਮ ਕਿਸੇ ਪਾਪ ਜਾਂ ਅਨੈਤਿਕਤਾ ਦਾ ਨਾਮ ਨਹੀਂ ਇਕ ਸਮਾਜਕ ਅਹਿਦਨਾਮੇ ਨੂੰ ਤੋੜਨ ਦਾ ਨਾਮ ਹੈ। ਸਮਾਜ ਦੀ ਭਲਾਈ ਲਈ ਬਣਾਏ ਗਏ ਵਿਧਾਨ ਨੂੰ ਤੋੜਨ ਦਾ ਨਾਮ ਹੈ। ਸਮਾਜਕ ਕਾਨੂੰਨ ਦੀ ਉਲੰਘਣਾ ਦਾ ਨਾਮ ਹੈ। ਇਸ ਵਾਸਤੇ ਮੁਜਰਮ ਪਾਪੀ ਨਹੀਂ ਸਮਾਜ ਦਾ ਨੁਕਸਾਨ ਕਰਨ ਵਾਲਾ ਸਮਾਜ-ਵਿਰੋਧੀ ਤੱਤ ਹੁੰਦਾ ਹੈ। ਕਾਨੂੰਨ ਅਤੇ ਕਚਹਿਰੀ ਦਾ ਉਦੇਸ਼ ਅਜੇਹੇ ਸਮਾਜ-ਵਿਰੋਧੀ ਤੱਤਾਂ ਨੂੰ ਸਜ਼ਾ ਦੇਣਾ ਨਹੀਂ, ਅਜਿਹੇ ਲੋਕਾਂ ਨੂੰ ਸਿੱਧੇ ਰਸਤੇ 'ਤੇ ਲਿਉਣਾ ਹੈ।

ਕੌਰਵ ਸਭਾ ਨਾਵਲ ਵਿਚੋਂ ਹੁਣ ਤੱਕ ਅਸੀਂ ਤਿੰਨ ਪ੍ਰਮੁੱਖ ਧਿਰਾਂ ਦੀ ਪਛਾਣ ਕੀਤੀ ਹੈ। ਇਹ ਹਨ ਮੋਹਨ ਧਿਰ, ਵੇਦ ਧਿਰ ਤੇ ਸਟੇਟ ਦੀ ਧਿਰ। ਬਹੁਤ ਸਾਰੇ ਵਿਦਵਾਨਾ ਨੇ ਪੰਕਜ ਮੋਹਨ ਦੀ ਧਿਰ ਨੂੰ ਪੈਸੇ ਵਾਲੀ ਧਿਰ ਵਜੋਂ ਪਛਾਣ ਕੀਤੀ ਹੈ। ਪਰ ਮਾਨਵੀ ਨੁਕਤਾ ਨਿਗਾਹ ਤੋਂ ਦੇਖਿਆ ਪੰਕਜ ਅਤੇ ਨੀਰਜ ਤਾ ਸਭ ਤੋਂ ਵੱਧ ਸਟੇਟ ਦੀ ਤਾਕਤ ਦਾ ਸ਼ਿਕਾਰ ਹੋਏ ਹਨ। ਵੈਸੇ ਵੀ ਮਿੱਤਰ ਸੈਨ ਮੀਤ - ਵਿਅਕਤੀ ਕਿਰਦਾਰਾਂ ਨਾਲੋਂ ਪ੍ਰਬੰਧਾਂ ਦੀ ਕਰੂਰਤਾ ਨੂੰ ਪਛਾਣਨ ਵਾਲਾ ਗਲਪਕਾਰ ਹੈ। ਇਸੇ ਲਈ ਉਸ ਦੇ ਨਾਵਲ ਨਾਇਕ ਖਲਨਾਇਕ ਦੀ ਰਵਾਇਤ ਨੂੰ ਖੰਡਿਤ ਕਰਦੇ ਹਨ। ਉਸ ਦੇ ਖਲਨਾਇਕ ਵਿਅਕਤੀ ਨਹੀਂ ਸਮੁੱਚਾ ਸਿਸਟਮ ਬਣਦਾ ਹੈ। ਨਾਵਲ ਵਿਚ ਮੁੱਢਲੇ ਸਮੇਂ ਵਿਚ ਤਾਂ ਪੰਕਜ ਦੇ ਪਿਤਾ ਨੇ ਆਪਣੇ ਭਰਾ ਵੇਦ ਨੂੰ ਪਿੰਡੋਂ ਲਿਆ ਕੇ ਆਪਣਾ ਬਰਾਬਰ ਦਾ ਭਾਈਵਾਲ ਬਣਾਇਆ। ਡਾ. ਪਰਮਿੰਦਰ ਸਿੰਘ ਇਸੇ ਲਈ ਉਸ ਨੂੰ ਆਦਰਸ਼ਕ ਭਰਾ ਦਾ ਦਰਜਾ ਦਿੱਤਾ ਹੈ। ਪਰ ਮੋਹਨ ਦੀ ਮੌਤ ਤੋਂ ਪਿੱਛੋਂ ਨੀਲਮ ਦੇ ਸ਼ੱਕ ਤੇ ਰਾਮਨਾਥ ਦੀ ਕਾਨੂੰਨੀ ਸਲਾਹ ਨੇ ਪੰਕਜ ਅਤੇ ਵੇਦ ਪਰਿਵਾਰ ਵਿਚ ਯੁੱਧ ਛੇੜ ਦਿੱਤਾ। ਫਿਰ ਜੋ ਹੋਇਆ ਉਹ ਆਪਾਂ ਦੇਖ ਹੀ ਚੁੱਕੇ ਹਾਂ। ਪਰ ਸੱਚ ਇਹ ਸੀ ਕਿ ਪੰਕਜ ਹੋਰਾਂ ਨੇ ਇਹ ਸਾਜਿਸ ਘੜੀ ਸੀ, ਪਰ ਇਰਾਦਾ ਏਡਾ ਭਾਣਾ ਵਰਤਾਉਣ ਦਾ ਨਹੀਂ ਸੀ। ਉਹ ਮੂੰਹ ਫੁੱਟ ਚਾਚੀ ਅਤੇ ਸੱਪ ਵਾਂਗ ਫਨ ਚੁੱਕ ਰਹੇ ਕਮਲ ਨੂੰ ਥੋੜ੍ਹਾ ਜਿਹਾ ਸਬਕ ਸਿਖਾਉਣਾ ਚਾਹੁੰਦੇ ਸਨ। ਨਾ ਉਨ੍ਹਾਂ ਨੂੰ ਚਾਚੇ ਨਾਲ ਗਿਲਾ ਸੀ, ਨਾ ਨੇਹਾ ਨਾਲ। ਨੇਹਾ ਦੀ ਇੱਜਤ ਉਨ੍ਹਾਂ ਦੀ ਇੱਜਤ ਸੀ। (ਕੌਰਵ ਸਭਾ, ਪੰਨਾ-71)

ਕਮਲ ਦਾ ਕਤਲ ਕਿਉਂ ਹੋਇਆ! ਨੇਹਾ ਦੀ ਇਜ਼ਤ ਕਿਉਂ ਲੁੱਟੀ ਗਈ। ਇਨ੍ਹਾਂ ਘਟਨਾਵਾਂ ਬਾਰੇ ਉਹ ਕੁੱਝ ਨਹੀਂ ਦੱਸ ਸਕਦੇ। ਇਨ੍ਹਾਂ ਘਟਨਾਵਾਂ ਤੇ ਉਨ੍ਹਾਂ ਨੂੰ ਸ਼ਰਮ ਵੀ ਆ ਰਹੀ ਸੀ ਅਤੇ ਪਛਤਾਵਾਂ ਵੀ ਹੋ ਰਿਹਾ ਸੀ। (ਪੰਨਾ-71)

ਕੌਰਵ ਸਭਾ ਦੇ ਨਾਵਲੀ ਵਿਵੇਕ ਵਿਚ ਆਪਾਂ ਇਹ ਦੇਖ ਚੁੱਕੇ ਹਾਂ ਕਿ ਇਸ ਕੇਸ ਵਿਚ ਸਟੇਟ ਇਕ ਧਿਰ ਬਣ ਕੇ ਦਾਖਲ ਹੋ ਚੁੱਕੀ ਹੈ। ਹੁਣ ਪੰਕਜ ਅਤੇ ਨੀਰਜ ਲਈ ਪੈਸਾ ਖਰਚ ਕਰਨਾ ਸ਼ੌਕ ਨਹੀਂ ਮਜਬੂਰੀ ਬਣ ਜਾਂਦੀ ਹੈ ਕਿਉਂਕਿ ਸਟੇਟ ਦਾ ਡੰਡਾ ਉਸੇ ਵਕਤ ਆਪਣੀ ਤਾਕਤ ਨੂੰ ਹਰਕਤ ਵਿਚ ਕਰ ਦਿੰਦਾ ਹੈ, ਜਦੋਂ ਉਹ ਪੈਸੇ ਦੇਣ ਤੋਂ ਥੋੜ੍ਹੀ ਜਿੰਨੀ ਹੀਲ ਹੁਜਤ ਕਰਦੇ ਹਨ। ਮੁੱਖ ਮੰਤਰੀ ਦੇ ਇਸ਼ਾਰੇ 'ਤੇ ਸਟੇਟ ਦੀ ਤਾਕਤ ਉਨ੍ਹਾਂ ਨੂੰ ਜੇਲ੍ਹ ਵਿਚ ਤੁੰਨ ਦਿੰਦੀ ਹੈ।

ਪਛਾਣਨ ਵਾਲੀ ਗੱਲ ਇਹ ਹੈ ਕਿ ਪੈਸੇ ਦਾ ਹੋਣਾ ਹੀ ਉਨ੍ਹਾਂ ਲਈ ਖੁਆਰੀ ਦਾ ਕਾਰਨ ਬਣਦਾ ਹੈ। ਇਹ ਸੱਚ ਹੈ ਕਿ ਵੇਦ ਧਿਰ ਨਾਲ ਧੱਕਾ ਹੋਇਆ ਪਰ ਪੰਕਜ ਅਤੇ ਨੀਰਜ ਵੀ ਤਾਂ ਸਟੇਟ ਬਿਊਰੋਕਰੇਸੀ ਦਾ ਸ਼ਿਕਾਰ ਹੋਏ ਹਨ। ਥਾਣੇ ਦੇ ਮੁਨਸ਼ੀ ਤੋਂ ਲੈ ਕੇ ਪੁਲਿਸ ਮੁਖੀ ਤੱਕ, ਅਦਾਲਤ ਦੇ ਅਰਦਲੀ ਤੋਂ ਲੈ ਕੇ ਹਾਈਕੋਰਟ ਦੇ ਜੱਜਾਂ ਤੱਕ, ਮੁਨਸ਼ੀ ਤੋਂ ਵੱਡੇ ਵਕੀਲਾਂ ਤੱਕ ਸਭ ਨੇ ਉਨ੍ਹਾਂ ਦੀ ਰੱਜ ਕੇ ਲੁੱਟ ਕੀਤੀ। ਨੇਹਾ ਇਨਸਾਫ ਦੀ ਲੜਾਈ ਹਾਰ ਗਈ। ਪਰ ਪੰਕਜ ਹੋਰੀ ਤਾਂ ਜਿੱਤ ਕੇ ਵੀ ਹਾਰ ਚੁੱਕੇ ਸਨ। ਜੇਤੂ ਤਾਂ ਸਟੇਟ ਬਿਊਰੋਕਰੇਸੀ ਹੋਈ ਜਿਸ ਨੇ ਦੋਹੀਂ ਹੱਥੀ ਲੁੱਟ ਕੀਤੀ। ਸੋ ਕੌਰਵ ਸਭਾ ਸੱਤਾ/ਤਾਕਤ ਦੀ ਖੇਡ ਦਾ ਗਲਪੀ ਰੂਪਾਂਤਰਣ ਹੈ। ਜਿਹੜਾ ਸਮਕਾਲੀ ਯਥਾਰਥ ਦਾ ਬਹੁ ਪਸਾਰੀ ਬਿੰਬ ਸਿਰਜਦਾ ਹੈ।

ਸਾਰ ਤੱਤ ਦੇ ਤੌਰ ਤੇ ਕਿਹਾ ਜਾ ਸਕਦਾ ਹੈ ਕਿ ਸਮਕਾਲੀ ਪੂੰਜੀ ਦੀ ਪ੍ਰਧਾਨਤਾ ਵਾਲੇ ਸਮਾਜਕ ਯਥਾਰਥ ਦੇ ਲੁਕਵੇਂ ਸੱਚ ਨੂੰ ਵਿਅੰਗ ਅਤੇ ਵਿਡੰਬਣਾ ਦੀ ਜੁਗਤ ਰਾਹੀਂ ਮਿੱਤਰ ਸੈਨ ਮੀਤ ਨੇ 'ਕੌਰਵ ਸਭਾ' ਵਿਚ ਬਿਆਨ ਕੀਤਾ ਹੈ। ਸਾਡੇ ਭ੍ਰਿਸ਼ਟ ਸਭਿਆਚਾਰ ਵਿਚ ਪੈਸੇ ਅਤੇ ਸੱਤਾ ਦੀ ਤਾਕਤ ਵਾਲੀਆਂ ਧਿਰਾਂ ਨੂੰ ਖੂਨੀ ਖੇਡ ਖੇਡਦੇ ਤਾਂ ਦਿਖਾਇਆ ਹੀ ਹੈ, ਰਾਜਨੇਤਾਵਾਂ ਦਾ ਅਰਾਜਕ ਖਾਸਾ' ਵਿਕਾਊ ਵਕੀਲਾਂ, ਜੱਜਾਂ, ਅਫਸਰਸ਼ਾਹੀ ਅਤੇ ਦਲਾਲਾਂ ਨੂੰ ਰਿਸ਼ਵਤ ਦੇ ਹਮਾਮ ਵਿਚ ਨੰਗਿਆ ਵੀ ਦਿਖਾਇਆ ਹੈ। ਸਰਮਾਏਦਾਰਾਂ ਦੇ ਅਮਾਨਵੀ ਵਿਵਹਾਰ ਅਤੇ ਬੰਦੇ ਦੀਆਂ ਹਿਰਸਾਂ ਅਤੇ ਕਮੀਨਗੀਆਂ ਨੂੰ ਇਹ ਨਾਵਲ ਪੰਜਾਬੀ ਜੀਵਨ ਨਾਲ ਜੋੜ ਕੇ ਪੇਸ਼ ਕਰਦਾ ਹੈ। ਭਈਆਂ ਮਜਦੂਰਾਂ ਦੀ ਮਜਬੂਰੀ, ਸਰਕਾਰੀ ਸੰਸਥਾਵਾਂ ਵਿਚ ਹੁੰਦੀ ਸਧਾਰਨ ਬੰਦੇ ਦੀ ਬੇਹੁਰਮਤੀ, ਪੈਸੇ ਦੀ ਹਨੇਰਗਰਦੀ ਵਿਚ ਟੁੱਟਦੇ ਮਾਨਵੀ ਮੁੱਲਾਂ ਅਤੇ ਮੰਡੀ ਸਮਾਜ ਵਿਚ ਔਰਤ ਦੀ ਵਿਡੰਬਣਾਕਾਰੀ ਸਥਿਤੀ ਦੇ ਯਥਾਰਥਕ ਵੇਰਵੇ ਇਹ ਨਾਵਲ ਪ੍ਰਸਤੁਤ ਕਰਦਾ ਹੈ। ਇਸ ਸਮੁੱਚੇ ਸਿਸਟਮ ਦੀ ਭ੍ਰਿਸ਼ਟਤਾ ਦੇ ਪ੍ਰਤੀਰੋਧ ਦੇ ਬਾਵਜੂਦ ਸਧਾਰਨ ਬੰਦਾ ਟੁੱਟਦਾ ਨਜ਼ਰ ਆਉਂਦਾ ਹੈ। ਇਹ ਨਾਵਲ ਸਮੁੱਚੇ ਸਿਸਟਮ ਦੀ ਭ੍ਰਿਸ਼ਟਤਾ ਦੇ ਖਿਲਾਫ ਪਾਠਕ ਦੇ ਮਨ ਵਿਚ ਇਕ ਖਲਬਲੀ ਪੈਦਾ ਕਰਦਾ ਹੈ। ਇਹੋ ਇਸ ਨਾਵਲ ਦੀ ਪ੍ਰਾਪਤੀ ਹੈ।